
# ਸ਼ਹਿਰ ਵਿੱਚ ਸਾਨ੍ਹ ਹੋਣ ਦਾ ਮਤਲਬ

ਦੇਸ ਰਾਜ ਕਾਲੀ



# ਸ਼ਹਿਰ ਵਿੱਚ ਸਾਨ੍ਹ ਹੋਣ ਦਾ ਮਤਲਬ

ਦੇਸ ਰਾਜ ਕਾਲੀ

## ਯਥਾਰਥ ਮੇਰੇ ਵੱਸ 'ਚ ਨਹੀਂ!

ਆਪਣੇ ਕੁੱਝ ਵਿਦਵਾਨ ਦੋਸਤਾਂ ਨਾਲ ਗੱਲ ਕਰਦਾ ਹਾਂ ਕਿ ਯਥਾਰਥ ਕੀ ਹੈ? ਉਹ ਸਮਝਾਉਂਦੇ ਨੇ, ਉਦਾਹਰਨਾ ਦੇ ਕੇ। ਮੈਂ ਕੋਸ਼ਿਸ਼ ਕਰਦਾ ਹਾਂ ਕਿ ਮੇਰੀ ਰਚਨਾ ਵੀ ਯਥਾਰਥਮਈ ਹੋਵੇ। ਪਰ ਨਹੀਂ ਹੁੰਦੀ। ਮੈਂ ਹੈਰਾਨ ਰਹਿ ਜਾਂਦਾ ਹਾਂ। ਕੋਸ਼ਿਸ਼ ਵੀ ਕੀਤੀ, ਫੇਰ ਵੀ ਨਹੀਂ। ਜੋ ਦਿਖਦਾ ਹੈ, ਉਹਦੇ ਉਹਲੇ ਵਿਚਲਾ ਜ਼ਿਆਦਾ ਦਿਖਦਾ ਹੈ। ਉਹਦੇ ਆਰ-ਪਾਰ ਹੋਰ ਬਹੁਤ ਕੁੱਝ ਉਹ ਦਿਖਣ ਲੱਗ ਜਾਂਦਾ ਹੈ, ਜੋ ਦਿਖਦੇ ਨਾਲੋਂ ਵੱਧ ਅਖਰ ਹੈ, ਵੱਧ ਤਿੱਖਾ ਹੈ, ਵੱਧ ਸ਼ੋਰੀਲਾ ਹੈ, ਵੱਧ ਤਵੱਜੋ ਦੀ ਮੰਗ ਕਰਦਾ ਹੈ। ਜੋ ਦਿਖਦਾ ਸੀ, ਹੁਣ ਇੱਕ ਅਵਸਥਾ ਉਹ ਆ ਗਈ ਕਿ ਦਿਖਣੋਂ ਹਟ ਗਿਆ। ਜੋ ਦਿਖਾਈ ਦੇਣ ਲੱਗਾ ਹੈ, ਉਹ ਉੱਥੇ ਹੈ ਨਹੀਂ। ਫਿਰ ਮੇਰੀ ਕਹਾਣੀ ਦਾ ਜਾਂ ਨਾਵਲ ਦਾ ਪਾਤਰ ਉਹ ਬਣ ਜਾਂਦਾ ਹੈ, ਜੋ ਉੱਥੇ ਹੈ ਨਹੀਂ ਸੀ। ਜੋ ਹੈ ਸੀ, ਉਹ ਦਿਖਦਾ ਹੀ ਨਹੀਂ ਮੈਨੂੰ। ਹੁਣੇ ਤਾਂ ਦਿਖਿਆ ਸੀ, ਹੁਣੇ ਗਾਇਬ। ਇਹ ਕੀ ਰਹੱਸ ਹੈ। ਮੈਨੂੰ ਮੇਰੇ ਮਗਜ਼ ਦੀ ਸਮਝ ਨਹੀਂ ਪੈਂਦੀ। ਮੈਂ ਦੋ ਤਿੰਨ ਵਾਰ ਅੱਖਾਂ ਝਪਕ ਕੇ ਵੀ ਦੇਖਦਾ ਹਾਂ, ਪਰ ਨਹੀਂ ਉੱਥੇ ਉਹ ਕੁੱਝ ਵੀ ਨਹੀਂ। ਇੱਕ ਹੋਰ ਗੱਲ ਕਿ ਜਿਹੜਾ ਕਿਸੇ ਹੋਰ ਦੀ ਥਾਂ ਆ ਕੇ ਮੱਲਦਾ ਹੈ, ਉਹ ਵੀ ਏਨਾ ਐਬਸਰਡ ਹੁੰਦਾ ਹੈ ਕਿ ਪਛਾਨਣਾ ਮੁਸ਼ਕਿਲ ਹੁੰਦਾ ਹੈ। ਓਸਨੂੰ ਵੀ ਮਾੜੀ ਟਰੇਸ ਕਾਪੀ ਵਾਂਗ ਘਰੋੜਨਾ ਪੈਂਦਾ ਹੈ। ਕੁੱਝ ਹਿੱਸੇ ਉਹਦੇ ਵੀ ਰਹਿ ਜਾਂਦੇ ਨੇ। ਕਈ ਵਾਰ ਉਹ ਐਸ ਦੁਨੀਆ ਦਾ ਬੰਦਾ ਵੀ ਨਹੀਂ ਹੁੰਦਾ। ਕਿਸੇ ਹੋਰ ਹੀ ਦੁਨੀਆ ਦਾ ਬੰਦਾ ਹੁੰਦਾ। ਕਈ ਵਾਰ ਸਥੂਲ ਚੀਜ਼ਾਂ ਗੱਲਾਂ ਕਰਦੀਆਂ ਨਜ਼ਰ ਆਉਣ ਲੱਗਦੀਆਂ ਨੇ। ਫਿਰ ਉਹ ਤਾਂ ਜਮਾਂ ਈ ਯਥਾਰਥ ਨਹੀਂ ਰਹਿੰਦਾ। ਸਥੂਲ ਚੀਜ਼ਾਂ ਗੱਲਾਂ ਕਰਦੀਆਂ ਨੇ। ਵਾਨ ਗਾਗ ਦੀ ਪੇਂਟਿੰਗ ਲਾਹਣਤਾਂ ਪਾਉਣ ਲੱਗ ਜਾਂਦੀ ਹੈ। ਉਹਦਾ 'ਬੂਟਾਂ ਦਾ ਜੋੜਾ' ਸਿਰ 'ਚ ਵੱਜਣ ਲੱਗ ਜਾਂਦਾ। ਹੁਸੈਨ ਦੀ ਪੇਂਟਿੰਗ ਦੀ ਲਾਈਨ ਏਨੀ ਊਰਜਾ ਨਾਲ ਭਰੀ ਨਜ਼ਰ ਆਉਣ ਲੱਗਦੀ ਹੈ ਕਿ ਹੁਣੇ ਇਹ ਆਪਣੀ ਊਰਜਾ ਨਾਲ ਫਟ ਜਾਵੇਗੀ ਤੇ ਪੂਰਾ ਸ਼ਹਿਰ ਇਹਦੀ ਅਵਾਜ਼ ਨਾਲ ਦਹਿਲ ਉੱਠੇਗਾ। ਕਈ ਵਾਰ ਬੰਦਿਆਂ ਅੰਦਰੋਂ ਪ੍ਰੇਤ ਜਾਗ ਜਾਂਦੇ ਨੇ। ਅਧਕੱਚੀਆਂ ਰੋਟੀਆਂ ਛਕਦੇ। ਦਰਖਤਾਂ 'ਤੇ ਪੁੱਠੇ ਲਟਕਦੇ। ਅੱਧਕੱਚੀਆਂ ਗੱਲਾਂ ਕਰਦੇ। ਮੇਰੇ ਦੁਆਲੇ ਛੇ ਕੋਣਾਂ ਉੱਤੇ ਪ੍ਰੇਤ ਅੜੇ ਖੜੇ ਹੁੰਦੇ ਨੇ। ਮੈਂ ਕਿਤੇ ਹਿੱਲ ਈ ਨਹੀਂ ਸਕਦਾ। ਉਹਨਾਂ ਦੀ ਪੂਜਾ ਕਰਦਾ ਹਾਂ। ਘਰਵਾਲੀ ਮੇਰੀ ਅੱਧਕੱਚੀਆਂ ਰੋਟੀਆਂ ਬਣਾਉਂਦੀ ਹੈ, ਸਬਜ਼ੀ ਵੀ ਅੱਧਕੱਚੀ, ਟੈਂਪਰੇਰੀ ਚੁੱਲੇ÷ ੇ ਉੱਤੇ। ਉਹ ਨਿਸ਼ਾ 'ਚ ਆਉਂਦੇ ਨੇ ਤਾਂ ਕਿਤੇ ਮੇਰਾ ਛੁਟਕਾਰਾ ਹੁੰਦਾ ਹੈ। ਮੇਰੀ ਦੇਹ ਏਨੀ ਭਾਰੀ ਹੋ ਜਾਂਦੀ ਹੈ ਕਿ ਚੁੱਕੀ ਨਹੀਂ ਜਾਂਦੀ। ਮੇਰੇ ਨਾਵਲ ਦੇ ਇੱਕ ਕਾਂਡ ਨੂੰ ਓਸ ਵੇਲੇ ਕੱਚੀਆਂ ਤ੍ਰੇਲੀਆਂ ਆਉਣ ਲੱਗਦੀਆਂ ਨੇ। ਯਥਾਰਥ ਹੱਥਾਂ 'ਚੋਂ ਕਿਰ ਜਾਂਦਾ ਹੈ।

ਇੱਕ ਵਾਰ ਫੇਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਯਥਾਰਥ ਲਿਖਣਾ ਚਾਹੀਦਾ ਹੈ। ਸਮਾਜ ਅੰਦਰ ਜੋ ਵਰਤ ਰਿਹਾ ਹੈ, ਓਸਦੀ ਘੋਖ ਕਰਨੀ ਚਾਹੀਦੀ ਹੈ। ਓਸ ਉੱਪਰ ਪਕੜ ਬਣਾਓ। ਸਮਾਜ ਦੇ ਪਾਤਰਾਂ ਨੂੰ ਬਹੁਤ ਗਹਿਰਾਈ ਤੋਂ ਦੇਖਦਾ ਹਾਂ। ਇਹ ਸਾਰੇ ਬਿਊਟੀ ਪਾਰਲਰ ਤੋਂ ਆਏ ਨੇ। ਚਿਹਰੇ ਲਿੱਪੇ ਹੋਏ ਨੇ, ਝੁਰੜੀਆਂ ਗਾਇਬ ਨੇ, ਅੱਖਾਂ 'ਚ ਬਨਾਉਟੀ ਲੈਂਜ਼ ਲਾਏ ਨੇ, ਨੇਲ ਆਰਟ ਨਾਲ ਨਹੁੰ ਸਜਾਏ ਨੇ, ਇੱਕ ਵੀ ਸਧਾਰਨ ਦਿੱਖ ਵਾਲਾ ਨਹੀਂ। ਕਿੱਧਰ ਦੀ ਅੰਦਰ ਵੜਾਂ? ਚਲੋ ਪਹਿਲਾਂ ਮੇਕਅਪ ਦੀਆਂ ਪਰਤਾਂ ਲਾਹ ਲਈਏ। ਕੁੱਲ ਸਤਾਰਾਂ ਪਰਤਾਂ ਨੇ। ਪਹਿਲੀ ਪਰਤ ਬਹੁਤ ਬੜਬੋਲੀ ਸੀ। ਦੂਸਰੀ ਰਤਾ ਕੁ ਹਲਕਾ ਬੋਲਦੀ ਸੀ। ਤੀਸਰੀ ਤੇ ਚੌਥੀ ਚੁੱਪ ਤਾਂ ਨਹੀਂ ਸਨ, ਪਰ ਉਹਨਾਂ ਦੇ ਬੁੱਲ÷ ਨਹੀਂ ਸਨ ਹਿੱਲਦੇ। ਪੰਜਵੀਂ ਤੋਂ ਲੈ ਕੇ ਸੋਲ÷ ਵੀਂ ਪਰਤ ਤੱਕ ਸਾਰੀਆਂ ਈ ਬੁੜਬੁੜ ਕਰੀ ਤੁਰੀਆਂ ਜਾ ਰਹੀਆਂ ਸਨ, ਐਬਸਰਡ। ਇਹ ਕੀ ਕਹਿ ਰਹੀਆਂ ਨੇ। ਮੈਂ ਸਮਝਣ ਦੀ ਕੋਸ਼ਿਸ਼ ਕਰਦਾ ਹਾਂ। ਰਤਾ ਕੁ ਸਮਝ ਪੈਂਦੀ ਹੈ। ਮੈਂ ਨੋਟਸ ਲਿਖਦਾ ਹਾਂ। ਨਾਲ ਹੀ ਲਿਖਦਾ ਹਾਂ ਕਿ ਨਾਵਲ ਦੇ ਕਿਸੇ ਵੀ ਕਾਂਡ ਤੋਂ ਬਾਅਦ ਚਾਰ ਤਾਰੇ ਜਿਹੇ ਵਾਹ ਕੇ ਉਹਦੇ ਹੇਠਾਂ ਇਹ ਨੋਟਸ ਚਿਪਕਾ ਦੇਣੇ ਚਾਹੀਦੇ ਨੇ। ਇਹਨਾਂ ਦਾ ਪ੍ਰਸੰਗ ਪਾਠਕ ਆਪੇ ਬਣਾਉਂਦਾ ਰਹੂ। ਹਾਂ ਮੇਰੇ ਅੰਦਰ ਜੋ ਪ੍ਰਸੰਗ ਤੁਰਦਾ ਹੈ, ਉਹ ਮੈਂ ਪਾਠਕ ਨੂੰ ਦੱਸਣਾ ਨਹੀਂ। ਫਿਰ ਆਖਰੀ ਪਰਤ ਰਹਿ ਗਈ ਤਾਂ ਬੰਦਾ ਬੋਲਣ ਲੱਗ ਪਿਆ,'' ਹੁਣ ਇਹ ਤਾਂ ਰਹਿਣ ਦੇ, ਨੰਗਾ ਈ ਕਰ ਦੇਣਾ?'' ਮੈਂ ਸੋਚਦਾ ਹਾਂ ਕਿ ਕੀ ਕਰਾਂ? ਏਨੇ ਨੂੰ ਕਾਗਜ਼ ਕਹਿੰਦਾ ਹੈ ਕਿ ਨਾਵਲ ਤਾਂ ਪੂਰਾ ਹੋ ਗਿਆ, ਰਹਿਣ ਦੇ ਇਹਨੂੰ। ਯਥਾਰਥ ਮੇਰੇ ਹੱਥੋਂ ਫਿਰ ਕਿਰ ਜਾਂਦਾ ਹੈ।

ਲੈ ਬਈ ਐਸ ਵਾਰ ਨਹੀਂ ਛੱਡਣਾ ਆਪਾਂ ਯਥਾਰਥ। ਲਿਆਓ ਬਾਂਸ ਦੇ ਮਜਬੂਤ ਜਿਹੇ ਡੱਕੇ। ਗੱਡੋ ਚਾਰੇ ਪਾਸੇ। ਧਾਗਾ ਵੀ ਲਿਆਓ ਸੂਤ ਦਾ। ਵਲ਼ੋ ਇਹਨੂੰ ਚਾਰੇ ਪਾਸਿਓਂ। ਕੀਲੋ। ਲੈ ਹੁਣ ਜਾ ਕੇ ਦਿਖਾਵੇ ਕਿਸੇ ਪਾਸੇ। ਐਵੇਂ ਹੱਥੋਂ ਖਿਸਕ ਜਾਂਦਾ ਸੀ। ਲਓ ਜੀ ਅਸੀਂ ਯਥਾਰਥ

ਕੀਲ ਲਿਆ ਹੈ। ਤਿੰਨ ਦਿਨ ਕੀਲੀ ਰੱਖੋ ਇਹਨੂੰ। ਉਦੋਂ ਤੱਕ ਕੰਮ ਬਣ ਜਾਣਾ, ਫੇਰ ਭਾਵੇਂ ਅਜ਼ਾਦ ਕਰਕੇ ਇਹਦੀ ਰਾਖ ਦਰਿਆ 'ਚ ਵਹਾਅ ਆਉਣਾ। ਲਓ ਹੁਣ ਐਸ ਯਥਾਰਥ ਦੇ ਕੁੱਝ ਨੁਕਤੇ ਵਿਚਾਰਦੇ ਹਾਂ। ਪਹਿਲਾ ਨੁਕਤਾ ਹੈ ਕਿ ਐਸਦੀ ਮੌਤ ਕਿਹਦੇ ਹੱਥ ਸੀ? ਇਹਦੇ ਹੱਥ ਤਾਂ ਨਹੀਂ ਸੀ। ਦੂਸਰਾ, ਇਹਦਾ ਜੰਮਣਾ ਕਿਹਦੇ ਹੱਥ ਸੀ? ਇਹਦੇ ਹੱਥ ਤਾਂ ਨਹੀਂ ਸੀ। ਫੇਰ ਇਹਦੇ ਹੱਥ ਕੀ ਸੀ? ਇੱਕ ਮਿੰਟ! ਰੁਕੋ! ਇਹਦੀ ਪਿੱਠ ਪਿੱਛੇ ਕੁੱਝ ਹੋ ਰਿਹਾ ਹੈ! ਇਹਦੇ ਹਮਸਫਰ ਨੇ ਕਿਸੇ ਨਾਲ ਗਾਟੀ ਪਾ ਰੱਖੀ ਸੀ। ਇਹਦੇ ਭੋਗ ਤੋਂ ਪਹਿਲਾਂ ਉਹਨੂੰ ਘਰ ਆ ਜਾਣ ਲਈ ਕਹਿ ਰਿਹਾ ਹੈ। ਹੈਂ, ਅਜੇ ਤਾਂ ਇਹਦੀ ਅਗਨ ਵੀ ਠੰਢੀ ਨਹੀਂ ਹੋਈ! ਨਾਲੇ ਉਮਰ ਦਾ ਤਕਾਜ਼ਾ ਦੇਖੋ! ਸਮਾਜ ਕੀ ਕਹੂ? ਮੈਂ ਓਧਰੋਂ ਧਿਆਨ ਹਟਾ ਕੇ ਯਥਾਰਥ ਫੜਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮਘਦੇ ਅੰਗਿਆਰ। ਸੇਕ ਇੱਕਦਮ ਘੱਟ ਗਿਐ। ਅੰਦਰੋਂ ਅਜੇ ਵੀ ਦਗਦਾ ਪਿਐ। ਭੁੱਬਲ ਐ ਕੋਸੀ ਜਿਹੀ। ਰਾਖ। ਠੰਢੀ ਠਾਰ। ਲਓ ਜੀ ਫੜ ਲਿਆ। ਫੜ ਲਿਆ ਖੇਹ ਤੇ ਸੁਆਹ! ਕੋਰੀ ਕਲਪਨਾ। ਯਾਰ, ਉਹ ਤਾਂ ਦੂਜੇ ਦਿਨ ਈ ਕੱਚੀ ਲੱਸੀ ਪਾ ਕੇ ਰਾਖ ਚੁੱਕ ਕੇ ਵਹਾਅ ਆਏ ਸਨ। ਅੱਜ-ਕੱਲ÷ ਕਿਹਦੇ ਕੋਲ ਵਿਹਲ ਐ। ਯਥਾਰਥ ਤਾਂ ਸੁਆਹ ਸੀ, ਉਹ ਵੀ ਵਹਾਅ ਆਏ।

ਹੈਂ! ਇਹਦਾ ਮਤਲਬ ਸਾਡੇ ਵੱਸ 'ਚ ਕੁੱਝ ਨਹੀਂ? ਜਾਂ ਸ਼ਾਇਦ ਫਿਰ ਇਹੀ ਯਥਾਰਥ ਹੈ!!

---

## ਸਹਿਮ ਮੌਜੂਦ ਹੈ!

ਆਪਣੀ ਸੌਖ ਵਾਸਤੇ ਐਸ ਨਾਵਲ ਦੇ 'ਰਣ-ਖੇਤਰ' ਨੂੰ ਕੁਝ ਖਾਸ ਭਾਗਾਂ ਵਿੱਚ ਵੰਡ ਲੈਣਾ ਬਹੁਤ ਜ਼ਰੂਰੀ ਹੈ। ਇਹ 'ਯੁੱਧ-ਨੀਤੀ' ਐਸ ਲਈ ਅਖਤਿਆਰ ਕਰਨੀ ਪੈ ਰਹੀ ਹੈ, ਤਾਂਕਿ ਐਸ ਘੜਮੱਸ ਵਿੱਚੋਂ ਕੁਝ ਗੱਲਾਂ ਸਾਫ ਕਰਕੇ ਦਿਖਾਈਆਂ ਜਾ ਸਕਣ। ਨਹੀਂ ਤਾਂ ਤੁਹਾਡੇ ਨਾਲ ਵੀ ਉਂਝ ਹੀ ਹੋਵੇਗਾ, ਜਿਵੇਂ ਸਾਡੇ ਇੱਕ ਪਾਤਰ ਨਾਲ ਅੱਜ ਹੋਇਆ ਹੈ। ਉਹ ਗੰਨੇ ਦਾ ਰਸ ਲੈਣ ਗਿਆ, ਐਸ ਸ਼ਹਿਰ ਦੀਆਂ ਗਲੀਆਂ ਵਿੱਚ ਭਟਕਦਾ ਰਿਹਾ। ਉਹਦੀ ਘਰਵਾਲੀ ਨੇ ਪੂਜਾ ਕਰਵਾਉਣੀ ਸੀ। ਪਤਾ ਨਹੀਂ ਕਿਥੋਂ ਉਹ ਅੱਕ ਤੇ ਭੰਗ ਤਾਂ ਲੈ ਆਈ, ਪਰ ਗੰਨੇ ਦਾ ਰਸ ਰਹਿ ਗਿਆ। ਪੂਜਾ ਸ਼ਿਵਜੀ ਦੀ ਸੀ, ਤਿੰਨੇ ਚੀਜ਼ਾਂ ਜ਼ਰੂਰੀ ਸਨ। ਉਹਦਾ ਮਨ ਤਾਂ ਨਹੀਂ ਸੀ, ਪਰ ਘਰਵਾਲੀ ਦਾ ਉਦਾਸ ਤੇ ਡਰਿਆ ਹੋਇਆ ਚੇਹਰਾ ਉਹਦੇ ਤੋਂ ਦੇਖਿਆ ਨਾ ਗਿਆ। ਦਰਅਸਲ ਉਹਦੀ ਘਰਵਾਲੀ ਨੇ ਆਪਣੇ ਭਤੀਜੇ ਦੇ ਜੰਮਣ ਤੋਂ ਪਹਿਲਾਂ ਇੱਕ ਸੌ ਅੱਠ ਸੋਮਵਾਰ ਦੇ ਵਰਤ ਸੁੱਖ ਲਏ। ਉਹ ਸਾਰੇ ਸਹਿਮੇ ਹੋਏ ਸਨ। ਓਸਤੋਂ ਪਹਿਲਾਂ ਉਹਦੀ ਭਰਜਾਈ ਦੇ ਜੋ ਬੱਚਾ ਪੈਦਾ ਹੋਇਆ, ਉਹ ਖੁਸਰਾ ਸੀ। ਪਤਾ ਨਹੀਂ ਕਿਸ ਜਨਮ ਦਾ, ਕਿਸ ਕਰਮ ਦਾ ਸਰਾਪ? ਪਰ ਬੱਚਾ ਡਿਵੈਲਪ ਵੀ ਪੂਰੀ ਤਰ੍ਹਾਂ ਨਹੀਂ ਸੀ ਹੋਇਆ। ਦੋ-ਚਾਰ ਦਿਨ ਜ਼ਿੰਦਾ ਰਿਹਾ, ਫਿਰ ਪੂਰਾ ਹੋ ਗਿਆ। ਉਹਨਾਂ ਦਾ ਸਾਰਾ ਪਰਿਵਾਰ ਦਹਿਲ ਗਿਆ। ਭਰਜਾਈ ਇਹਦੀ ਦਾ ਚਿਹਰਾ ਪੀਲਾ ਭੂਕ ਹੋ ਗਿਆ। ਇਹਦਾ ਕਾਰਣ ਓਸਦੀ ਆਪਣੀ ਸੱਸ ਵੀ ਸੀ। ਉਹਨੇ ਪਤਾ ਨਹੀਂ ਕੀ ਦੇ ਕੀ ਇਲਜ਼ਾਮ ਉਹਦੇ ਉੱਤੇ ਸ਼ੁਰੂ ਕਰ ਦੇਣੇ ਸਨ। ਉਹ ਤਾਂ ਹਸਪਤਾਲ ਵਿੱਚ ਹੀ ਸ਼ੁਰੂ ਹੋ ਗਈ ਸੀ। ਇਹਨਾਂ ਪਰਿਵਾਰਾਂ ਦੀਆਂ ਬਹੁਤੀਆਂ ਸੱਸਾਂ ਦਾ ਇਹੀ ਹਾਲ ਹੈ, ਪਰ ਇਹ ਤਾਂ ਕੁਝ ਜ਼ਿਆਦਾ ਹੀ ਡਾਹਢੀ ਹੈ। ਜੋ ਮੂੰਹ ਵਿੱਚ ਆਵੇਗੀ, ਬੋਲਦੀ ਰਹੇਗੀ। ਐਸ ਵਿਚਾਰੀ ਨੂੰਹ ਦਾ ਜੋ ਜੀਵਨ ਹੈ, ਉਹ ਤਾਂ ਪਹਿਲਾਂ ਹੀ ਦੁੱਖਾਂ ਦੀ ਪੰਡ ਹੈ। ਬਚਪਨ ਵਿੱਚ ਪਿਓ ਮਰ ਗਿਆ, ਮਾਮੇ ਨੇ ਪਾਲੀ। ਮਾਂ ਨੂੰ ਕੈਂਸਰ ਹੈ, ਪਲ ਭਰ ਦੀ ਪ੍ਰਾਹੁਣੀ, ਪਰ ਕਈ ਵਰ੍ਹਿਆਂ ਤੋਂ ਮੰਜੇ ਨਾਲ ਲੱਗੀ ਹੋਈ। ਇਹਨਾਂ ਦੇ ਦੂਰ ਨੇੜਿਓ ਰਿਸ਼ਤੇਦਾਰ ਹੀ ਹਨ। ਇਹਨੇ ਆਪ ਕਹਿ ਕੇ ਰਿਸ਼ਤਾ ਲਿਆ। ਓਸ ਵੇਲੇ ਧਰਮਾਤਮਾ ਬਣ ਗਈ। ਫਿਰ ਜਦੋਂ ਹੋਸ਼ ਆਈ ਤੇ ਦੇਖਿਆ ਕਿ ਮੁੰਡੇ ਦਾ ਵਿਆਹ ਤਾਂ ਵਧੀਆ ਦਾਜ ਲੈ ਕੇ ਵੀ ਕੀਤਾ ਜਾ ਸਕਦਾ ਸੀ, ਬਸ ਓਸੇ ਦਿਨ ਤੋਂ ਸ਼ੁਰੂ। ਹਰ ਗੱਲ ਨਾਲ 'ਤੂੰ ਕੀ ਲੈ ਕੇ ਆਈਂ ਏਂ?' ਦੀ ਰਟ। ਚੌਵੀ ਘੰਟੇ ਦਾ ਕਲੇਸ਼। ਇਹ ਵੀ ਨਾ ਸੋਚੇ ਕਿ ਮੁੰਡੇ 'ਤੇ ਕੀ ਅਸਰ ਪਵੇਗਾ? ਮੇਰੇ ਘਰ ਦਾ ਕੀ ਬਣੇਗਾ? ਕਦੇ ਉਹਦੇ

ਉੱਤੇ ਆਪਣੇ ਸਹੁਰੇ ਨਾਲ ਰਹਿਣ ਦਾ ਇਲਜ਼ਾਮ ਲਾ ਦੇਵੇ, ਕਦੇ ਆਪਣੇ ਨਣਦੋਈਏ ਨਾਲ। ਉਹ ਵਿਚਾਰੀ 'ਸੀ' ਤੱਕ ਨਾ ਕਰੇ। ਬਸ ਦਿਨ ਪਰ ਦਿਨ ਮੋਟੀ ਹੁੰਦੀ ਜਾਵੇ। ਫਿਰ ਇਹ ਭਾਣਾ ਵਾਪਰ ਗਿਆ। ਪੂਰਾ ਪਰਿਵਾਰ ਦਹਿਲ ਗਿਆ। ਸਾਡੇ ਪਾਤਰ ਦੀ ਘਰਵਾਲੀ ਨੇ ਭਰਜਾਈ ਦੇ ਹੰਝੂਆਂ ਨੂੰ ਪੀ ਲੈਣਾ ਚਾਹਿਆ। ਤਦੇ ਉਹਨੇ ਸੋਮਵਾਰ ਦੇ ਵਰਤ ਸੁੱਖ ਲਏ।

ਫਿਰ ਕੀ ਸੀ ਓਸੇ ਦਿਨ ਤੋਂ ਵਰਤ ਸ਼ੁਰੂ ਹੋ ਗਏ। ਫਿਰ ਇਹਦੇ ਭਤੀਜਾ ਹੋ ਗਿਆ। ਘਰ ਵਿੱਚ ਥੋੜ੍ਹਾ ਜਿਹਾ ਕਲੇਸ਼ ਨੂੰ ਠਿੱਲ÷ ਪਈ। ਫਿਰ ਇਹ ਆਪਣੀ ਕਬੀਲਦਾਰੀ ਵਿੱਚ, ਬਿਮਾਰੀ ਵਿੱਚ ਐਸੀ ਫਸੀ ਕਿ ਵਰਤ ਸ਼ੁਰੂ ਕਰੇ, ਤਾਂ ਵਿਚਾਲੇ ਹੀ ਵਿਘਨ ਪੈ ਜਾਵੇ। ਹੁਣ ਫਿਰ ਆ ਕੇ ਭਰਾ ਦਾ ਕਾਰੋਬਾਰ ਮੰਦਾ ਪੈ ਗਿਆ, ਤਾਂ ਇਹਦੇ ਦਿਲ ਨੂੰ ਹੌਲ ਪਿਆ। ਮਾਂ ਇਹਦੀ ਦੀ ਕਲਪਣਾ ਪਾਗਲਪਨ ਦੀ ਹੱਦ ਟੱਪ ਗਈ ਹੈ। ਉਹ ਇਹਦੇ ਨਾਲ ਵੀ ਦੋ ਤਿੰਨ ਵਾਰ ਲੜਕੇ ਜਾ ਚੁੱਕੀ ਹੈ। ਉਹਦੇ ਸੁਪਨੇ ਪੂਰੇ ਨਹੀਂ ਹੋਏ। ਉਹ ਚਾਹੁੰਦੀ ਸੀ ਕਿ ਉਹਦੇ ਨੂੰਹਾਂ-ਪੁੱਤ, ਧੀਆਂ-ਜਵਾਈ ਗੱਡੀਆਂ ਵਿੱਚ ਘੁੰਮਣ। ਮੌਜਾਂ ਹੀ ਮੌਜਾਂ ਹੋਣ। ਪਰ ਉਹਦੇ ਘਰਵਾਲੇ ਦੇ ਰਿਟਾਇਰ ਹੋਣ ਦੀ ਦੇਰ ਸੀ, ਉਹਦੇ ਹੀ ਭਰਾ ਦੇ ਸਾਲੇ ਨੇ ਉਹਦਾ ਸਾਰਾ ਪੈਸਾ ਲਿਆ ਤੇ ਪੋਲਟਰੀ ਦੇ ਧੰਦੇ ਵਿੱਚ ਲਾ ਕੇ ਰੋੜ੍ਹ ਦਿੱਤਾ। ਆਪ ਉਹ ਪਤਾ ਨਹੀਂ ਕਿੱਥੇ ਦੌੜ ਗਿਆ। ਹੁਣ ਕਿਉਂਕਿ ਉਹਦੇ ਭਰਾ ਦਾ ਸਾਲਾ ਸੀ, ਐਸ ਲਈ ਗੱਲ ਉੱਤੇ ਮਿੱਟੀ ਪਾ ਦਿੱਤੀ। ਬਸ ਮੁਸੀਬਤ ਉੱਤੇ ਮੁਸੀਬਤ। ਪਤਾ ਨਹੀਂ ਕਿਹੜੀ ਅੜਚਨ ਅੱਗੇ ਆਉਂਦੀ ਹੈ। ਸਾਡੇ ਪਾਤਰ ਦੀ ਘਰਵਾਲੀ ਨੇ ਮੰਦਰ ਦੇ ਪੰਡਤ ਨਾਲ ਸਲਾਹ ਕੀਤੀ ਤਾਂ ਉਹਨੇ ਕਿਹਾ ਕਿ ਇੱਕ ਪੂਜਾ ਕਰਵਾ ਕੇ ਵਰਤ ਬਖਸ਼ਾਏ ਜਾ ਸਕਦੇ ਹਨ। ਅੱਜ ਓਸੇ ਪੂਜਾ ਦੀ ਤਿਆਰੀ ਲਈ ਇਹਨਾਂ ਨੂੰ ਗੰਨੇ ਦੇ ਰਸ ਦੀ ਜ਼ਰੂਰਤ ਹੈ।

ਇਹ ਪਾਤਰ ਇੱਕ ਬਹੁਤ ਹੀ ਵਿਸ਼ਾਲ ਮੰਦਰ ਦੇ ਕੋਨੇ ਵੱਲ ਨਿਕਲ ਗਿਆ, ਜਿੱਥੇ ਰੇਹੜੀ ਵਾਲੇ ਦੀ ਉਮੀਦ ਸੀ। ਅਚਾਨਕ ਇਹਨੂੰ ਧੱਕਾ ਲੱਗਾ ਕਿ ਕਿਤੇ ਦਫਤਰੋਂ ਲੇਟ ਹੀ ਨਾ ਹੋ ਜਾਵੇ, ਕਿਉਂਕਿ ਓਸ ਰਾਹ ਵਿੱਚ ਇੱਕ ਰੇਲਵੇ ਫਾਟਕ ਪੈਂਦਾ ਹੈ, ਜੋ ਹਮੇਸ਼ਾ ਹੀ ਬੰਦ ਰਹਿੰਦਾ ਹੈ। ਇਹਨੇ ਡਰ ਤੋਂ ਪਿੱਠ ਕਰਨ ਲਈ ਏਧਰ-ਓਧਰ ਨਜ਼ਰ ਦੁੜਾਉਣੀ ਸ਼ੁਰੂ ਕਰ ਦਿੱਤੀ। 'ਮੁਹੱਲਾ ਬਗੀਚੀ ਥਾਪਰਾਂ' ਲੰਘ ਗਿਆ। 'ਮੁਹੱਲਾ ਬਗੀਚੀ ਚੱਢਿਆਂ' ਦੀ ਆ ਗਈ। ਇਹ ਭਲਾ 'ਬਗੀਚੀ' ਕਿੱਥੋਂ ਆ ਗਈ? ਇਹ ਤਾਂ ਸਾਰਾ ਇਲਾਕਾ ਪਠਾਣਾਂ ਨਾਲ ਘਿਰਿਆ ਹੋਇਆ ਸੀ! ਉਹ ਵੀ ਤਕੜੇ-ਤਕੜੇ ਪਠਾਣਾਂ ਨਾਲ। ਫਿਰ ਇਹ ਥਾਪਰਾਂ ਤੇ ਚੱਢਿਆਂ ਦੀ ਬਗੀਚੀ ਦੀ ਸਮਝ ਨਹੀਂ ਪੈਂਦੀ। ਪਰ ਹੁਣ ਜੇ ਅਸੀਂ ਇਹਨਾਂ ਬਗੀਚੀਆਂ ਦੇ ਅਤੀਤ ਵਿੱਚ ਉਤਰ ਜਾਈਏ, ਤਾਂ ਮੈਨੂੰ ਨਹੀਂ ਲਗਦਾ ਕਿ ਕੋਈ ਸਾਰਥਕ ਗੱਲ ਹੋ ਸਕੇਗੀ। ਸਗੋਂ ਅਸੀਂ ਭਟਕ ਸਕਦੇ ਹਾਂ। ਅਸੀਂ ਕੀ ਲੈਣਾ ਬਗੀਚੀਆਂ 'ਚੋਂ? ਹਾਂ, ਇਹ ਨਾਮ ਵੈਸੇ ਵਧੀਆ ਨੇ। ਇਹਨਾਂ ਸਿਰਲੇਖਾਂ ਹੇਠ ਨਾਵਲ ਦੇ ਕੁਝ ਚੈਪਟਰ ਬਣ ਜਾਣ, ਤਾਂ ਕੁਝ ਮਹਿਕ ਜ਼ਰੂਰ ਬਿਖਰ ਸਕਦੀ ਹੈ। ਮੈਨੂੰ ਮਹਿਕ ਬਹੁਤ ਪਸੰਦ ਹੈ, ਖਾਸ ਕਰਕੇ ਜੈਸਮੀਨ ਦੀ ਮਹਿਕ। ਮੇਰੀ ਰਾਸ਼ੀ ਵਿੱਚ ਵੀ ਜੈਸਮੀਨ ਦਾ ਤੇਲ ਲਾਉਣ ਦੀ ਜ਼ਰੂਰਤ ਲਿਖੀ ਹੁੰਦੀ ਹੈ।

ਪਰ ਪਾਤਰ ਤਾਂ ਡਰਿਆ ਹੋਇਆ ਸੀ। ਓਸਨੂੰ ਗੰਨੇ ਦੇ ਰਸ ਦੀ ਕੋਈ ਵੀ ਰੇਹੜੀ ਨਹੀਂ ਸੀ ਦਿਸ ਰਹੀ। ਨਾ ਕੁਝ ਹੋਰ ਸੁੱਝ ਰਿਹਾ ਸੀ। ਇੱਕ ਥੈਲਾ ਜਿਹਾ ਲਟਕਾਈ ਜਾ ਰਹੀ ਬੁੱਢੀ ਨੂੰ ਗਲੀ ਦੇ ਕੁੱਤੇ ਨੇ ਸੁੰਘਿਆ। ਉਹਦਾ ਅੱਜ ਕਿਸੇ ਨੂੰ ਵੱਢਣ ਜਾਂ ਡਰਾਉਣ ਦਾ ਇਰਾਦਾ ਨਹੀਂ ਸੀ ਲੱਗ ਰਿਹਾ। ਪਰ ਬੁੱਢੀ ਨੇ ਆਪਣੇ ਅੰਦਰਲੇ ਡਰ ਕਾਰਣ ਥੈਲੇ ਦਾ ਆਸਰਾ ਲਿਆ ਤੇ ਕੁੱਤੇ ਤੋਂ ਪਰ੍ਹੇ ਹੋ ਗਈ। ਇਹਨੇ ਮਨ ਲਾਉਣ ਲਈ 'ਬਟਾਲੇ ਵਾਲੇ ਬੰਤੇ' ਦੀ ਬਗੀਚੀ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਪਿੱਛੋਂ ਇਹ ਬਟਾਲੇ ਦੇ ਹਨ, ਪਰ ਰੋਟੀ ਪਤਾ ਨਹੀਂ ਕਿੱਥੇ-ਕਿੱਥੇ ਭਟਕਾਈ ਫਿਰਦੀ ਹੈ ਬੰਦੇ ਨੂੰ। ਇਹਦੇ ਪਿਤਾ ਜੀ ਉੱਥੇ ਰੇਡਿਓ ਮਕੈਨਿਕ ਸਨ। ਨਿੱਕੀ ਜਿਹੀ ਦੁਕਾਨ ਸੀ। ਬੰਤਾ ਉੱਥੇ ਆਉਂਦਾ ਹੁੰਦਾ ਸੀ। ਡੁੱਡਾ ਸੀ। ਫਾਉੜੀਆਂ ਆਸਰੇ ਚੱਲਦਾ ਸੀ, ਪਰ ਗਲ ਵਿੱਚ ਹਰ ਵਤਕ ਟਰਾਂਰਜਿਸਟਰ ਲਟਕਾਈ ਰੱਖਦਾ ਸੀ। ਇਹਦੇ ਪਿਤਾ ਕੋਲ ਆਉਣਾ ਤੇ ਕਹਿਣਾ, 'ਹਾਂ ਲੈ ਬਈ,

ਗੱਲ ਇਹ ਆ ਕੇ ਇਹਦੇ ਸਾਰੇ ਢੋਲਕੀਆਂ ਛੈਣੇ ਕੱਢ ਲੈ, ਪਰ ਸਾਡਾ ਲਾਹੌਰ ਜ਼ਰੂਰ ਬੱਜਣਾ ਚਾਹੀਦਾ।' ਐਸੇ ਬੰਤੇ ਨੇ ਆਪਣੇ ਘਰ ਨੇੜੇ ਇੱਕ ਬਗੀਚੀ ਬਣਾਈ ਹੋਈ ਸੀ। ਉਹਦੇ ਵਿੱਚ ਫੁੱਲ ਬੂਟੇ ਲਾਉਂਦਾ ਰਹਿੰਦਾ। ਜਦੋਂ ਰੇਡਿਓ ਠੀਕ ਕਰਵਾਉਣ ਆਉਣਾ, ਤਾਂ ਓਨੀ ਦੇਰ ਇਹਦੇ ਬਾਬੇ ਨਾਲ ਗੱਪੀਂ ਜੁੱਟ ਜਾਣਾ। ਕਹਿਣਾ, ' ਹਾਂ ਲੈ ਬਈ, ਆਪਣੀ ਬਗੀਚੀ ਵਿੱਚ ਆ ਕੇ ਇੰਦਰਾ ਗਾਂਧੀ ਨੇ ਬੈਠਣੈ।' ਬਾਬੇ ਨੇ 'ਹੋ-ਹੋ' ਕਰਕੇ ਹੱਸਣਾ ਤਾਂ ਉਹਦੇ ਚੇਹਰੇ ਤੇ ਲਾਲੀ ਫਿਰ ਜਾਣੀ।

ਉਹਨੂੰ ਆਖਿਰ ਇੱਕ ਰਸ ਵਾਲੀ ਰੇਹੜੀ ਦਿਸ ਗਈ। ਇਹ ਸ਼ਨੀ ਮੰਦਰ ਦੇ ਕੋਲ ਖੜ੍ਹੀ ਸੀ। ਇੱਥੋਂ ਕੁ ਇਹ ਵਾਪਸ ਮੁੜਨਾ ਚਾਹੁੰਦਾ ਸੀ। ਥੋੜ੍ਹੀ ਅੱਗੇ ਝਟਕਈਆਂ ਦਾ ਮੁਹੱਲਾ ਹੈ। ਬਹੁਤ ਸਾਰੇ ਖੋਖਿਆਂ ਉੱਤੇ ਸੂਰ ਲਟਕਦੇ ਮਿਲ ਜਾਣਗੇ। ਬਹੁਤ ਬੁਰੀ ਤਰ੍ਹਾਂ ਦੀ ਹਵਾੜ ਉੱਥੇ ਫੈਲੀ ਰਹਿੰਦੀ ਹੈ। ਇਹ ਓਧਰ ਨਹੀਂ ਸੀ ਜਾਣਾ ਚਾਹੁੰਦਾ। ਫਟਾਫਟ ਰੇਹੜੀ ਵਾਲੇ ਤੋਂ ਰਸ ਲਈ। ਕੋਈ ਸੱਤ ਗਿਲਾਸ। ਰੇਹੜੀ ਵਾਲੇ ਨੇ ਪੈਂਤੀ ਰੁਪਏ ਮੰਗੇ। ਇਹ ਖੁਸ਼ ਹੋ ਗਿਆ। ਇਹਨੂੰ ਲੱਗਦਾ ਸੀ ਕਿ ਦਸ ਰੁਪਏ ਗਲਾਸ ਲਗਾਏਗਾ। ਸਾਰੇ ਰਾਹ ਦੀ ਚਿੰਤਾ ਉੱਡ ਗਈ ਸੀ। ਹੁਣ ਤਾਂ ਬਸ ਫਾਟਕ ਨਾ ਲੱਗਾ ਹੋਵੇ।

**************

ਜਿਹੜੀ ਆਪਾਂ ਸ਼ਹਿਰ ਨੂੰ ਤਰਤੀਬ ਦੇਣ ਵਾਲੀ ਗੱਲ ਕੀਤੀ ਹੈ, ਉਹ ਬਹੁਤ ਮਹੱਤਵਪੂਰਨ ਹੈ। ਉਂਝ ਐਸ ਸ਼ਹਿਰ ਨੂੰ ਸਮਝਣਾ ਮੁਸ਼ਕਿਲ ਵੀ ਬਹੁਤ ਹੈ। ਮਸਲਨ ਇੱਕ ਇਲਾਕਾ ਅਸੀਂ ਘੜ ਲਵਾਂਗੇ 'ਬਗੀਚੀ ਬਾਹਮਣਾ'। ਇਹਦੇ ਵਿੱਚ ਉਹ ਸਾਰੇ ਮੰਦਬੁੱਧੀ ਬੱਚੇ ਹੀ ਰੱਖਾਂਗੇ। ਸਿਰਫ ਮੰਦਬੁੱਧੀ ਬੱਚੇ। ਪੂਰੇ ਦਾ ਪੂਰਾ ਮੁਹੱਲਾ ਹੀ ਮੰਦਬੁੱਧੀ ਬੱਚਿਆਂ ਨਾਲ ਭਰਿਆ ਪਿਆ ਹੈ। ਤਰ੍ਹਾਂ-ਤਰ੍ਹਾਂ ਦੀਆਂ ਸ਼ਕਲਾਂ। ਕਿਸੇ ਦੇ ਡੇਲੇ ਬਾਹਰ ਡੁੱਲ÷ ਜਾਣ ਨੂੰ ਕਰਦੇ ਨੇ, ਕਿਸੇ ਦੀਆਂ ਅੱਖਾਂ ਚੁੰਨ੍ਹੀਆਂ ਨੇ। ਇੱਕ ਜ਼ਿੱਦੀ ਬਹੁਤ ਹੈ। ਮਾਂ ਨੂੰ ਸੂਲੀ ਟੰਗ ਰੱਖਿਆ ਹੈ। ਵਿਧਵਾ ਮਾਂ ਨੂੰ। ਇਹਨਾਂ ਸਾਰੇ ਦਰਜਨਾਂ ਬੱਚਿਆਂ ਦੇ ਬਾਪ ਮਾਈਗ੍ਰੇਨ ਤੋਂ ਪੀੜਿਤ ਰਹੇ ਹਨ। ਸੱਭ ਦੇ ਬਾਪ। ਕੋਈ ਇੱਕ ਵੀ ਨਹੀਂ ਸੀ ਜੋ ਐਸ ਅਸਹਿ ਦਰਦ ਤੋਂ ਬਚਿਆ ਹੋਵੇ। ਪੂਰੀ ਦੀ ਪੂਰੀ ਪੀੜ੍ਹੀ ਨੇ ਇਹ ਦਰਦ ਸਹਿਣ ਕੀਤਾ। ਮਗਜ਼ ਪਾੜ ਦੇਣ ਵਾਲਾ ਦਰਦ। ਐਸੇ ਕਰਕੇ ਉਹਨਾਂ ਦੀ ਔਲਾਦ ਮਗਜ਼ ਹੀ ਗਵਾ ਬੈਠੀ। ਉਹਨਾਂ ਦੇ ਪੁਰਖਿਆਂ ਦੀ ਪੀੜ੍ਹੀ ਹੁਣ ਇਹਨਾਂ ਬੱਚਿਆਂ ਨੂੰ ਪਾਲ ਰਹੀ ਹੈ। ਸਾਰੇ ਬੁੱਢੇ ਸ਼ੂਗਰ ਤੇ ਬਲੱਡ ਪ੍ਰੈਸ਼ਰ ਦੇ ਮਰੀਜ਼ ਨੇ। ਕੈਸਾ ਸਰਾਪ ਚਿੰਬੜਿਆ ਹੈ। ਵਿਚਾਲੇ ਵਾਲੀ  ਸਾਰੀ ਪੀੜ੍ਹੀ ਮਰ ਚੁੱਕੀ ਹੈ। ਵਿਧਵਾ ਨੂੰਹਾਂ ਤੇ ਮੰਦਬੁੱਧੀ ਪੋਤੇ-ਪੋਤੀਆਂ। ਐਸ ਮੁਹੱਲੇ ਵਿੱਚ ਘੱਟ ਹੀ ਆਵਾਂਗੇ। ਬਹੁਤ ਡਰਾਉਣਾ ਮੁਹੱਲਾ ਹੈ। ਮੈਂ ਤਾਂ ਕਿਸੇ ਸਹਿਮੇ ਹੋਏ ਬਜ਼ੁਰਗ ਜਾਂ ਡੌਰ-ਭੌਰ ਬੱਚੇ ਜਾਂ ਜਨਾਨੀ ਦਾ ਚਿਹਰਾ ਵੇਖ ਲਵਾਂ, ਤਾਂ ਰੂਹ ਕੰਬ ਜਾਂਦੀ ਹੈ। ਇੱਥੇ ਆ ਕੇ ਵੇਖਣਾ ਤਾਂ ਕਲੇਜਾ ਮੂੰਹ ਨੂੰ ਆਉਣ ਵਾਲੀ ਗੱਲ ਹੈ।

*******************

ਇੱਕ ਮੁਹੱਲੇ ਦਾ ਨਾਮ ਰੱਖਾਂਗੇ- ਮੇਰੇ ਪਿੰਡ ਵਿੱਚ ਪੈਰਾਲਾਈਸਿਸ। ਐਸ ਮੁਹੱਲੇ ਨੂੰ ਇੱਕ ਪਿੰਡ ਦਾ ਰੂਪ ਦੇ ਦੇਵਾਂਗੇ। ਓਸ ਪਿੰਡ ਦਾ ਜਿਸਦੇ ਹਰ ਘਰ ਵਿੱਚ ਇੱਕ-ਅੱਧ ਅਧਰੰਗ ਦਾ ਮਰੀਜ਼ ਪਿਆ ਹੈ। ਮੂੰਹ ਇੱਕ ਪਾਸੇ ਨੂੰ ਲੁੜਕਿਆ ਹੋਇਆ। ਬੋਲਾਂ 'ਚ ਥਥਲਾਹਟ। ਵਿੰਗਾ-ਵਿੰਗਾ ਤੁਰ ਰਿਹਾ ਇੱਕ ਬੁੜ੍ਹਾ। ਉਹਦਾ ਖੱਬਾ ਪਾਸਾ ਹੀ ਕੰਮ ਨਹੀਂ ਕਰ ਰਿਹਾ। ਹੱਥ ਨੂੰ ਵਾਰ-ਵਾਰ ਏਧਰ-ਓਧਰ ਘੁਮਾ ਕੇ ਵੇਖਦਾ ਹੈ। ਹੁਣ ਤਾਂ ਸਿਰਫ ਇਹਦੀ ਸੱਤਿਆ ਟੋਹਣ ਲਈ ਅਜਿਹਾ ਕਰ ਰਿਹਾ ਹੈ, ਪਹਿਲਾਂ ਇੰਝ ਕਰਦਿਆਂ ਝੂਰਦਾ ਸੀ। ਹੁਣ ਹੋਣੀ ਨਾਲ ਸਮਝੌਤਾ ਕਰ ਲਿਆ ਹੈ। ਜਦੋਂ ਕਿਸੇ ਹੋਰ ਨੂੰ ਦੌਰਾ ਪੈਂਦਾ ਹੈ, ਤਾਂ

ਹੁਣ ਕਿਸੇ ਨੂੰ ਹੈਰਾਨੀ ਨਹੀਂ ਹੁੰਦੀ। ਇਹ ਤਾਂ ਪੈਣਾ ਹੀ ਸੀ ਇੱਕ ਨਾ ਇੱਕ ਦਿਨ। ਸਗੋਂ ਇਹਨੂੰ ਲੇਟ ਕਿਉਂ ਪਿਆ, ਵੇਖਣ ਵਾਲੀ ਇਹ ਗੱਲ ਹੈ। ਆਪਣੇ ਜਵਾਨ ਜਹਾਨ ਪੁੱਤ ਨੂੰ ਸਹਾਰਾ ਦੇ ਕੇ ਤੋਰ ਰਿਹਾ ਸ਼ਰਧਾ ਰਾਮ। ਰੋਡ-ਭੋਡ ਸਿਰ। ਚੁੰਨ੍ਹੀਆਂ ਅੱਖਾਂ। ਰੁਆਂਸਾਂ ਚਿਹਰਾ। ਇੱਕ ਡਰੀ ਹੋਈ ਆਤਮਾ।

ਮੋਹਣ ਲਾਲ ਨੂੰ ਪੈਰਾਲਾਈਸਿਸ- ਇਹ ਇੱਕ ਤਕੜਾ ਨੌਜਵਾਨ ਸੀ। ਉਹਨੀ ਦਿਨੀਂ ਜਦੋਂ ਲੋਕਾਂ ਨੇ ਆਲੂ ਦੀ ਫਸਲ ਬੀਜ ਕੇ ਲੱਖਾਂ ਕਮਾਏ ਤੇ ਦਿਨਾਂ 'ਚ ਕਮਾਲਾਂ ਹੋ ਗਈਆਂ, ਇਹਦਾ ਖੇਤੀ ਸੰਦਾਂ ਦਾ ਕਾਰਖਾਨਾ ਬਾਹਵਾ ਚੱਲ ਨਿਕਲਿਆ। ਫਿਰ ਵਿਆਹ ਹੋ ਗਿਆ। ਹੁੰਦੜ ਹੇੜ ਜਨਾਨੀ ਆ ਗਈ। ਪਿੰਡ ਦੇ ਇੱਕ ਹੋਰ ਮੁੰਡੇ ਨਾਲ ਇਸ਼ਕ ਪੇਚਾ ਪਾ ਲਿਆ। ਮੋਹਣ ਲਾਲ ਦਾ ਜੀਣਾ ਹਰਾਮ। ਨਿੱਤ ਦੇ ਉਲ੍ਹਾਮੇ। ਚਾਰ ਬੰਦਿਆਂ 'ਚ ਖੜ੍ਹਨ ਜੋਗਾ ਹੀ ਨਹੀਂ ਰਿਹਾ। ਕਲਾ ਕਲੇਸ਼। ਬਸ ਇੱਕ ਦਿਨ ਬੈਠਾ-ਬੈਠਾ ਲੁੜਕ ਗਿਆ। ਇੱਕ ਪਾਸਾ ਪੂਰਾ ਈ ਅਚਲ। ਗਏ ਕਾਮ ਸੇ।× ..ਪਰ ਏਨੀ ਕੁ ਗੱਲ ਕਾਰਨ ਏਡਾ ਵੱਡਾ ਦੌਰਾ ਨਹੀਂ ਪੈ ਸਕਦਾ। ਸਰੀਰ ਦਾ ਤਕੜਾ, ਮੇਹਨਤੀ, ਇਮਾਨਦਾਰ ਬੰਦਾ। ਏਦਾਂ ਦੇ ਬੰਦੇ ਨੂੰ ਏਡੀ ਛੇਤੀ ਦੌਰਾ ਨਹੀਂ ਪੈ ਸਕਦਾ। ਕੋਈ ਗੁੱਝਾ ਕਾਰਨ ਹੋਊ..? ਚਲੋ ਇਹ ਲੱਭਾਂਗੇ..।

ਜੋਗੀ ਨੂੰ ਪੈਰਾਲਾਈਸਿਸ- ਐਸ ਉਮਰ 'ਚ ਆ ਕੇ ਕੀ ਸਟ੍ਰੈਸ ਪੈ ਗਿਆ? ਤੀਵੀਂ ਤਾਂ ਪਹਿਲਾਂ ਹੀ 'ਗੁੱਲ ਖਿਲਾਉਣ ਵਾਲੀ' ਸੀ। ਪਤਾ ਨਹੀਂ ਕੀ-ਕੀ ਕਰਦੀ ਰਹੀ ਹੈ। ਉਦੋਂ ਇਹਨੂੰ ਕੁਝ ਨਹੀਂ ਹੋਇਆ। ਹੁਣ ਦੋਹਤਿਆਂ-ਪੋਤਿਆਂ ਵਾਲਾ ਹੋ ਗਿਆ, ਤਾਂ ਕੀ ਦਬਾਅ ਪੈ ਗਿਆ? ਬਸ ਪਤਾ ਈ ਨਹੀਂ ਲੱਗਾ। ਬਲੱਡ ਪ੍ਰੈਸ਼ਰ ਤਾਂ ਪਹਿਲਾਂ ਵੀ ਰਹਿੰਦਾ ਸੀ। ਇੱਕ ਦਿਨ ਬੈਠੇ-ਬੈਠੇ ਕੋਲੋਂ ਗਲਾਸ ਨਹੀਂ ਚੁੱਕਿਆ ਗਿਆ। ਡਾਕਟਰਾਂ ਦੇ ਲੈ ਆਂਦਾ। ਬਸ ਉਹੀ ਪੈਰਾਲਾਈਸਿਸ ਦਾ ਅਟੈਕ ਹੈ। ਹੁਣ ਇਹ ਪਿਆ ਰਹਿੰਦਾ। ਬੋਲ ਕੁਝ ਨਹੀਂ ਸਕਦਾ। ਬਸ ਇਹਨੂੰ ਸੁਣਦਾ ਹੈ। ਯਾਰ ਕੀ ਜ਼ਿੰਦਗੀ ਹੈ? ਇਹ ਇਸ਼ਾਰੇ ਨਾਲ ਵੀ ਕੁਝ ਨਹੀਂ ਦਸ ਸਕਦਾ। ਜਦੋਂ ਘਰਦੇ ਚਾਹੁੰਦੇ ਨੇ ਪਿਸ਼ਾਬ ਵਗੈਰਾ ਕਰਵਾ ਦਿੰਦੇ ਨੇ। ਜਦੋਂ ਚਾਹੁੰਦੇ ਨੇ, ਖਾਣਾ ਖੁਆ ਦਿੰਦੇ ਨੇ। ਕੀ ਪਤਾ ਕਦੋਂ ਇਹਨੂੰ ਭੁੱਖ ਲਗਦੀ ਹੈ ਤੇ ਕਦੋਂ ਪਿਆਸ। ਪਿਸ਼ਾਬ ਪਤਾ ਨਹੀਂ ਕਦੋਂ ਤੱਕ ਰੋਕ ਕੇ ਰੱਖਦਾ ਹੋਊ। ਕਦੇ-ਕਦਾਈਂ ਬਸ ਨਹੀਂ ਰਹਿੰਦਾ ਹੋਣਾ, ਤਾਂ ਬਿਸਤਰੇ 'ਤੇ ਹੀ ਕਰ ਦਿੰਦਾ ਹੋਊ। ਫਿਰ ਅਲਕਤ ਆਉਂਦੀ ਹੋਊ। ਮਨ ਕਰਦਾ ਹੋਊ ਕਿ ਇਹਦੇ ਨਾਲੋਂ ਤਾਂ ਮੌਤ ਬੇਹਤਰ। ਪਰ ਮਰ ਨਹੀਂ ਸਕਦਾ। ਮਰਨਾ ਕਿਹੜਾ ਸੁਖਾਲਾ ਕੰਮ ਹੈ!

ਸੋਚ ਨੂੰ ਪੈਰਾਲਾਈਸਿਸ- ਨਹੀਂ ਇਹਦੀ ਸੋਚ ਨੂੰ ਨਹੀਂ, ਸਿਰਫ ਸਰੀਰ ਨੂੰ ਅਧਰੰਗ ਹੋਇਆ ਹੈ। ਪਿਆ ਰਹਿੰਦਾ ਹੈ, ਦੂਜਿਆਂ ਦੀਆਂ ਸੁਣਦਾ ਰਹਿੰਦਾ ਹੈ। ਮਹਿਕ ਤੋਂ ਬੰਦੇ ਨੂੰ ਪਛਾਣਦਾ ਹੈ। ਛੋਟੀ ਨੂੰਹ ਦੀ ਆਮਦ ਇਹਨੂੰ ਬਿਲਕੁਲ ਪਸੰਦ ਨਹੀਂ। ਉਹਦੇ ਲੂੰ-ਲੂੰ 'ਚੋਂ ਸਿਗਰਟ ਦੇ ਧੂੰਏਂ ਵਰਗੀ ਹਮਕ ਆਉਂਦੀ ਹੈ। ਇਹਨਾਂ ਦੀ ਗਲੀ ਦੇ ਕਾਰਨਰ ਉੱਤੇ ਇੱਕ ਬਾਈਂਡਰ ਰਹਿੰਦਾ ਹੈ। ਸਿਰਫ ਬੱਚਿਆਂ ਦੀਆਂ ਕਾਪੀਆਂ ਤੇ ਪਾਠ-ਪੁਸਤਕਾਂ ਹੀ ਬਾਈਂਡ ਕਰਦਾ ਹੈ। ਚੌਵੀ ਘੰਟੇ ਸਿਗਰੇਟ ਉਹਦੀਆਂ ਉਂਗਲਾਂ 'ਚ ਰਹਿੰਦੀ ਹੈ ਤੇ ਮੁੱਠੀ ਬੁੱਲ੍ਹਾਂ ਉੱਤੇ। ਕਮਾਲ ਦੀ ਗੱਲ ਹੈ ਕਿ ਉਹ ਕਦੇ ਵੀ ਸਿਗਰੇਟ ਦੀ ਕਸ਼ ਨਹੀਂ ਖਿਚਦਾ। ਬਸ ਸਿਗਰੇਟ ਬਾਲਦਾ ਹੈ ਤੇ ਉਂਗਲਾਂ 'ਚ ਫਸਾ ਕੇ ਮੁੱਠੀ ਬੁੱਲ੍ਹਾਂ ਨੂੰ ਲਾ ਲੈਂਦਾ ਹੈ। ਸਿਗਰੇਟ ਹੌਲੀ-ਹੌਲੀ ਧੂੰਆਂ ਛੱਡਦੀ ਰਹਿੰਦੀ ਹੈ। ਅਜੀਬ ਕੰਮ ਹੈ। ਜੇ ਸੁਲਘਾਈ ਹੈ ਤਾਂ ਪੀਵੇ। ਪਰ ਨਹੀਂ। ਉਹ ਪੇ ਦਾ ਪੁੱਤ ਨਹੀਂ ਪੀਂਦਾ। ਉਹਦੇ ਕਮਰੇ 'ਚੋਂ ਸਿਗਰੇਟ ਦੀ ਬਹੁਤ ਭੈੜੀ ਹਮਕ ਆਉਂਦੀ ਰਹਿੰਦੀ ਹੈ। ਤਾਜ਼ਾ ਹਮਕ। ਬਸ ਓਸੇ ਤਰ੍ਹਾਂ ਦੀ ਹਮਕ ਇਹਨੂੰ ਆਪਣੀ ਛੋਟੀ ਨੂੰਹ ਦੇ ਪਿੰਡੇ 'ਚੋਂ ਆਉਂਦੀ ਹੈ। ਮੁੰਡੇ ਇਹਦੇ ਮਹਿਕ ਵਿਹੂਣੇ ਨੇ। ਉਹਨਾਂ ਦੇ ਸਰੀਰ 'ਚੋਂ ਨਾ ਮਹਿਕ ਆਉਂਦੀ ਹੈ ਨਾ ਬੋਅ। ਉਹਨਾਂ ਦੀ ਪੈੜ ਚਾਪ ਤੋਂ ਇਹ ਅੰਦਾਜ਼ਾ ਲਗਾਉਂਦਾ ਹੈ। ਕਈ-ਕਈ

**ਮਹੀਨੇ ਇਹ ਪੈੜ ਚਾਪ ਉਹਨੂੰ ਨਹੀਂ ਸੁਣਦੀ। ਬਸ ਗਾਲ੍ਹਾਂ ਸੁਣਦੀਆਂ ਨੇ। ਇਹਨੇ ਮੁੰਡਿਆਂ ਦੀ ਕਦੇ ਵੀ ਕੋਈ ਸਧਾਰਨ ਗੱਲਬਾਤ ਨਹੀਂ ਸੁਣੀ, ਉਹ ਜਿਵੇਂ ਸਿਰਫ ਗਾਲ੍ਹਾਂ ਹੀ ਕੱਢਦੇ ਹੋਣ। ਸਿਰਫ ਗਾਲ੍ਹਾਂ। ਇਹ ਸੁਣਦਾ ਹੈ। ਹੋਰ ਕੋਈ ਚਾਰਾ ਨਹੀਂ। ਜੇ ਇਹਦੇ ਕੰਨ ਵੀ ਬੋਲੇ ਹੋ ਜਾਂਦੇ ਤਾਂ ਹੋਰ ਸੌਖ ਹੋ ਜਾਂਦੀ। ਪਰ ਨਹੀਂ, ਰੱਬ ਨਹੀਂ ਢਿੱਲ ਕਰਦਾ। ਇਹਨੂੰ ਹੁਣ ਹਾਜਤ ਹੋਈ ਹੈ। ਮੁੰਡੇ ਨੇ ਗਾਲ÷  ਕੱਢੀ ਹੈ। ਇਹਨੇ ਬਿਸਤਰ ਭਿਉਂ ਦਿੱਤਾ ਹੈ। ਕਹਾਣੀ ਦਾ ਮਜ਼ਾ ਇੰਝ ਵੀ ਕਈ ਵਾਰ ਕਿਰਕਿਰਾ ਹੋ ਜਾਂਦਾ ਹੈ।**

**ਰੀਂਘਦੀ ਹਯਾਤੀ 'ਚ ਨਰਸ- ਐਸੇ ਅਧਰੰਗ ਮਾਰੇ ਇਲਾਕੇ 'ਚ ਇੱਕ ਨਰਸ ਰਹਿੰਦੀ ਹੈ। ਮਜ਼ੇ ਦੀ ਗੱਲ ਹੈ ਕਿ ਇਹ ਇਲਾਕਾ ਜੇ ਤੁਸੀਂ ਹਵਾਈ ਜਹਾਜ਼ ਰਾਹੀਂ ਦੇਖੋ, ਤਾਂ ਤੁਹਾਨੂੰ ਲੱਗੇਗਾ, ਜਿਵੇਂ ਇਲਾਕੇ ਦਾ ਇੱਕ ਪਾਸਾ ਹੀ ਮਾਰਿਆ ਗਿਆ ਹੈ। ਪਾਣੀ ਪਿਓਗੇ, ਤਾਂ ਉਹ ਵੀ ਅੱਧ-ਮਰਿਆ ਸਵਾਦ ਦੇਵੇਗਾ। ਸਵਾਦ ਦੀ ਸ਼ਕਲ ਮਹਿਸੂਸ ਕਰੋ, ਅਧਰੰਗ ਹੋਇਆ ਜਾਪੇਗਾ। ਅਵਾਜ਼ਾਂ 'ਚ ਲਗਾਤਾਰ ਥਥਲਾਉਣ ਵਾਲੀ ਲੈਅ। ਲੈਅ ਨਹੀਂ ਕਹਿ ਸਕਦੇ ਇਹਨੂੰ। ਕਹਿ ਸਕਦੇ ਹਾਂ ਥਥਲਾਹਟ। ਬਸ ਐਸੇ ਇਲਾਕੇ 'ਚ ਉਹ ਨਰਸ ਰਹਿੰਦੀ ਹੈ। ਚੌਵੀ ਘੰਟੇ ਆਪਣੇ ਮੋਬਾਇਲ ਤੋਂ ਕਿਸੇ ਨਾ ਕਿਸੇ ਨੂੰ ਮੈਸੇਜ ਭੇਜਦੀ ਰਹਿੰਦੀ ਹੈ। ਇੱਕ ਹੱਥ ਜਣੇਪੇ ਨੂੰ ਪਾ ਲਵੇਗੀ ਤੇ ਦੂਜੇ ਹੱਥ 'ਚ ਮੋਬਾਇਲ ਮੈਸੇਜ ਉਡਾਉਣ ਲੱਗੇਗਾ। ਕਮਾਲ ਦੀ ਮੁਹਾਰਤ ਹੈ। ਜਨਾਨੀ ਨੂੰ ਕਹੇਗੀ ਜ਼ੋਰ ਲਗਾ, ਜ਼ੋਰ ਲਗਾ ਤੇ ਆਪ ਦੂਜਾ ਹੱਥ ਵਿਹਲਾ ਕਰਕੇ ਮੈਸੇਜ ਟਾਈਪ ਕਰ ਦੇਵੇਗੀ- ਨੀਂਦ ਕਿਉਂ ਰਾਤ ਭਰ ਨਹੀਂ ਆਤੀ। ਵੇਖਣ ਵਾਲਾ ਉਹਨੂੰ ਉਥੇ ਕੌਣ ਹੈ? ਬਸ ਉਹ ਖੁਦ ਨੂੰ ਵੇਖਦੀ ਹੋਵੇਗੀ। ਜਾਂ ਹੋ ਸਕਦਾ ਕਦੇ ਉਹਨੇ ਆਪਣੇ ਆਪ ਨੂੰ ਵੀ ਨਾ ਦੇਖਿਆ ਹੋਵੇ। ਇੱਕ ਗੱਲ ਹੈ, ਉਹਨੂੰ ਕਿਸੇ ਦੇ ਜ਼ਖਮ ਨੂੰ ਸਪਿਰਿਟ ਨਾਲ ਸਾਫ ਕਰਨ ਵੇਲੇ ਬਹੁਤ ਮਜ਼ਾ ਆਉਂਦਾ ਹੈ। ਉਹ ਬਹੁਤ ਹੀ ਆਰਾਮ ਨਾਲ ਜ਼ਖਮ ਸਾਫ ਕਰਦੀ ਹੈ। ਜ਼ਖਮ ਨਾਲ ਜਿਵੇਂ ਓਸਨੂੰ ਮੁਹੱਬਤ ਹੈ। ਉਹ ਜ਼ਖਮ ਨੂੰ ਹੋਰ ਨੇੜਿਉਂ, ਹੋਰ ਨੇੜਿਉਂ ਵੇਖਦੀ ਹੈ। ਫਿਰ ਸਾਫ ਕਰਦੀ ਹੈ। ਫੂਕ ਮਾਰਕੇ ਸੁਕਾਉਂਦੀ ਹੈ। ਕਮਾਲ ਦੀ ਹੈ ਇਹ ਨਰਸ। ਦੋ ਵਾਰ ਡਿਪਰੈਸ਼ਨ ਵਿੱਚ ਜਾ ਚੁੱਕੀ ਹੈ। ਕਿਸੇ ਬਹੁਤ ਹੀ ਮਸ਼ਹੂਰ ਸਾਈਕੈਟਰਿਸਟ ਕੋਲ ਇਲਾਜ ਚੱਲ ਰਿਹਾ ਹੈ। ਉਮੀਦ ਹੈ ਜਲਦੀ ਠੀਕ ਹੋ ਜਾਵੇਗੀ।**

ਇਹਨੇ ਪ੍ਰੇਮ ਵਿਆਹ ਕਰਵਾਇਆ ਹੈ, ਆਪਣੇ ਤੋਂ ਵੱਡੀ ਉਮਰ ਦੇ ਬੰਦੇ ਨਾਲ। ਪਤਾ ਨਹੀਂ ਇਹਦੇ ਮਨ ਵਿੱਚ ਕੀ ਸੀ ਕਿ ਇਹ ਹਮੇਸ਼ਾ ਵਿਆਹੇ-ਵਰ੍ਹੇ ਬੰਦੇ ਦੀ ਤਾੜ ਵਿੱਚ ਰਹਿੰਦੀ ਸੀ। ਉਹਨੂੰ ਨਿਸ਼ਾਨਾ ਬਣਾਉਂਦੀ, ਫੇਰ ਫੁੰਡਦੀ। ਫਸ ਗਿਆ ਤਾਂ ਉਹਦੇ ਨਾਲ ਕੁਝ ਹਫਤੇ ਮਜ਼ੇ ਉਡਾਉਂਦੀ। ਫਿਰ ਨਵੇਂ ਦੀ ਭਾਲ ਵਿੱਚ। ਆਹ ਹੁਣ ਵਾਲਾ ਟੇਟੇ ਚੜ੍ਹ ਗਿਆ, ਤਾਂ ਇਹਦੇ ਨਾਲ ਵਿਆਹ ਕਰਵਾ ਲਿਆ। ਬਾਪ ਇਹਦਾ ਇਹਨੂੰ ਹੱਥ ਪਾਉਣ ਨੂੰ ਫਿਰਦਾ ਰਿਹਾ ਹੈ। ਇਹ ਬਚ ਜਾਂਦੀ ਰਹੀ, ਆਪਣੀ ਹੁਸ਼ਿਆਰੀ ਨਾਲ। ਫਿਰ ਮਾਂ ਨੂੰ ਨਾਲ ਲੈ ਕੇ ਬਾਪ ਤੋਂ ਅੱਡ ਹੋ ਗਈ। ਬਾਪ ਨੇ ਕੋਈ ਹੋਰ ਲੈ ਆਂਦੀ। ਇਹਨਾਂ ਨੇ ਸੁੱਖ ਦਾ ਸਾਹ ਲਿਆ। ਹੁਣ ਫੇਰ ਇਹਨੂੰ ਬਾਪ ਦੀ ਯਾਦ ਆਉਂਦੀ ਹੈ। ਕਿਸੇ ਨਾ ਕਿਸੇ ਨਾਲ ਫੇਰ ਪੇਚਾ ਪਾਉਣ ਦੀ ਤਾੜ ਵਿੱਚ ਰਹਿੰਦੀ ਹੈ। ਅਗਲਾ ਨੇੜੇ ਆਉਣ ਲੱਗੇਗਾ, ਤਾਂ ਉਹਦੀ ਬੇਇਜ਼ਤੀ ਕਰ ਦੇਵੇਗੀ। ਫਿਰ ਗ਼ਾਲਿਬ ਦਾ ਸ਼ੇਅਰ ਕਿਸੇ ਹੋਰ ਨੂੰ ਟਾਈਪ ਕਰ ਦੇਵੇਗੀ-

ਕੌਨ ਹੈ ਜੋ ਹਾਜਤਮੰਦ ਨਹੀਂ ਗ਼ਾਲਿਬ,
ਕਿਸ ਕਿਸ ਕੀ ਹਾਜਤ ਰਫਾ ਕਰੇ ਕੋਈ।

***************

ਖ਼ੈਰ! ਜਿਹੜਾ ਪਾਤਰ ਸਾਡਾ ਗੰਨੇ ਦਾ ਰਸ ਲੈਣ ਗਿਆ ਲੇਟ ਹੋ ਜਾਣ ਤੋਂ ਡਰ ਰਿਹਾ ਸੀ, ਉਹ ਇੱਕ ਪਾਰਕ 'ਚ ਲੱਗੀ ਪੀਂਘ ਝੂਟ ਰਿਹਾ ਹੈ। ਦਫਤਰ ਦੀ ਕੋਈ ਟੈਨਸ਼ਨ ਨਹੀਂ। ਜਿੰਨਾ ਅਗਾਂਹ ਜਾਣਾ ਹੈ, ਓਨਾ ਹੀ ਪਿਛਲਖੁਰੀ ਜਾਣਾ ਪਵੇਗਾ, ਪੀਂਘ ਦਾ ਅਸੂਲ ਹੈ। ਇਹ ਬੰਦਾ ਵੀ ਕਮਾਲ ਦਾ ਹੈ। ਕਈ ਵਾਰ ਇਹ ਪੈਦਲ ਆਪਣੇ ਦਫਤਰ ਜਾਵੇਗਾ, ਉਹ ਵੀ ਪਿਛਲਖੁਰੀ। ਅਜਬ ਨੇ ਇਹ ਲੋਕ। ਇੰਜ ਕਰਾਂਗੇ, ਇੱਕ ਇਲਾਕਾ ਪਿਛਲਖੁਰੀ ਤੁਰਨ ਵਾਲਿਆਂ ਦਾ ਮਿੱਥ ਲਵਾਂਗੇ। ਓਸ ਇਲਾਕੇ ਦਾ ਨਾਂਅ ਰੱਖ ਦੇਵਾਂਗੇ- ਭੂਤ ਦਾ ਪ੍ਰਛਾਵਾਂ।

ਇੰਝ ਹੌਲੀ-ਹੌਲੀ ਤੁਰਿਆ ਜਾਊ ਨਾਵਲ। ਨਾਲੇ ਲੇਖਕ ਦੀਆਂ ਸੋਚਾਂ ਵੀ ਤਾਂ ਵਿਚਾਲੇ ਚਮਗਿੱਦੜਾਂ ਵਾਂਗ ਝਪਟਣਗੀਆਂ। ਫੇਰ ਉਹਨਾਂ ਲਈ ਵੀ ਵਿਹਲ ਕੱਢਣੀ ਹੀ ਪਊ।

******************

ਇੱਕ ਕੰਮ ਆਪਾਂ ਹੋਰ ਕਰਨਾ ਹੈ ਕਿ ਇੱਕ ਬੰਦਾ ਰੱਖ ਲੈਣਾ ਸੂਹ ਲੈਣ ਵਾਲਾ। ਇਹ ਬਹੁਤ ਹੀ ਸਿਆਣਾ ਆਦਮੀ ਚਾਹੀਦਾ ਹੈ। ਚਲੋ ਇਹਦਾ ਨਾਮ ਆਪਾਂ ਕੰਮ ਦੇ ਹਿਸਾਬ ਨਾਲ ਬਦਲ ਕੇ ਰੱਖ ਲਿਆ ਕਰਾਂਗੇ। ਇਹਨੂੰ ਆਪ ਵੀ ਕੰਮ ਦਿੱਤਾ ਜਾ ਸਕਦਾ  ਹੈ ਤੇ ਜੇ ਇਹ ਕੋਈ ਖਬਰ ਸਾਰ ਦੇਣੀ ਚਾਹੇ ਤਾਂ ਉਹ ਵੀ ਦੇ ਸਕਦਾ ਹੈ। ਐਸਨੂੰ ਕੁਝ ਦੈਵੀ ਗੁਣਾ ਨਾਲ ਭਰਪੂਰ ਬਣਾਉਣਾ ਪਵੇਗਾ। ਹੋ ਸਕੇ ਤਾਂ ਇਹ ਉੱਡ ਵੀ ਸਕੇ। ਜਦੋਂ ਇਹ ਉੱਡੇਗਾ ਤਾਂ ਇਹਦਾ ਨਾਮ ਉੱਡਣਾ ਸੱਪ ਰੱਖ ਦਿਆਂਗੇ। ਜਦੋਂ ਇਹ ਪੈਦਲ ਜਾਂ ਆਪਣੇ ਮੋਟਰਸਾਈਕਿਲ ਉੱਤੇ ਕਿਤੇ ਜਾਵੇਗਾ ਤਾਂ ਇਹਦਾ ਨਾਮ ਹੋਵੇਗਾ- ਜੋਕਰ। ਇਹ ਸਾਡਾ ਮਨੋਰੰਜਨ ਵੀ ਕਰੇਗਾ। ਮਸਲਨ, ਇਹ ਖਬਰ ਲੈ ਕੇ ਆਇਆ ਹੈ ਕਿ ਐਸ ਸ਼ਹਿਰ ਦੇ ਇੱਕ ਬਹੁਤ ਹੀ ਵੱਡੇ ਬਿਉਟੀ ਪਾਰਲਰ ਵਿੱਚ ਅੱਜਕੱਲ÷  ਇੱਕ ਸੱਪ ਦਾ ਪ੍ਰਛਾਵਾਂ ਦਿਖਾਈ ਦਿੰਦਾ ਹੈ। ਇਹਨੇ ਵੇਖਿਆ ਹੈ ਕਿ ਕਿਵੇਂ ਉੱਥੇ ਕਈ ਚਿਰਾਂ ਤੋਂ ਕੰਮ ਕਰ ਰਿਹਾ ਬੁਗਤੂ ਗੋਰਖਾ ਦਿਨ ਵਿੱਚ ਤਿੰਨ ਵਾਰ ਗੁੁੱਗਲ ਧੁਖਾਉਂਦਾ ਹੈ। ਮੈਡਮ ਨੇ ਉਹਦੀ ਐਸ ਕਰਾਮਾਤ ਦੀ ਦਾਦ ਦੇਣੀ ਸ਼ੁਰੂ ਕਰ ਦਿੱਤੀ ਹੈ। ਉਹਦੇ ਹੱਥ ਜਸ ਹੈ ਕਿ ਅਗਰ ਉਹ ਗੁੱਗਲ ਧੁਖਾਉਂਦਾ ਹੈ ਤਾਂ ਸੱਪ ਦੂਰ-ਦੂਰ ਕਿਤੇ ਫਟਕ ਨਹੀਂ ਸਕਦਾ। ਉਹ ਹੁਣ ਖੁਸ਼ ਹੈ। ਪਿਛਲੇ ਦਿਨੀਂ ਬਹੁਤ ਉਦਾਸ ਹੋ ਗਿਆ ਸੀ, ਜਦੋਂ ਉਹਦੀ ਜਗ੍ਹਾ ਇੱਕ ਨਵੇਂ ਗੋਰਖੇ ਨੇ ਲੈ ਲਈ ਸੀ ਤੇ ਓਸਨੂੰ ਸਿਰਫ ਰਾਤ ਦੀ ਡਿਉਟੀ ਉੱਤੇ ਲਗਾ ਦਿੱਤਾ ਗਿਆ ਸੀ। ਐਸੇ ਡਿਉਟੀ ਦੌਰਾਨ ਹੀ ਓਸਨੇ ਇੱਕ ਰਾਤ ਪਾਰਲਰ ਦੇ ਬਾਹਰ ਸੱਪ ਦੇਖਿਆ ਸੀ। ਫਿਰ ਤਾਂ ਇਹ ਪ੍ਰਛਾਈਂ ਕਈ ਦਿਨ ਪਾਰਲਰ ਦੁਆਲੇ ਮੰਡਰਾਉਂਦੀ ਰਹੀ ਸੀ। ਇੱਥੇ ਕੰਮ ਕਰਨ ਵਾਲੀ ਇੱਕ ਲੜਕੀ ਨੂੰ ਵੀ ਇਹ ਪ੍ਰਛਾਈਂ ਦਿਖਾਈ ਦਿੱਤੀ ਸੀ, ਜਿਹੜੀ ਮੈਡਮ ਦੀ ਬਹੁਤ ਹੀ ਚਹੇਤੀ ਸੀ, ਕਿਉਂਕਿ ਇਹੀ ਲੜਕੀ ਕੰਮ ਨੂੰ ਕੰਮ ਸਮਝਦੀ ਸੀ ਅਤੇ ਸਾਰਿਆਂ ਦੇ ਆਉਣ ਤੋਂ ਪਹਿਲਾਂ ਬੁਗਤੂ ਕੋਲੋਂ ਪਾਰਲਰ ਦੀ ਚੰਗੀ ਤਰ੍ਹਾਂ ਸਫਾਈ ਕਰਵਾਉਂਦੀ ਸੀ। ਨਵੇਂ ਆਏ ਗੋਰਖੇ ਕੋਲੋਂ ਵਧੀਆ ਸਫਾਈ ਨਾ ਹੋਣ ਦੀ ਸ਼ਿਕਾਇਤ ਵੀ ਉਹ ਲਾ ਚੁੱਕੀ ਸੀ, ਪਰ ਮੈਡਮ ਨੇ ਸੁਣੀ ਨਹੀਂ ਸੀ। ਫਿਰ ਉਹਨੇ ਵੀ ਅਚਾਨਕ ਪ੍ਰਛਾਈਂ ਦੇਖੀ, ਤਾਂ ਉਹ ਵੀ ਦਹਿਲ ਗਈ। ਹੁਣ ਗੁੱਗਲ ਨੇ ਰਾਹਤ ਦਿੱਤੀ ਹੈ।

ਇਹ ਸਾਰੀ ਗੱਲ ਸੁਣਾ ਕੇ ਹੱਸਦਾ ਹੈ।

**************

ਵੈਸੇ ਮੇਰਾ ਮਨ ਹੈ ਕਿ ਆਪਾਂ ਪਹਿਲਾਂ ਓਸ ਗੰਨੇ ਦਾ ਰਸ ਲੈਣ ਵਾਲੇ ਪਾਤਰ ਬਾਰੇ ਕੁਝ ਹੋਰ ਗੱਲਾਂ ਕਰ ਲਈਏ। ਓਸਦੇ ਆਲੇ-ਦੁਆਲੇ ਬਾਰੇ, ਓਸਦੇ ਆਰ-ਪਰਿਵਾਰ ਬਾਰੇ। ਇਹ ਪਾਤਰ ਫੇਰ ਪਤਾ ਨਹੀਂ ਸਾਡੇ ਕੋਲ ਕਦੋਂ ਆਵੇਗਾ। ਆਵੇਗਾ ਵੀ ਜਾਂ ਨਹੀਂ, ਇਹ ਵੀ ਪੱਕਾ ਪਤਾ ਨਹੀਂ ਹੈ। ਨਾਲੇ ਜੇ ਇਹ ਆ ਵੀ ਗਿਆ, ਤਾਂ ਇਹਦੇ ਵਿਹਾਰ ਤੋਂ, ਇਹਦੀ ਮਾਨਸਿਕਤਾ ਤੋਂ ਕਿਸੇ ਵੀ ਅਜਿਹੇ ਬੰਦੇ ਦੇ ਦੀਦਾਰ ਨਹੀਂ ਹੋ ਸਕਣੇ, ਜਿਹਦੇ ਤੋਂ ਕਿਸੇ ਤਰ੍ਹਾਂ ਦੇ ਅਜਿਹੇ ਨਿਰਣੇ ਉੱਤੇ ਪਹੁੰਚਿਆ ਜਾ ਸਕੇ ਕਿ ਅਸੀਂ ਸਮਾਜ ਨੂੰ ਬਦਲਣ ਦੀ ਗੱਲ ਸਮਝ ਸਕੀਏ। ਇਹ ਸਮਾਜ ਨੂੰ ਸਮਝਣ ਦੀ ਗੱਲ ਧਿਆਨ ਵਿੱਚ ਤਾਂ ਆ ਗਈ ਕਿਉਂਕਿ ਅੱਜਕੱਲ÷  ਆਪਣਾ ਉੱਡਣਾ ਸੱਪ ਉੱਡਣੇ ਗੁਰੀਲਿਆਂ ਦੀ ਭਾਸ਼ਾ ਬੋਲਦਾ ਹੈ ਅਤੇ ਹਰ ਗੱਲ ਵਿਚੋਂ ਸਮਾਜ ਦੀ ਸਮਝ ਦੀ ਗੱਲ ਕਰਦਾ ਹੈ। ਉਹੀ ਕਹਿੰਦਾ ਹੈ ਕਿ ਸਾਨੂੰ ਆਪਣਾ ਸਟੈਂਡ ਸਪਸ਼ਟ ਕਰਨ ਦੀ ਲੋੜ ਹੈ। ਵੈਸੇ ਓਸ ਪਾਤਰ ਦੀ ਮਾਨਸਿਕਤਾ ਅਲਗ ਤਰ੍ਹਾਂ ਦੀ ਹੈ। ਉਹ ਨਾ ਤਾਂ ਪੂਰਾ ਤਰਕਸ਼ੀਲ ਬਣ ਸਕਿਆ ਹੈ ਅਤੇ ਨਾ ਹੀ ਧਾਰਮਿਕ। ਉਹ ਕਦੇ ਧਰਮ ਨੂੰ ਗਾਲ੍ਹਾਂ ਕੱਢਦਾ ਹੈ ਅਤੇ ਕਦੇ ਕਿਸੇ ਪੀਰ ਦੀ ਜਗ੍ਹਾ ਉੱਤੇ ਜਾ ਕੇ ਦੀਵੇ ਜਗਾਉਂਦਾ ਹੈ। ਉਹ ਕਦੇ ਤਾਂ ਲਗਦਾ ਹੈ ਕਿ ਬਹੁਤ ਹੀ ਡਰਿਆ ਹੋਇਆ, ਸਹਿਮਿਆ ਹੋਇਆ ਹੈ, ਬੁਜ਼ਦਿਲ ਹੈ, ਪਰ ਕਦੇ ਲਗਦਾ ਹੈ ਕਿਸੇ ਦੀ ਵੀ ਪਰਵਾਹ ਨਹੀਂ ਮਾਰਦਾ। ਉਹ ਕਦੇ-ਕਦੇ ਐਸ ਵਿਸ਼ਵਾਸ ਵਿੱਚ ਬੱਝਿਆ ਨਜ਼ਰ ਆਉਂਦਾ ਹੈ ਕਿ ਪਰਮਾਤਮਾ ਹਰ ਊਚ-ਨੀਚ ਦਾ ਬਦਲਾ ਲੈਂਦਾ ਹੈ। ਜੇ ਤੁਸੀਂ ਕਿਸੇ ਨਾਲ ਧੋਖਾ ਕਰਦੇ ਹੋ ਤਾਂ ਪਰਮਾਤਮਾ ਤੁਹਾਨੂੰ ਓਸਦੀ ਸਜ਼ਾ ਵੀ ਜ਼ਰੂਰ ਦਿੰਦਾ ਹੈ। ਹੁਣ ਇਹਦੇ ਸਹੁਰੇ ਨਾਲ ਉਹਦੇ ਸਾਲੇ ਦੇ ਸਾਲੇ ਨੇ ਧੋਖਾ ਕੀਤਾ ਹੈ। ਉਹਦਾ ਸਾਲਾ ਵੀ ਨਾਲ ਰਲਿਆ ਹੋਇਆ ਸੀ। ਇਹਦੀ ਸੱਸ ਵੀ ਆਪਣੇ ਭਰਾ ਵੱਲ ਦੀ ਹੋ ਗਈ ਤਾਂ ਇਹਦਾ ਸਹੁਰਾ ਸਬਰ ਦਾ ਘੁੱਟ ਭਰਕੇ ਰਹਿ ਗਿਆ। ਹੁਣ ਇਹ ਇੱਕ ਦਿਨ ਉਹਨਾਂ ਦੇ ਘਰ ਗਿਆ ਤਾਂ ਕੀ ਵੇਖਦਾ ਹੈ ਕਿ ਓਸ ਮੀਆਂ ਬੀਵੀ ਵਿੱਚ ਤੇ ਉਹਨਾਂ ਦੇ ਬੱਚਿਆਂ ਵਿੱਚ ਜੋ ਕਲੇਸ਼ ਚੱਲ ਰਿਹਾ ਹੈ, ਅਸਹਿ ਹੈ। ਕੁੜੀ ਉਹਦੀ ਰਾਤ-ਦਿਨ ਪਤਾ ਨਹੀਂ ਕਿਹਦੇ ਨਾਲ ਚੈਟਿੰਗ ਕਰਦੀ ਰਹਿੰਦੀ ਹੈ। ਰਾਤ ਦੇ ਦੋ ਵਜੇ ਵੀ ਉਹ ਮੋਬਾਇਲ ਨੂੰ ਚਿੰਬੜੀ ਮਿਲੇਗੀ। ਪੁੱਤ ਦੋਵੇਂ ਨਸ਼ੇੜੀ। ਸਿਰੇ ਦੇ ਨਸ਼ੇੜੀ। ਨਿੱਤ ਦਾ ਕਲੇਸ਼। ਖੁਦ ਉਹ ਰਾਤ ਨੂੰ ਬੜਾਅ-ਬੜਾਅ ਉੱਠਦਾ ਹੈ। ਉਹਨੂੰ ਅਜੀਬ ਕਿਸਮ ਦੇ ਦਬਾਅ ਪੈਂਦੇ ਨੇ। ਉਹ ਸੁੱਤਾ ਪਿਆ ਚੀਕਾਂ ਮਾਰਦਾ ਹੈ। ਇਹਨੂੰ ਪਹਿਲਾਂ ਤਾਂ ਲੱਗਾ ਕਿ ਓਸਨੂੰ ਦਬਾਅ ਪਿਆ ਹੈ, ਫਿਰ ਲੱਗਾ ਕਿ ਨਹੀਂ ਉਹ ਤਾਂ ਹੋਸ਼ ਵਿੱਚ ਹੈ ਤੇ ਚੀਕ ਓਸਦੇ ਮੂੰਹੋਂ ਸੱਚਮੁੱਚ ਨਿਕਲੀ ਹੈ। ਪਤੀ-ਪਤਨੀ ਵਿਚਾਲੇ ਹੁੰਦੀ ਚਿਰਾਂ ਦੀ ਘੁਸਰ-ਮੁਸਰ ਲਾਉਡ ਹੋ ਗਈ ਤੇ ਚਿਰਾਂ ਦੀ ਡੱਕੀ ਚੀਕ ਬਾਹਰ ਨਿਕਲ ਆਈ। ਪਰ ਇਹ ਚੀਕ ਡਰਾਉਣੀ ਬਹੁਤ ਸੀ। ਯਾਰ ਕਿਉਂ ਕਿਸੇ ਦਾ ਨੁਕਸਾਨ ਕਰਵਾਉਣਾ ਹੋਇਆ? ਇਹਨਾਂ ਦਾ ਉਹਨਾਂ ਕੀ ਵਿਗਾੜਿਆ ਸੀ? ਉਹਨਾਂ ਦਾ ਟੱਬਰ ਪਾਗਲ ਹੋਇਆ ਆ ਤਾਂ ਇਹ ਕਿਹੜਾ ਸੁੱਖ ਦੀ ਨੀਂਦ ਸੌਂਦੇ ਨੇ। ਫਿਰ ਇਹਨੇ ਸੋਚਿਆ, ਨਹੀਂ ਏਦਾਂ ਨਹੀਂ ਹੈ, ਇਹ ਤਾਂ ਸਾਰੀ ਤੀਵੀਆਂ ਦੀ ਕਰਾਮਾਤ ਹੈ। ਇਹ ਨਹੀਂ ਕਿਸੇ ਨੂੰ ਟਿਕਣ ਦਿੰਦੀਆਂ। ਇਹ ਮਰਵਾਉਂਦੀਆਂ ਨੇ ਬੰਦੇ ਨੂੰ। ਜਿਹਦੇ ਜੜ੍ਹੀਂ ਬੈਠ ਜਾਣ, ਕਿਸੇ ਥਾਂ ਜੋਗਾ ਨਹੀਂ ਛੱਡਦੀਆਂ। ਇਹਨਾਂ ਤੋਂ ਰੱਬ ਬਚਾਵੇ।

ਚਲੋ ਇਹ ਪਾਤਰ ਹੁਣ ਹੋਰ ਹੀ ਪਾਸੇ ਨੂੰ ਤੁਰ ਪਿਆ ਹੈ, ਇਹਦੇ ਬਾਰੇ ਫੇਰ ਗੱਲ ਕਰ ਲਵਾਂਗੇ। ਹੁਣ ਇਹਨੇ ਐਵੇਂ ਅੱਕੀ-ਪਲਾਹੀਂ ਹੱਥ ਮਾਰੀ ਜਾਣੇ ਨੇ, ਕੋਈ ਕੰਮ ਦੀ ਗੱਲ ਤਾਂ ਕਰਨੀ ਨਹੀਂ ਹੈ।

## ਮਰੀ ਹੋਈ ਮਾਂ ਸੁਪਨੇ ਵਿੱਚ

ਸਮਝ ਨਹੀਂ ਆਉਂਦੀ ਕਿ ਐਸ ਸੁਪਨੇ ਨੂੰ ਕਿਸ ਕੋਣ ਤੋਂ ਖੜ੍ਹਾ ਹੋ ਕੇ ਵੇਖਾਂ ਅਤੇ ਤੁਹਾਨੂੰ ਵਿਖਾਵਾਂ। ਚਲੋ ਇੰਜ ਕਰਦੇ ਹਾਂ ਕਿ ਇੱਕ ਦਿਭ ਦ੍ਰਿਸ਼ਟੀ ਵਾਲੇ ਮਹਾਪੁਰਸ਼ ਵਾਂਗ ਸਰਬਗਿਆਤਾ ਹੋ ਕੇ ਐਸ ਦੀ ਗੱਲ ਕਰਦੇ ਹਾਂ। ਇਹ ਸੌਖਾ ਰਹੇਗਾ। ਐਸ 'ਚ ਕਿਸੇ ਵੀ ਕੋਣ ਤੋਂ ਗੱਲ ਕੀਤੀ ਜਾ ਸਕਦੀ ਹੈ। ਇਹ ਸੁਪਨਾ ਜਿਸ ਥਾਂ ਦਾ ਆਇਆ, ਮੇਰਾ ਪਿੰਡ ਵਾਲਾ ਘਰ ਸੀ। ਐਸ ਘਰ ਨੂੰ ਤਿਆਗੇ ਮੈਨੂੰ ਸੱਤ ਸਾਲ ਹੋ ਗਏ ਹਨ। ਐਸ ਘਰ ਨੂੰ ਛੱਡੇ ਕਹਿਣਾ ਠੀਕ ਨਹੀਂ ਸੀ, ਐਸ ਲਈ ਐਸਨੂੰ ਤਿਆਗੇ ਕਹਿ ਰਿਹਾ ਹਾਂ। ਮੈਂ ਐਸ ਘਰ ਜਾਂਦਾ ਹਾਂ, ਪਰ ਸ਼ਰੀਰਿਕ ਰੂਪ ਵਿੱਚ ਹੀ। ਆਤਮਿਕ ਤੌਰ 'ਤੇ ਕਦੇ ਨਹੀਂ ਜਾਂਦਾ। ਮਾਂ ਦੇ ਮਰਨ ਮਗਰੋਂ ਤਾਂ ਸ਼ਰੀਰਿਕ ਰੂਪ ਵਿੱਚ ਵੀ ਜਾਣਾ ਬਹੁਤ ਘਟ ਗਿਆ ਹੈ। ਖ਼ੈਰ ਇਹ ਗੱਲਾਂ ਬਾਦ 'ਚ ਕਰ ਲਵਾਂਗੇ, ਅਜੇ ਤਾਂ ਸਿਰਫ ਸੁਪਨੇ ਦੀ ਗੱਲ ਹੀ ਕਰਦੇ ਹਾਂ।

ਸੁਪਨੇ 'ਚ ਮੈਂ ਆਪਣੀ ਬੀਵੀ ਨਾਲ ਸੁੱਤਾ ਪਿਆ ਹਾਂ। ਅੱਧੀ ਰਾਤ ਦਾ ਸਮਾਂ ਹੈ। ਮੈਂ ਹਾਜਤ ਲਈ ਉੱਠਿਆ ਹਾਂ ਜਾਂ ਕਿਉਂ, ਮੈਨੂੰ ਪਤਾ ਨਹੀਂ। ਉੱਠਿਆ ਹਾਂ ਤਾਂ ਤੇੜ ਸਿਰਫ ਤੌਲੀਆ ਹੈ। ਮੈਂ ਚਾਦਰ ਚੁੱਕਦਾ ਹਾਂ ਤੇੜ ਲਾਉਣ ਵਾਸਤੇ। ਇਹ ਭਗਵੇਂ ਰੰਗ ਦੀ ਚਾਦਰ ਮੈਂ ਪਿੰਡ ਰਹਿੰਦੇ ਵੇਲੇ ਤੇੜ ਲਾਉਂਦਾ ਹੁੰਦਾ ਸੀ। ਫਿਰ ਸ਼ਹਿਰ ਆ ਕੇ ਸਿਰਫ ਇੱਕ ਵਾਰ ਲਾਈ। ਕਿਸੇ ਗਵਾਂਢਣ ਨੇ ਕਿਹਾ ਕਿ ਪਹਿਰਾਵੇ ਤੋਂ ਇਹ ਪਤਾ ਨਹੀਂ ਲਗਦਾ ਕਿ ਬਾਹਮਣ ਹੈ ਜਾਂ ਹੋਰ ਕੋਈ। ਇਹ ਗੱਲ ਮੇਰੀ ਬੀਵੀ ਤੱਕ ਪਹੁੰਚ ਗਈ। ਬੀਵੀ ਤੋਂ ਮੇਰੇ ਤੱਕ। ਓਸਤੋਂ ਬਾਦ ਮੈਂ ਉਹ ਚਾਦਰ ਨਹੀਂ ਲਾਈ। ਸੁਪਨੇ ਵਿੱਚ ਮੈਂ ਉਹ ਚਾਦਰ ਤੇੜ ਲਾਉਣ ਲਈ ਚੁੱਕਦਾ ਹਾਂ, ਪਰ ਤੇੜ ਲਾਉਣ ਦੀ ਥਾਂ ਸਿਰ ਤੇ ਐਸ ਤਰੀਕੇ ਨਾਲ ਲੈ ਲੈਂਦਾ ਹਾਂ, ਜਿਵੇਂ ਕਿਸੇ ਤੋਂ ਲੁਕਕੇ ਕੋਈ ਜਾਂਦਾ ਹੈ। ਸਾਡਾ ਕਮਰਾ ਪਤਾ ਨਹੀਂ ਕਦੋਂ ਇੱਕ ਕੋਠੜੀ ਵਾਲਾ ਬਣ ਜਾਂਦਾ ਹੈ। ਮੈਂ ਕੋਠੜੀ ਵਿੱਚੋਂ ਨਿਕਲਿਆ ਹਾਂ। ਕਮਰੇ ਵਿੱਚ ਹਾਂ, ਜਿਸਦਾ ਦਰਵਾਜ਼ਾ ਵਿਹੜੇ ਵਿੱਚ ਨਿਕਲਦਾ ਹੈ। ਦਰਵਾਜ਼ਾ ਬੰਦ ਸੀ, ਪਰ ਖੁੱਲ੍ਹ ਕਿਵੇਂ ਗਿਆ। ਮੈਂ ਹੈਰਾਨ ਹਾਂ। ਅੰਦਰ ਹੀ ਅੰਦਰ ਇੱਕ ਡਰ ਫੈਲ ਰਿਹਾ ਹੈ। ਦਹਿਲ ਵਧ ਰਿਹਾ ਹੈ। ਸਰਦਲ ਦੇ ਅੰਦਰ ਹਨ੍ਹੇਰ ਹੈ, ਬਾਹਰ ਲੋਅ ਲੱਗ ਗਈ ਜਾਪਦੀ ਹੈ। ਬਾਹਰ ਬਹੁਤ ਸਾਰੀਆਂ ਚਿੜੀਆਂ ਚਹਿਕ ਰਹੀਆਂ ਹਨ। ਪਰ ਇਹ ਚਹਿਕਣਾ ਸਵੇਰਾ ਹੋਣ ਦੀ ਨਿਸ਼ਾਨੀ ਨਹੀਂ, ਅਜੀਬ ਮਹੌਲ ਬਣਾ ਰਿਹਾ ਹੈ। ਬਾਹਰ ਦੀ ਰੌਸ਼ਨੀ ਤੋਂ ਇੰਜ ਪ੍ਰਤੀਤ ਹੋ ਰਿਹਾ ਹੈ, ਜਿਵੇਂ ਹਨ੍ਹੇਰੀ ਆਉਣ ਤੋਂ ਪਹਿਲਾਂ ਦਾ ਦ੍ਰਿਸ਼ ਹੋਵੇ।

ਸਰਦਲ 'ਤੇ ਇੱਕ ਪ੍ਰਛਾਵਾਂ ਬੈਠਾ ਹੈ। ਕਿਸੇ ਬੱਚੇ ਨੂੰ ਓਸਨੇ ਗੋਦੀ ਉਠਾਇਆ ਹੋਇਆ ਹੈ। ਮੈਂ ਓਸਨੂੰ ਸ਼ਿਸ਼ਕਾਰਦਾ ਹਾਂ। ਮੇਰੇ ਮੂੰਹ 'ਚੋਂ ਰਾਲ਼ ਵਗਦੀ ਹੈ। ਬਹੁਤ ਜ਼ਿਆਦਾ ਰਾਲ਼ ਵਗਦੀ ਹੈ। ਪ੍ਰਛਾਵਾਂ ਬੱਚੇ ਨੂੰ ਲੈ ਕੇ ਦੂਸਰੇ ਕਮਰੇ ਵੱਲ ਵਧਦਾ ਹੈ। ਇਹ ਮਾਂ ਹੈ। ਮੈਂ ਡਰ ਜਾਂਦਾ ਹਾਂ। ਐਸਨੂੰ ਮਰਿਆਂ ਤਾਂ ਕਈ ਵਰ੍ਹੇ ਹੋ ਗਏ। ਇਹ ਕਿੱਥੋਂ ਆ ਗਈ? ਡਰ ਹੋਰ ਗਹਿਰਾ ਹੋ ਗਿਆ ਹੈ। ਸੁਪਨਾ ਟੁੱਟ ਗਿਆ ਹੈ। ਪਹਿਲੀ ਵਾਰ ਇੰਝ ਮਹਿਸੂਸ ਕਰਦਾ ਹਾਂ ਕਿ ਸੁਪਨੇ 'ਚ ਰਾਲ਼ ਵਗੀ ਤੇ ਮੇਰਾ ਮੂੰਹ ਰਾਲ਼ਾਂ ਵਗ-ਵਗ ਕੇ ਗਿੱਲਾ ਹੋਇਆ ਪਿਆ ਹੈ।

ਇੱਕ ਦਿਨ ਪਹਿਲਾਂ ਹੀ ਸੁਪਨਾ ਆਇਆ ਸੀ, ਇਵੇਂ ਦਾ ਹੀ। ਮਾਂ ਬਾਰੇ ਹੀ ਸੀ। ਮੈਂ ਕਿਸੇ ਲਾਇਬ੍ਰੇਰੀ ਵਿੱਚ ਬੈਠਾ ਪੜ੍ਹ ਰਿਹਾ ਸਾਂ। ਅਚਾਨਕ ਮੇਰੀ ਬੀਵੀ ਪ੍ਰਗਟ ਹੁੰਦੀ ਹੈ। ਉਹ ਮਾਂ ਨੂੰ ਚੰਡੀਗੜ÷ ਕਿਸੇ ਹਸਪਤਾਲ ਲੈ ਕੇ ਗਈ ਸੀ ਤੇ ਓਸਨੂੰ ਉੱਥੇ ਹੀ ਛੱਡ ਆਈ ਹੈ। ਆਪ ਵਾਪਸ ਪਿੱਛੇ ਨਿਆਣਿਆਂ ਦੀ ਚਿੰਤਾ ਕਾਰਨ ਆ ਗਈ। ਮੇਰੇ ਸਹੁਰੇ ਉੱਥੇ ਹਨ, ਸ਼ਾਇਦ ਉਹਨਾਂ ਦੇ ਹਵਾਲੇ ਕਰ ਆਈ ਹੋਵੇ। ਪਰ ਨਹੀਂ, ਉਹਨੇ ਤਾਂ ਉਹਨਾਂ ਨੂੰ ਮਿਲਣਾ ਵੀ ਠੀਕ ਨਹੀਂ ਸਮਝਿਆ। ਉਹ ਮਾਂ ਨੂੰ ਮੇਰੇ ਮਾਮੇ ਦੀ ਧੀ ਰਾਣੀ ਕੋਲ ਛੱਡ ਆਈ ਹੈ। ਉਹ ਵੀ ਚੰਡੀਗੜ÷ ਹੀ ਰਹਿੰਦੀ ਹੈ। ਮੈਂ ਹੈਰਾਨ ਹਾਂ ਕਿ ਮਾਂ ਨੇ ਉਹਨਾਂ ਦੇ ਘਰੇ ਰਹਿਣ ਦੀ ਹਾਮੀ ਕਿਵੇਂ ਭਰ ਦਿੱਤੀ। ਨਹੀਂ ਤਾਂ ਇਹੀ ਸਾਡੀ ਮਾਮੀ ਆ ਜਿਹਨੇ ਸਾਰੀ ਉਮਰ ਆਪਣੇ ਘਰਵਾਲੇ ਨੂੰ

ਭੈਣਾ ਨੂੰ ਨਹੀਂ ਮਿਲਣ ਦਿੱਤਾ। ਹੁਣ ਤੱਕ ਇਹਨਾਂ ਨਾਲ ਕੋਈ ਮੇਲ ਨਹੀਂ ਹੈ। ਫਿਰ ਵੀ ਮਾਂ ਉੱਥੇ ਰਹਿ ਗਈ? ਮੈਨੂੰ ਐਸ ਸੁਪਨੇ ਦਾ ਰਹੱਸ ਵੀ ਸਮਝ ਨਹੀਂ ਪਿਆ।

× ..ਐਸਤੋਂ ਪਹਿਲਾਂ ਆਏ ਸੁਪਨੇ ਵਿੱਚ ਵੀ ਮਾਂ ਹੀ ਸੀ, ਕੋਈ ਨਿਆਣਾ ਚੁੱਕਿਆ ਹੋਇਆ। ਮੈਂ ਘਰ ਆਇਆ, ਤਾਂ ਮੇਰੇ ਵੱਲ ਵਧੀ। ਜੀਭ ਬਾਹਰ ਕੱਢ ਕੇ ਕਿ ਮੇਰੀ ਜੀਭ ਨਾਲ ਆਪਣੀ ਜੀਭ ਰਲ਼ਾ ਕੇ ਮੈਨੂੰ ਪਿਆਰ ਕਰ। ਮੈਂ ਅਜਿਹਾ ਨਹੀਂ ਕਰ ਸਕਿਆ, ਤਾਂ ਓਸਨੇ ਜੀਭ ਮੇਰੇ ਕੰਨ 'ਚ ਫੇਰਨੀ ਸ਼ੁਰੂ ਕਰ ਦਿੱਤੀ, ਜਿਵੇਂ ਕੋਈ ਪਸ਼ੂ ਆਪਣੇ ਬੱਚੇ ਨੂੰ ਪਿਆਰ ਕਰਦਾ ਹੈ। ਪਰ ਉਦੋਂ ਡਰ ਨਹੀਂ ਸੀ ਲੱਗਿਆ। ਹਾਲਾਕਿ ਪਤਾ ਉਦੋਂ ਵੀ ਸੀ ਕਿ ਐਸਨੂੰ ਮਰਿਆਂ ਤਾਂ ਕਈ ਵਰ੍ਹੇ ਹੋ ਗਏ ਹਨ।

*********************

**ਸੌ ਫੀਸਦੀ ਮੁੰਡਾ**

ਲਓ ਬਈ ਆਪਣਾ ਉੱਡਣਾ ਸੱਪ ਅੱਜ ਕੁਝ ਕਮਾਲ ਦੀ ਜਾਣਕਾਰੀ ਲੈ ਕੇ ਆਇਆ ਹੈ। ਇਹ ਐਸ ਸ਼ਹਿਰ ਦੇ ਓਸ ਇਲਾਕੇ ਦੀ ਜਾਣਕਾਰੀ ਹੈ, ਜਿੱਥੇ ਹਰ ਘਰ ਵਿੱਚ ਕੁੱਤਾ ਰੱਖਿਆ ਹੋਇਆ ਹੈ। ਇਹਨਾਂ ਘਰਾਂ ਦੀਆਂ ਤੀਵੀਂਆਂ ਦੀਆਂ ਅੱਖਾਂ ਸੁੱਜੀਆਂ ਹੋਈਆਂ। ਇਹਦੇ ਕਹਿਣ ਮੁਤਾਬਿਕ ਜੇ ਕੋਈ ਕਾਰੀਗਰ ਬੰਦਾ ਹੋਵੇ ਤਾਂ ਦੋ ਘੰਟੇ ਗੱਲਾਂ ਕਰਨੇ ਤੋਂ ਬਾਦ ਉਹਨਾਂ ਵਿੱਚੋਂ ਕਿਸੇ ਦੀਆਂ ਵੀ ਚੁੰਮੀਆਂ ਲੈ ਕੇ ਮੁੜ ਸਕਦਾ ਹੈ। ਇਹਦਾ ਇੱਕ ਮਿੱਤਰ ਹੈ, ਯੋਗਾ ਮਾਹਿਰ। ਇਹ ਓਸਨੂੰ ਪਿਆਰ ਨਾਲ ਯੋਗੀ ਕਹਿੰਦਾ ਹੈ। ਆਪਾਂ ਵੀ ਯੋਗੀ ਹੀ ਕਹਿ ਲੈਂਦੇ ਹਾਂ। ਇਹ ਜਾਣਕਾਰੀ ਓਸੇ ਬਾਰੇ ਹੈ। ਐਸੇ ਇਲਾਕੇ ਵਿੱਚ ਕਿਧਰੇ ਯੋਗਾ ਕਲਾਸਿਸ ਲੈ ਰਿਹਾ ਹੈ। ਕਿਸੇ ਇੰਡਸਟਰੀਅਲਿਸਟ ਘਰਾਣੇ 'ਚ ਜਾਂਦਾ ਹੈ। ਇਹ ਪਰਿਵਾਰ ਵੀ ਕਮਾਲ ਦੇ ਹੁੰਦੇ ਨੇ। ਇਹਨਾਂ ਦੇ ਆਪਣੇ ਹੀ ਫੰਡੇ ਹੁੰਦੇ ਨੇ। ਉਹ ਜਿਸ ਲੜਕੇ ਨੂੰ ਯੋਗਾ ਕਰਵਾਉਣ ਜਾਂਦਾ ਹੈ, ਜਵਾਨ-ਜਹਾਨ ਹੈ। ਮਕੈਨੀਕਲ ਇੰਜਨੀਅਰਿੰਗ ਦਾ ਵਿਦਿਆਰਥੀ ਸੀ, ਵਿਚਾਲੇ ਹੀ ਬਿਮਾਰ ਹੋ ਗਿਆ। ਇਲਾਜ ਸ਼ੁਰੂ ਕਰਵਾਇਆ ਗਿਆ। ਵਧੀਆ ਤੋਂ ਵਧੀਆ ਡਾਕਟਰ ਦੀ ਸਲਾਹ ਲਈ ਗਈ। ਆਖਿਰ ਅਮਰੀਕਾ ਭੇਜਿਆ ਗਿਆ। ਉੱਥੇ ਇੱਕਲਾ ਰਹਿ ਗਿਆ। ਬਿਮਾਰੀ ਵਧ ਕੇ ਬਲੱਡ ਕੈਂਸਰ ਹੋ ਗਈ। ਡਰ ਦੇ ਮਾਰੇ ਉੱਥੋਂ ਦੌੜ ਆਇਆ। ਫਿਰ ਮੁੰਬਈ ਤੋਂ ਇਲਾਜ ਚੱਲਿਆ, ਪਰ ਕੋਈ ਬਹੁਤਾ ਫਰਕ ਨਹੀਂ। ਹੌਲੀ-ਹੌਲੀ ਦੋਵੇਂ ਕਿਡਨੀਆਂ ਫੇਲ੍ਹ ਹੋ ਗਈਆਂ। ਹੁਣ ਕਾਫੀ ਮੰਦੀ ਹਾਲਤ ਹੈ।

ਉਹਦੀਆਂ ਕੁਝ ਕਮਾਲ ਦੀਆਂ ਗੱਲਾਂ ਤੁਹਾਡੇ ਨਾਲ ਕਰਦੇ ਹਾਂ। ਓਸ ਮੁੰਡੇ ਨੂੰ ਕਲਾਸੀਕਲ ਸੰਗੀਤ ਸੁਣਨ ਦਾ ਬਹੁਤ ਸ਼ੌਕ ਹੈ। ਦੁਨੀਆਂ ਭਰ ਦੇ ਕਲਾਸੀਕਲ ਸਿੰਗਰਾਂ ਦੀਆਂ ਸੀਡੀਆਂ ਓਸਦੀ ਕਾਰ ਵਿੱਚ ਪਈਆਂ ਹਨ। ਦੁਨੀਆ ਦਾ ਸੱਭ ਤੋਂ ਖ਼ੂਬਸੂਰਤ ਮਿਉਜ਼ਿਕ ਪਲੇਅਰ ਓਸਦੇ ਕਮਰੇ ਵਿੱਚ ਲੱਗਾ ਹੈ ਤੇ ਓਸੇ ਤਰ੍ਹਾਂ ਦਾ ਸਿਸਟਮ ਕਾਰ ਵਿੱਚ ਲੱਗਾ ਹੈ। ਉਹ ਬਹੁਤ ਹੀ ਉੱਚੀ ਡੈੱਕ ਲਾਵੇਗਾ ਤੇ ਤੇਜ਼ ਰਫਤਾਰ ਵਿੱਚ ਕਾਰ ਚਲਾਵੇਗਾ। ਹਰ ਮਹੀਨੇ ਕਾਰ ਨੂੰ ਤਰ੍ਹਾਂ-ਤਰ੍ਹਾਂ ਦੇ ਰੰਗ ਬਦਲਵਾਏਗਾ। ਕਦੇ ਕਾਰ ਦਾ ਅੱਧਾ ਰੰਗ ਹੋਰ ਤੇ ਅੱਧਾ ਰੰਗ ਹੋਰ ਕਰਾਵੇਗਾ। ਮਜ਼ੇ ਪੂਰੇ ਲਵੇਗਾ। ਉਹਨੂੰ ਗੋਲ ਗੱਪੇ ਖਾਣ ਦਾ ਬਹੁਤ ਸ਼ੌਕ ਹੈ। ਕਾਰ ਉੱਤੇ ਲਿਖਵਾਇਆ ਹੋਇਆ 'ਸੌ ਫੀਸਦੀ ਮੁੰਡਾ'। ਜਿਸ ਸੈਲੂਨ ਵਿੱਚ ਇਹ ਮੁੰਡਾ ਜਾਂਦਾ ਸੀ, ਯੋਗੀ ਮਿੱਤਰ ਓਸ ਵਿੱਚ ਹਫਤੇ 'ਚ ਇੱਕ ਵਾਰ ਯੋਗਾ ਕਰਵਾਉਣ ਜਾਂਦਾ ਹੈ। ਇਹ ਸੈਲੂਨ ਵੀ ਬਹੁਤ ਮਹਿੰਗਾ ਹੈ। ਸਾਰੇ ਸ਼ਹਿਰ ਦੇ ਅਮੀਰ ਲੋਕ ਇੱਥੇ ਆਉਂਦੇ ਹਨ। ਯੋਗੀ ਇੱਥੇ ਦੇ ਕਿੱਸੇ ਬਹੁਤ ਹੀ ਚਟਕਾਰੇ ਲਾ-ਲਾ ਦੱਸਦਾ ਹੈ। ਕਿਸੇ ਬਹੁਤ ਹੀ ਵੱਡੇ ਬਿਉਟੀਪਾਰਲਰ ਦੀ ਚੇਨ ਹੈ। ਐਸ ਸ਼ਹਿਰ ਵਿੱਚ ਐਸਨੂੰ ਮੈਡਮ ਬੇਰੀ ਚਲਾ ਰਹੀ ਹੈ। ਬਹੁਤ ਹੀ ਮੰਜੀ ਹੋਈ ਕਰੈਕਟਰ। ਜਿਮਖਾਨਾ ਕਲੱਬ ਦੀ ਸਿਰਕੱਢ ਮੈਂਬਰ ਹੈ। ਹਰ ਸਮਾਜਿਕ ਕੰਮ ਵਿੱਚ ਅੱਗੇ। ਪਰ ਘਰਵਾਲੇ ਨਾਲ ਬਹੁਤ ਹੀ ਘੱਟ ਬਣਦੀ

ਹੈ। ਯੋਗੀ ਇੱਕ ਦਿਨ ਦੱਸ ਰਿਹਾ ਸੀ ਕਿ ਉਹ ਸਵੇਰੇ-ਸਵੇਰੇ ਉੱਥੇ ਗਿਆ, ਤਾਂ ਇੱਕ ਚੁਲਬੁਲੀ ਜਿਹੀ ਲੜਕੀ ਉੱਥੇ ਕੰਮ ਕਰਨ ਵਾਲੀਆਂ ਕੁੜੀਆਂ ਨੂੰ ਡਾਂਟ ਰਹੀ ਸੀ। ਬਹੁਤ ਹੀ ਕਮਾਲ ਦਾ ਦ੍ਰਿਸ਼ ਸੀ। ਇੱਕ ਗੋਰਖਣ ਜਿਹੀ ਦਿਸਣ ਵਾਲੀ ਲੜਕੀ ਇੱਕ ਪਾਸੇ ਦੁਬਕੀ ਖੜੀ ਸੀ। ਇਹ ਜਿਸ ਦਿਨ ਯੋਗੀ ਨੇ ਯੋਗਾ ਕਰਵਾਉਣ ਆਉਣਾ ਹੁੰਦਾ ਸੀ, ਓਸ ਦਿਨ ਪੰਜਾਬੀ ਸੂਟ ਪਾ ਕੇ ਆਉਂਦੀ ਸੀ। ਐਸਦੇ ਮਨ ਦੀ ਗੰਢ ਨੂੰ ਇੱਕ ਹੋਰ ਕਾਲੀ ਕੁੜੀ ਨੇ ਫੜ ਲਿਆ ਸੀ। ਫਿਰ ਯੋਗੀ ਨੇ ਐਸਨੂੰ ਕਹਿ ਦਿੱਤਾ ਕਿ ਤੈਨੂੰ ਪੰਜਾਬੀ ਸੂਟ ਬਹੁਤ ਫੱਬਦਾ ਹੈ, ਤਾਂ ਇਹ ਐਸਦਾ ਰੂਟੀਨ ਹੀ ਹੋ ਗਿਆ ਕਿ ਜਿਸ ਦਿਨ ਯੋਗੀ ਨੇ ਆਉਣਾ ਹੁੰਦਾ ਇਹ ਪੰਜਾਬੀ ਸੂਟ ਪਹਿਨ ਕੇ ਆਉਂਦੀ। ਹਾਲਾਂਕਿ ਐਸਨੂੰ ਪਾਰਲਰ ਆ ਕੇ ਡਰੈਸ ਚੇਂਜ ਕਰਨੀ ਪੈਂਦੀ ਸੀ, ਪਰ ਯੋਗੀ ਨੂੰ ਝਲਕ ਦਿੱਤੇ ਬਿਨਾਂ ਇਹ ਡਰੈਸ ਚੇਂਜ ਨਹੀਂ ਸੀ ਕਰਦੀ। ਉਹ ਚੁਲਬੁਲੀ ਕੁੜੀ ਪਹਿਲਾਂ ਇੱਥੇ ਨਹੀਂ ਸੀ ਦੇਖੀ। ਐਸ ਲਈ ਯੋਗੀ ਵਾਸਤੇ ਇਹ ਹੈਰਾਨ ਕਰਨ ਵਾਲੀ ਘਟਨਾ ਸੀ। ਉਹਨੇ ਪਰਦੇ ਜਿਹੇ ਨਾਲ ਰਾਮੂ ਨੂੰ ਪੁਛਿਆ, ਜਿਹੜਾ ਐਥੇੇ ਮੁੰਡੂ ਰੱਖਿਆ ਹੋਇਆ ਹੈ, ਤਾਂ ਓਸਨੇ ਦੱਸਿਆ ਕਿ ਇਹ ਕੋਈ ਵੱਡੀ ਅਫਸਰ ਹੈ ਅਤੇ ਚੈਕਿੰਗ ਲਈ ਆਈ ਹੈ। ਸੱਭ ਦੀ ਹਾਜ਼ਰੀ ਚੈਕ ਹੋ ਰਹੀ ਹੈ। ਦੇਰ ਨਾਲ ਆਉਣ ਵਾਲਿਆਂ ਨੂੰ ਡਾਂਟ ਪੈ ਰਹੀ ਹੈ। ਮੁੰਡੂ ਸੱਭ ਤੋਂ ਵੱਧ ਖੁਸ਼ ਐਸ ਲਈ ਹੈ ਕਿ ਓਸਨੂੰ ਗੱਲ-ਗੱਲ 'ਤੇ ਡਾਂਟਣ ਵਾਲਿਆਂ ਨੂੰ ਅੱਜ ਖੁਦ ਨੂੰ ਡਾਂਟ ਪੈ ਰਹੀ ਹੈ।

ਯੋਗੀ ਇੱਕ ਪਾਸੇ ਬੈਠ ਗਿਆ, ਤਾਂ ਥੋੜੀ ਦੇਰ ਬਾਅਦ ਓਸ ਲੜਕੀ ਨੇ ਐਸ ਕੋਲ ਆ ਕੇ ਗੱਲਬਾਤ ਸ਼ੁਰੂ ਕੀਤੀ। ਓਸਨੂੰ ਆਪਣੇ ਭਾਰੀ ਹੋ ਰਹੇ ਕੁੱਲਿਆਂ ਦੀ ਚਿੰਤਾ ਲੱਗੀ ਹੋੋਈ ਸੀ। ਯੋਗੀ ਕੋਲ ਇਹਨਾਂ ਸੱਭ ਦਾ ਇਲਾਜ ਸੀ। ਕਹਿ ਰਹੇ ਸਨ,'ਚਿੰਤਾ ਨਾ ਕਰੋ ਇਹ ਔਰਤਾਂ ਵਿੱਚ ਆਮ ਹੀ ਹੋ ਜਾਂਦਾ ਹੈ। ਯੋਗਾ ਨਾਲ ਬਿਲਕੁਲ ਠੀਕ ਹੋ ਜਾਵੇਗਾ। ਦੋ-ਚਾਰ ਆਸਣ ਤੁਹਾਨੂੰ ਸਮਝਾ ਦਿੰਦਾ ਹਾਂ, ਤੁਸੀਂ ਖੁਦ ਹੀ ਰੈਗੁਲਰ ਕਰਦੇ ਰਹਿਣਾ, ਠੀਕ ਹੋ ਜਾਵੇਗਾ।' ਫਿਰ ਓਸਨੇ ਇਹਦੇ ਕੋਲੋਂ ਐਕਸਕਿਊਜ਼ ਮੰਗ ਕੇ ਇਹਦੇ ਕੁੱਲਿਆਂ ਦੇ ਮਾਸ ਨੂੰ ਚੂੰਢੀ ਭਰਕੇ ਵੀ ਦੇਖਿਆ, ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਮਾਸ ਕਿੰਨਾ ਕੁ ਵਧਿਆ ਹੈ। ਇਹ ਦ੍ਰਿਸ਼ ਦੱਸਦਿਆਂ ਯੋਗੀ ਨੇ ਪਤਾ ਨਹੀਂ ਕਿਉਂ ਕਹਿ ਦਿੱਤਾ ਕਿ ਮੈਂ ਮਨ ਹੀ ਮਨ ਵਿੱਚ ਕਿਹਾ ਕਿ ਲੈ ਤੂੰ ਹੀ ਮੇਰੀ ਗੋਰਖਣ ਦੀ ਬੇਇਜ਼ਤੀ ਕਰ ਰਹੀ ਸੀ ਨਾ। ਫਿਰ ਮੁੰਡੂ ਤਾਂ ਯੋਗੀ ਦੀਆਂ ਸਾਂਗਾਂ ਲਾ-ਲਾ ਸੱਭ ਨੂੰ ਦ੍ਰਿਸ਼ ਵਿਖਾਉਂਦਾ ਰਿਹਾ ਸੀ।

ਆਪਾਂ ਹੋਰ ਪਾਸੇ ਨਿਕਲ ਗਏ, ਦਰਅਸਲ ਆਪਾਂ ਗੱਲ ਕਰ ਰਹੇ ਸੀ ਓਸ ਇੰਡਸਟਰੀਅਲਿਸਟ ਦੇ ਮੁੰਡੇ ਦੀ, ਜੋ ਬਲੱਡ ਕੈਂਸਰ ਤੋਂ ਪੀੜਿਤ ਹੈ ਤੇ ਯੋਗੀ ਓਸਨੂੰ ਯੋਗਾ ਕਲਾਸਿਸ ਰਾਹੀਂ ਠੀਕ ਕਰਨ ਜਾਂਦਾ ਹੈ। ਮਜ਼ੇ ਦੀ ਗੱਲ ਹੈ ਕਿ ਓਸ ਮੁੰਡੇ ਨੇ ਅੱਜ ਤੱਕ ਇੱਕ ਵਾਰ ਵੀ ਯੋਗਾ ਨਹੀਂ ਕੀਤਾ। ਯੋਗੀ ਦਾ ਹਮੇਸ਼ਾ ਇਹ ਮੰਨਣਾ ਰਿਹਾ ਕਿ ਮੈਂ ਯੋਗਾ ਰਾਹੀਂ ਬੰਦੇ ਅੰਦਰ ਜੀਣ ਦੀ ਵਿੱਲ-ਪਾਵਰ ਭਰ ਦਿੰਦਾ ਹਾਂ। ਪਰ ਇੱਥੇ ਆ ਕੇ ਉਹ ਆਪ ਹੈਰਾਨ ਰਹਿ ਗਿਆ। ਐਸ ਮੁੰਡੇ ਵਿੱਚ ਮੌਤ ਦਾ ਖੌਫ ਤਾਂ ਹੈ ਹੀ ਨਹੀਂ। ਓਸਨੂੰ ਤਾਂ ਜਿਵੇਂ ਲਗਦਾ ਹੀ ਨਹੀਂ ਕਿ ਮੈਂ ਬਿਮਾਰ ਹਾਂ। ਉਹ ਤਾਂ ਉਡਿਆ ਫਿਰਦਾ ਹੈ। ਸੰਗੀਤ ਸੁਣਦਾ ਹੈ, ਤੇਜ਼ ਕਾਰ ਦੁੜਾਉਂਦਾ ਹੈ, ਗੋਲਗੱਪੇ ਖਾਂਦਾ ਹੈ, ਕੁੜੀਆਂ ਦੇ ਨੇੜੇ ਜਾ ਕੇ ਕਾਰ ਦੀ ਯਕਦਮ ਬਰੇਕ ਲਾਉਂਦਾ ਹੈ, ਹੱਸਦਾ ਹੈ, ਭਾਵੁਕ ਹੁੰਦਾ ਹੈ, ਦੋਸਤਾਂ ਨੂੰ ਟਰੀਟ ਦਿੰਦਾ ਹੈ, ਫਿਲਮਾਂ ਦੇਖਦਾ ਹੈ, ਖਬਰਾਂ ਬਾਰੇ ਬਹਿਸ ਕਰਦਾ ਹੈ, ਉਹ ਤਾਂ ਯੋਗੀ ਨੂੰ ਕਹਿੰਦਾ ਹੈ ਕਿ ਤੁਹਾਨੂੰ ਸਾਰਿਆਂ ਨੂੰ ਬਸਤਰ ਦੇ ਜੰਗਲ ਵਿੱਚ ਜਾਣਾ ਚਾਹੀਦਾ ਹੈ। ਮੇਰਾ ਪਿਓ ਜੇ ਉੱਥੇ ਕਿਸੇ ਖਾਣ ਦਾ ਠੇਕਾ ਲਵੇਗਾ, ਤਾਂ ਮੈਂ ਜ਼ਰੂਰ ਉਹਨਾਂ ਮੁੰਡਿਆਂ ਨਾਲ ਰਲ ਜਾਵਾਂਗਾ। ਇਹ ਸਾਰੇ ਵੱਡੇ ਲੋਕ ਚੋਰ ਹੁੰਦੇ ਨੇ। ਮੇਰਾ ਪਿਓ ਵੀ ਚੋਰ ਹੈ। ਇਹਨੇ ਹੀ ਸਾਨੂੰ ਸਾਰਿਆਂ ਨੂੰ ਬਿਮਾਰ ਕੀਤਾ ਹੈ। ਸਾਲਾ ਨਾ ਮਰਦਾ ਹੈ ਨਾ ਜੀਣ ਦਿੰਦਾ ਹੈ।

× .. ਲਓ ਜੀ ਆਪਣਾ ਉੱਡਣਾ ਸੱਪ ਹੋਰ ਵੀ ਖਬਰ ਲੈ ਆਇਆ ਹੈ, ਜਿਹੜੀ ਯੋਗੀ ਨੇ ਨਹੀਂ ਦੱਸੀ। ਦਰਅਸਲ ਯੋਗੀ ਦੀ ਜਿੱਥੇ ਗਾਟੀ ਪੈ ਜਾਂਦੀ ਹੈ, ਉੱਥੇ ਬਾਰੇ ਗੱਲਬਾਤ ਕਰਦਿਆਂ ਇਹ ਕੁਝ ਨਾ ਕੁਝ ਲੁਕੋ ਜ਼ਰੂਰ ਲੈਂਦਾ ਹੈ। ਚਲੋ ਇੱਥੇ ਤਾਂ ਸਾਡਾ ਦਿੱਭ ਦ੍ਰਿਸ਼ਟੀ ਵਾਲਾ ਵਿਦੁਰ ਯਾਨੀ ਉੱਡਣਾ ਸੱਪ ਜਾਂ ਅੱਜ ਕਿਉਂਕਿ ਵਧੀਆ ਖਬਰ ਲੈ ਕੇ ਆਇਆ ਹੈ ਤਾਂ ਇਹਨੂੰ ਪਿਆਰ ਨਾਲ ਜੋਕਰ ਕਹਿ ਲਵੋ, ਇਹ ਕੰਮ ਆਵੇਗਾ। ਮੈਂ ਹੈਰਾਨ ਸਾਂ ਕਿ ਸਾਡੇ ਰਿਸ਼ੀ ਮੁਨੀ ਜਦੋਂ ਕੁਝ ਲਿਖਦੇ ਸਨ, ਤਾਂ ਅਜਿਹੇ ਹੀ ਪਾਤਰ ਘੜ ਲੈਂਦੇ ਸਨ, ਜੋ ਵਕਤ ਸਿਰ ਕੰਮ ਆਉਂਦੇ ਸਨ। ਜੋਕਰ ਨੇ ਓਸ ਇੰਡਸਟਰੀਅਲਿਸਟ ਪਰਿਵਾਰ ਦਾ ਬਿਓਰਾ ਐਸ ਤਰ੍ਹਾਂ ਦਿੱਤਾ ਹੈ- ਸ੍ਰ. ਸਸ ਮੱਕੜ ਬਾਡੀ ਬਿਲਡਰ। ਸੀਟਾਂ ਵੀ ਬਣਾਉਂਦੇ ਹਨ। ਰੇਲ ਦੀਆਂ ਸੀਟਾਂ ਵੀ। ਬਹੁਤ ਸਾਰੇ ਲਿੰਕਸ ਹਨ। ਰੇਲ ਕੋਚ ਫੈਕਟਰੀ ਦਾ ਬਹੁਤ ਸਾਰਾ ਮਾਲ ਇੱਥੋਂ ਹੀ ਸਪਲਾਈ ਹੁੰਦਾ ਹੈ। ਅਸੀਂ ਹੈਰਾਨ ਸਾਂ ਕਿ ਇੱਕ ਵਾਰ ਰੇਲ ਦਾ ਸਫਰ ਕਰਦਿਆਂ ਯੋਗੀ ਸਾਹਬ ਨੇ ਉਹਨਾਂ ਸੀਟਾਂ ਬਾਰੇ ਏਨੀ ਔਥੈਂਟਿਕ ਜਾਣਕਾਰੀ ਦਿੱਤੀ ਸੀ ਕਿ ਪੁਛੋ ਕੁਝ ਨਾ। ਹੁਣ ਸਮਝ ਆ ਗਈ ਹੈ। ਖੈਰ, ਐਸ ਪਰਿਵਾਰ ਦੇ ਸੱਤ ਮੈਂਬਰ ਹਨ। ਮੱਕੜ ਸਾਹਬ ਤੇ ਉਹਨਾਂ ਦੀ ਬੀਵੀ। ਤਿੰਨ ਪੁੱਤਰ, ਦੋ ਨੂੰਹਾਂ। ਮੱਕੜ ਸਾਹਬ ਕੋਲ ਨਾ ਬਿਮਾਰ ਹੋਣ ਦੀ ਵਿਹਲ ਹੈ ਅਤੇ ਨਾ ਹੀ ਬਿਮਾਰਾਂ ਦਾ ਹਾਲ ਪੁੱਛਣ ਦੀ। ਹਾਂ ਉਹ ਇਹਨਾਂ ਉੱਤੇ ਪੈਸਾ ਲਾ ਸਕਦੇ ਹਨ। ਇਹਨਾਂ ਦੀ ਚਿੰਤਾ ਸਿਰਫ ਮਿਸਿਜ਼ ਮੱਕੜ ਨੂੰ ਹੈ। ਉਹੀ ਜੋ ਵੀ ਡਿਸੀਜ਼ਨ ਲੈ ਲੈਣ ਠੀਕ ਹੁੰਦਾ ਹੈ ਤੇ ਮੱਕੜ ਸਾਹਬ ਨੂੰ ਮਨਜ਼ੂਰ। ਇਹਨਾਂ ਨੇ ਹੀ ਯੋਗੀ ਨੂੰ ਬੁਲਾ ਕੇ ਉਸ ਮੁੰਡੇ ਨੂੰ ਯੋਗਾ ਨਾਲ ਠੀਕ ਕਰਨ ਦਾ ਫੈਸਲਾ ਲਿਆ ਹੈ। ਯੋਗੀ ਬਾਰੇ ਇਹਨਾਂ ਨੂੰ ਮਿਸਿਜ਼ ਭੱਟੀ ਤੋਂ ਪਤਾ ਲੱਗਿਆ ਸੀ। ਇਹ ਡਾਕਟਰ ਭੱਟੀ ਦੀ ਵਿਧਵਾ ਹੈ। ਭੱਟੀ ਜਿਸਨੇ ਸੱਭ ਤੋਂ ਵੱਧ ਪੈਸਾ ਕਮਾਇਆ ਤੇ ਐਸ ਸੰਸਾਰ ਨੂੰ ਅਲਵਿਦਾ ਕਹਿ ਗਏ। ਡਾਕਟਰ ਭੱਟੀ, ਜਿਹਨਾਂ ਨੇ ਕਦੇ ਵੀ ਏਧਰ-ਓਧਰ ਨਹੀਂ ਦੇਖਿਆ, ਬਸ ਚੌਵੀ ਘੰਟੇ ਪ੍ਰੈਕਟਿਸ। ਚੀਰ-ਫਾੜ। ਬੀਵੀ ਦੀ ਵੀ ਸਿਰਫ ਚੀਰ-ਫਾੜ। ਫਿਰ ਉਹਨਾਂ ਦੀ ਅਚਾਨਕ ਮੌਤ ਹੋ ਗਈ। ਤਦ ਜਾ ਕੇ ਮਿਸਿਜ਼ ਭੱਟੀ ਨੂੰ ਸੁਰਤ ਆਈ ਕਿ ਜ਼ਿੰਦਗੀ ਕੀ ਹੁੰਦੀ ਹੈ। ਇਹਨੂੰ ਸੁਰਤ ਵਿੱਚ ਲਿਆਉਣ ਵਾਲੇ ਯੋਗੀ ਸਾਹਬ ਹਨ। ਉਹ ਪਹਿਲਾਂ ਡਿਪਰੈਸ਼ਨ ਵਿੱਚ ਚਲੀ ਗਈ ਸੀ। ਫਿਰ ਕਿਤਿਉਂ ਖਬਰ ਮਿਲੀ ਕਿ ਯੋਗਾ ਰਾਹੀਂ ਇਲਾਜ ਸੰਭਵ ਹੈ। ਯੋਗੀ ਸਾਹਬ ਆ ਗਏ ਤੇ ਮਿਸਿਜ਼ ਭੱਟੀ ਦਿਨਾਂ ਵਿੱਚ ਹੀ ਤੰਦਰੁਸਤ ਹੋ ਗਈ। ਜਿਉਣ ਦੀ ਲਾਲਸਾ ਵੱਧ ਗਈ। ਸੱਭ ਤੋਂ ਪਹਿਲਾਂ ਯੋਗੀ ਦੇ ਕਹਿਣ 'ਤੇ ਹੀ ਪਹਾੜ ਦੀ ਸੈਰ ਨੂੰ ਨਿਕਲੀ। ਘਰ ਵਿੱਚ ਕੀ ਨਹੀਂ ਹੈ, ਕਾਰ ਹੈ, ਬੰਗਲਾ ਹੈ, ਡਰਾਇਵਰ ਹੈ, ਰਸੋਈਆ ਹੈ, ਮੋਟੇ ਪੈਸੇ ਹਨ, ਵਥੇਰਾ ਕਮਾ ਗਏ ਭੱਟੀ ਸਾਹਬ, ਨਾਲੇ ਜੱਦੀ ਜਾਇਦਾਦ। ਹੋਰ ਕੋਈ ਤਾਂ ਇਹਨਾਂ ਦੀ ਰਿਸ਼ਤੇਦਾਰੀ ਵਿੱਚ ਵੀ ਹੈਨੀ। ਬਸ ਫਿਰ ਕੀ ਸੀ ਕਿ ਹਰ ਮਹੀਨੇ ਡਲਹੌਜ਼ੀ ਦਾ ਚੱਕਰ। ਹੁਣ ਇੱਕ ਵਕੀਲ ਨਾਲ ਉਹਨਾਂ ਦੀ ਦੋਸਤੀ ਹੈ ਤੇ ਪਹਾੜ ਦੀ ਸੈਰ ਵੀ ਇੱਕਠੇ ਕਰਨ ਜਾਂਦੇ ਹਨ। ਉਹ ਮਿਸਿਜ਼ ਮੱਕੜ ਨੂੰ ਦੱਸ ਰਹੀ ਸੀ ਕਿ ਇਹ ਵਕੀਲ ਵੀ ਰੰਡਾ ਹੈ ਤੇ ਇਹਨਾਂ ਦੋਵਾਂ ਨੇ 'ਏਕ ਸਾਥ' ਰਹਿਣ ਦਾ ਫੈਸਲਾ ਕਰ ਲਿਆ ਹੈ। ਮਿਸਿਜ਼ ਮੱਕੜ ਨੇ ਓਸਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ ਕਿ ਸਮਾਜ ਨੂੰ ਕੀ ਮੂੰਹ ਦਿਖਾਏਂਗੀ? ਜੇ ਉਂਝ ਹੀ ਚੱਲਦਾ ਹੈ ਤਾਂ ਚੱਲੀ ਜਾਣ ਦੇ। ਫਿਰ ਇਹ ਦੋਵੇਂ ਠਹਾਕਾ ਮਾਰਕੇ ਹੱਸੀਆਂ ਸਨ। ਅੱਛਾ, ਗੱਲ ਐਸਨੂੰ ਜਚ ਗਈ ਸੀ ਤੇ ਇਹ ਪਹਿਲਾਂ ਵਾਂਗ ਹੀ ਨਾਰਮਲ ਹੋ ਗਈ ਸੀ।

ਮਿਸਿਜ਼ ਮੱਕੜ ਨੂੰ ਯੋਗੀ ਬਾਰੇ ਐਸਨੇ ਖਬਰ ਦਿੱਤੀ ਤਾਂ ਯੋਗੀ ਸਾਹਬ ਦਾ ਫੇਰਾ ਏਧਰ ਵੀ ਸ਼ੁਰੂ ਹੋ ਗਿਆ। ਫਿਰ ਹੌਲੀ-ਹੌਲੀ ਇਹ ਸਪਸ਼ਟ ਹੋ ਗਿਆ ਕਿ ਐਸ ਘਰ ਵਿੱਚ ਸਾਰੇ ਬਿਮਾਰ ਹਨ। ਵੱਡੀ ਨੂੰਹ ਨੂੰ ਵੇਲੇ-ਕੁਵੇਲੇ ਫਿੱਟ ਪੈਂਦੇ ਹਨ, ਯੋਗਾ ਠੀਕ ਕਰ ਦੇਵੇਗਾ। ਛੋਟੀ ਨੂੰਹ ਵੀ ਉਣੀਂਦੇ ਦੀ ਰੋਗੀ ਹੈ, ਯੋਗਾ ਨਾਲ ਠੀਕ ਹੋ ਜਾਵੇਗੀ। ਮਿਸਿਜ਼ ਮੱਕੜ ਦੇ ਗੋਡੇ ਨਹੀਂ ਚੱਲਦੇ, ਯੋਗਾ ਨਾਲ ਠੀਕ ਹੋ ਜਾਣਗੇ। ਵੱਡਾ ਮੁੰਡਾ ਕਈ ਵਾਰ ਡਿਪਰੈਸ਼ਨ ਵਿੱਚ ਜਾ ਚੁੱਕਿਆ ਹੈ, ਸਰਬ ਰੋਗ ਕਾ

ਯੋਗਾ ਇਲਾਜ। ਬਸ ਫੇਰ ਕੀ ਸਾਰਾ ਟੱਬਰ ਯੋਗੀ ਜੀ ਦੇ ਹਵਾਲੇ। ਹੌਲੀ-ਹੌਲੀ ਉਹਨੇ ਪਤਾ ਲਗਾ ਲਿਆ ਕਿ ਇਹਨਾਂ ਦੀ ਛੋਟੀ ਨੂੰਹ ਕਲਾਕਾਰ ਹੈ। ਆਪਣੇ ਪੇਕੇ ਉਹ ਕਲੇਅ ਦੀਆਂ ਮੂਰਤੀਆਂ ਬਣਾਇਆ ਕਰਦੀ ਸੀ। ਯੋਗੀ ਸਾਹਬ ਨੇ ਅਜਿਹਾ ਮੰਤਰ ਫੂਕਿਆ ਕਿ ਪਲਾਂ ਵਿੱਚ ਉੱਥੇ ਕਲੇਅ ਆ ਗਈ। ਮੂਰਤੀਆਂ ਬਣਨੀਆਂ ਸ਼ੁਰੂ ਹੋ ਗਈਆਂ। ਉਣੀਂਦਾ ਰੋਗ ਉੱਡ ਗਿਆ। ਪੂਰਾ ਪਰਿਵਾਰ ਤੰਦਰੁਸਤੀ ਦੇ ਰਾਹ ਪੈ ਗਿਆ। ਦੋ ਮਹੀਨਿਆਂ ਵਿੱਚ ਹੀ ਕਲੇਅ ਦੀਆਂ ਢੇਰ ਸਾਰੀਆਂ ਮੂਰਤੀਆਂ ਬਣ ਕੇ ਤਿਆਰ। ਹੁਣ ਇਹਨਾਂ ਦੀ ਨੁਮਾਇਸ਼ ਲਗਾਈ ਜਾਵੇ। ਸ਼ਹਿਰ ਦਾ ਬਹੁਤ ਹੀ ਮਹਿੰਗਾ ਹੋਟਲ ਬੁੱਕ ਹੋ ਗਿਆ, ਆਖਿਰ ਸ੍ਰ. ਮੱਕੜ ਦੀ ਨੂੰਹ ਹੈ। ਤਿਆਰੀ ਕੀਤੀ ਜਾਣ ਲੱਗੀ। ਕਲਾਕਾਰ ਮਨ ਨੇ ਆਪ ਦੀਵੇ ਬਣਾਏ, ਆਪ ਸਾਰੀ ਡੈਕੋਰੇਸ਼ਨ ਦਾ ਪ੍ਰਬੰਧ ਕੀਤਾ। ਯੋਗੀ ਸਾਹਬ ਨਾਲ-ਨਾਲ। ਉਹਨਾਂ ਦੇ ਮਨ ਦੀ ਮੁਰਾਦ ਵੀ ਪੂਰੀ ਹੁੰਦੀ ਲੱਗ ਰਹੀ ਸੀ। ਕਲਾਕਾਰ ਹਰ ਕੰਮ ਉਹਨਾਂ ਦੀ ਸਲਾਹ ਨਾਲ ਕਰ ਰਹੀ ਸੀ। ਜੇ ਕੋਈ ਕਮਾਲ ਦਾ ਪੀਸ ਤਿਆਰ ਹੋ ਜਾਂਦਾ ਤਾਂ ਪਿਆਰ ਨਾਲ ਯੋਗੀ ਸਾਹਬ ਨੂੰ ਚੁੰਮ ਲਿਆ ਜਾਂਦਾ। ਇਹ ਕਲਾਕਾਰ ਲੋਕ ਭਾਵੁਕ ਬਹੁਤ ਹੁੰਦੇ ਹਨ।

ਲਓ ਜੀ ਨੁਮਾਇਸ਼ ਵਾਲਾ ਦਿਨ ਆ ਗਿਆ। ਡੀਸੀ ਸਾਹਬ ਨੂੰ ਸੱਦ ਕੇ ਉਦਘਾਟਨ ਕਰਵਾਇਆ ਗਿਆ। ਰੌਣਕ ਲੱਗ ਗਈ। ਹਰ ਕੋਈ ਤਰੀਫ ਕਰ ਰਿਹਾ। ਮਿਸਿਜ਼ ਭੱਟੀ ਤਾਂ ਜਿਵੇਂ ਉੱਡੀ ਫਿਰ ਰਹੀ ਸੀ। ਓਸਨੂੰ ਲੱਗਦਾ ਸੀ ਕਿ ਜਿਵੇਂ ਓਸਦੀ ਚਿਰਾਂ ਤੋਂ ਸੁੱਤੀ ਕਲਾ ਹੁਣ ਐਸ ਕੁੜੀ ਰਾਹੀਂ ਬਾਹਰ ਆ ਗਈ ਹੋਵੇ। ਤਿੰਨ ਦਿਨ ਨੁਮਾਇਸ਼ ਲੱਗੀ। ਰੌਣਕ ਤਾਂ ਰਹੀ, ਪਰ ਮੂਰਤੀ ਵਿਕੀ ਕੋਈ ਨਹੀਂ। ਕਲਾਕਾਰ ਵੀ ਨਿਰਾਸ਼। ਘਰਵਾਲੇ ਨੇ ਫਜ਼ੂਲ ਖਰਚ ਬੰਦ ਕਰਨ ਲਈ ਕਹਿ ਦਿੱਤਾ। ਜੇ ਵਿਕਣਾ ਹੀ ਨਹੀਂ ਤਾਂ ਅਜਿਹੇ ਘਾਟੇ ਵਾਲੇ ਕੰਮਾਂ ਵਿੱਚ ਕੀ ਫਾਇਦਾ? ਨੋ ਪ੍ਰੋਫਿਟ, ਮੀਨ ਚੁੱਪ ਕਰਕੇ ਬੈਠ ਜਾਓ। ਜੇ ਕੁਝ ਕਰਨਾ ਹੈ ਤਾਂ ਪ੍ਰੋਫਿਟ ਪਹਿਲਾਂ ਦੇਖਣਾ ਹੋਵੇਗਾ। ਹੋਟਲ ਦਾ ਖਰਚ ਹੀ ਮਾਣ ਨਹੀਂ। ਸੱਭ ਪਾਸੇ ਖਾਮੋਸ਼ੀ। ਕਲਾਕਾਰ ਫਿਰ ਉਣੀਂਦੇ ਦੇ ਹਵਾਲੇ। ਯੋਗੀ ਸਾਹਬ ਖੁਦ ਡਿਪਰੈਸ਼ਨ ਵਿੱਚ ਚਲੇ ਗਏ ਨੇ। ਇਹਨਾਂ ਨੂੰ ਉੱਥੇ ਜਾਣ ਤੋਂ ਜਵਾਬ ਮਿਲ ਗਿਆ ਹੈ , ਕਿਉਂਕਿ ਪਿਛਲੇ ਦਿਨੀ ਉਹ ਮੁੰਡਾ ਰੱਬ ਨੂੰ ਪਿਆਰਾ ਹੋ ਗਿਆ, ਜਿਸਦੇ ਇਲਾਜ ਲਈ ਅਸਲ ਵਿੱਚ ਇਹਨਾਂ ਨੂੰ ਬੁਲਾਇਆ ਗਿਆ ਸੀ।

*****************

**ਲੇਖਕ ਦੀ ਡਾਇਰੀ**

( ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਸੀ ਕਿ ਆਪਾਂ ਨੂੰ ਕਈ ਵਾਰ ਲੇਖਕ ਦੀਆਂ ਕੁਝ ਗੱਲਾਂ ਸੁਨਣੀਆਂ ਪੈ ਸਕਦੀਆਂ ਹਨ। ਇੱਕ ਗੱਲ ਹੋਰ ਧਿਆਨ ਵਿੱਚ ਰੱਖ ਲਿਓ ਕਿ ਮੈਂ ਭਾਵੇਂ ਬਿਰਤਾਂਤਕਾਰ ਹਾਂ, ਪਰ ਮੈਨੂੰ ਸਿਰਜਿਆ ਤਾਂ ਐਸੇ ਲੇਖਕ ਨੇ ਹੈ, ਐਸ ਲਈ ਮੇਰੀ ਅਤੇ ਐਸਦੀ ਗੱਲ ਵਿੱਚ ਰਲਾਅ ਵੀ ਹੋ ਸਕਦਾ ਹੈ। ਤੁਸੀਂ ਐਸਨੂੰ ਇਵੇਂ ਪੜ੍ਹ ਸਕਦੇ ਹੋ ਕਿ ਜੇ ਲੇਖਕ ਆਪਣੀ ਮਾਂ ਬਾਰੇ ਗੱਲ ਕਰ ਰਿਹਾ ਹੈ ਤਾਂ ਸਮਝ ਲਵੋ ਕਿ ਉਹ ਬਿਰਤਾਂਤਕਾਰ ਦੀ ਮਾਂ ਬਾਰੇ ਵੀ ਗੱਲ ਕਰ ਰਿਹਾ ਹੈ। ਜੇ ਮਾਮਲਾ ਫੇਰ ਵੀ ਤੁਹਾਡੇ ਸਮਝ ਵਿੱਚ ਨਾ ਆਵੇ ਤਾਂ ਓਸ ਕਾਂਡ ਨੂੰ ਬਿਲਕੁਲ ਸੱਭ ਕਾਸੇ ਤੋਂ ਤੋੜ ਕੇ ਅਲੱਗ ਕਰਕੇ ਪੜ੍ਹ ਲੈਣਾ। ਬੱਸ ਓਸੇ ਤੱਕ ਸੀਮਿਤ ਕਰਕੇ। ਫਿਰ ਗੱਲ ਜ਼ਿਆਦਾ ਚੰਗੀ ਤਰ੍ਹਾਂ ਨਾਲ ਸਮਝ ਆ ਜਾਵੇਗੀ। )

ਮਕਾਣ ਨਾਲ ਭਰੀ ਹੋਈ ਬੱਸ ਦਾ ਹੌਰਨ ਮੈਨੂੰ ਵਾਰ-ਵਾਰ ਪਰੇਸ਼ਾਨ ਕਰਦਾ ਰਿਹਾ। ਇਹ ਪ੍ਰਾਈਵੇਟ ਬੱਸਾਂ ਵਾਲੇ ਅਜੀਬ ਗਾਣਿਆਂ ਦੀ ਤਰਜ਼ 'ਤੇ ਹੌਰਨ ਲਗਵਾਉਂਦੇ ਹਨ। ਹੁਣ ਸਾਰੇ ਉਤਰੇ ਹੋਏ ਚਿਹਰੇ ਬਸ 'ਚ ਬੈਠੇ ਸਨ। ਅੱਖਾਂ 'ਚ ਚਟਿਆਈ। ਕੰਨਾਂ 'ਚ ਸਾਂ-ਸਾਂ। ਬਸ ਵਾਰ-ਵਾਰ ਹੌਰਨ ਵਜਾ ਰਹੀ ਸੀ।

ਪਹਿਲੇ ਲਲਕਾਰੇ ਨਾਲ ਮੈਂ ਡਰ ਗਈ...

ਦੂਜੇ ਲਲਕਾਰੇ ਨਾਲ...

ਮੇਰੇ ਦਿਮਾਗ 'ਚ ਠੱਕ-ਠੱਕ ਵੱਜ ਰਿਹਾ ਕੁਝ। ਸਾਰਿਆਂ ਦੇ ਵੱਜਦਾ ਹੋਉ। ਕੀ ਪਤਾ ਬਾਕੀ ਸਾਰੇ ਮਰੀ ਹੋਈ ਮਾਮੀ ਬਾਰੇ ਸੋਚ ਰਹੇ ਹੋਣ। ਉਹਦੇ ਬਾਦ ਨੂੰਹਾਂ ਦਾ ਕੀ ਬਣੇਗਾ? ਉਹਨਾਂ ਦਾ ਟੱਬਰ ਹੁਣ ਖੇਰੂੰ-ਖੇਰੂੰ ਹੋ ਜਾਵੇਗਾ। ਮੇਰੀ ਭਾਬੀ ਤਾਂ ਜ਼ਰੂਰ ਇਹੀ ਸੋਚ ਰਹੀ ਹੋਣੀ ਆ। ਨਾਲ ਆਈ ਚਾਚੀ ਕਿਤੇ ਹੋਰ ਗੁਆਚੀ ਹੋਣੀ ਆ। ਉਹਨੂੰ ਵੈਸੇ ਹੌਰਨ 'ਚ ਗੀਤ ਦੀ ਧੁਨ ਸਮਝ ਵੀ ਨੀ ਲੱਗ ਰਹੀ ਹੋਣੀ। ਪਿਓ ਮੇਰਾ ਵੀ ਸ਼ਾਇਦ ਹੌਰਨ ਤੋਂ ਅਭਿੱਜ ਹੀ ਹੋਵੇ। ਵੈਸੇ ਵੀ ਹੌਰਨ ਤਾਂ ਬੱਸ ਦੇ ਬਾਹਰ ਵਾਲਿਆਂ ਵਾਸਤੇ ਹੁੰਦਾ ਹੈ, ਅੰਦਰ ਵਾਲਿਆਂ ਵਾਸਤੇ ਨਹੀਂ। ਪਰ ਇਹ ਬਾਹਰਲਿਆਂ ਨਾਲੋਂ ਅੰਦਰਲਿਆਂ ਨੂੰ ਵੱਧ ਤੰਗ ਕਰਦਾ ਹੈ। ਡਰਾਇਵਰਾਂ ਦੀ ਸਾਈਕਾਲੋਜੀ ਵੀ ਪਤਾ ਨਹੀਂ ਕਿਹੋ ਜਿਹੀ ਹੁੰਦੀ ਆ। ਇਹ ਵੀ ਅਜੀਬ ਹਰਕਤਾਂ ਕਰਦੇ ਨੇ। ਗੱਡੀਆਂ ਨੂੰ ਸਜਾਉਂਦੇ ਈ ਨਹੀਂ ਥੱਕਦੇ। ਸਪੀਕਰ ਲਗਾ ਲੈਣਗੇ ਉੱਚੀ ਅਵਾਜ਼ 'ਚ ਤੇ ਅਜੀਬ ਤਰ੍ਹਾਂ ਦੇ ਗਾਣੇ।

ਚਲੋ, ਅਸੀਂ ਕੀ ਲੈਣਾ। ਅੱਧੇ ਘੰਟੇ ਦਾ ਰਾਹ ਐ। ਕੰਨ ਬੰਦ ਕਰਕੇ ਕੱਟ ਲੈਂਦੇ ਆਂ।

*************

ਮਾਮੀ ਦਾ ਮੰਜਾ ਹਵੇਲੀ 'ਚ ਰੱਖਿਆ ਹੋਇਐ। ਚਲੋ, ਚੰਗਾ ਹੋਇਆ। ਘਰ ਇਹਨਾਂ ਦਾ ਬਹੁਤ ਛੋਟਾ ਹੈ, ਉਥੇ ਏਨੇ ਲੋਕ ਬੈਠ ਨਹੀਂ ਸਨ ਸਕਦੇੇ। ਐਥੇੇ ਠੀਕ ਐ। ਬਾਹਰੋ-ਬਾਹਰ ਲੋਕ ਚਲੇ ਜਾਣਗੇ। ਸਾਡੇ ਜਾਂਦਿਆਂ ਨੂੰ ਕਾਫੀ ਲੋਕ ਆ ਗਏ ਸਨ। ਸੋਫੀ ਪਿੰਡ ਵਾਲੇ ਮਾਸੀ ਜੀ ਤੇ ਉਹਦੀਆਂ ਕੁੜੀਆਂ ਨੇ ਅਜੇ ਆਉਣਾ ਸੀ। ਮਾਮੀ ਦੇ ਤਿੰਨੋਂ ਮੁੰਡਿਆਂ ਦੇ ਸਹੁਰੇ ਤੇ ਧੀ ਦੇ ਸਹੁਰੇ ਵੀ ਆਏ ਹੋਏ ਸਨ। ਉਹ ਤਾਂ ਖਵਰੇ ਰਾਤ ਈ ਆ ਗਏ ਹੋਣ। ਹੋਰ ਪਤਾ ਨਹੀਂ ਕੌਣ-ਕੌਣ ਅਜੇ ਆਵੇਗਾ। ਵੈਸੇ ਇਹਨਾਂ ਨੇ ਗਿਆਰਾਂ ਵਜੇ ਦਾ ਕਿਹਾ ਲੋਕਾਂ ਨੂੰ... ਇੱਕ ਤਾਂ ਵੱਜ ਹੀ ਜਾਵੇਗਾ। ਚੱਲੋ, ਜਿਵੇਂ ਕਰਨਗੇ। ਵੈਸੇ ਸਾਰਿਆਂ ਨੂੰ ਰਾਤ ਦਾ ਪਤਾ ਲੱਗ ਚੁੱਕਿਆ, ਹੁਣ ਤੱਕ ਤਾਂ ਆ ਜਾਣਾ ਚਾਹੀਦਾ ਸੀ।

ਚਲੋ, ਅਸੀਂ ਕੀ ਲੈਣਾ। ਦੋ ਘੰਟਿਆਂ ਦੀ ਗੱਲ ਆ, ਕੱਟ ਲੈਂਦੇ ਆਂ।

***************

ਮਕਾਣਾਂ ਹੌਲੀ-ਹੌਲੀ ਆਈ ਜਾ ਰਹੀਆਂ ਨੇ। ਮੇਰੇ ਪੰਜ ਮਾਮਿਆਂ ਦੀਆ ਕਈ ਧੀਆਂ ਆਈਆਂ ਨੇ।

'ਨੀ ਉੱਠ ਕੇ ਮਿਲ ਅਮੜੀਏ...। ਨੀ ਮਾਏ ਤੂੰ ਗੱਲਾਂ ਕਿਉਂ ਨਹੀਂ ਕਰਦੀ..!' ਉਹ ਦੁਹੱਥੜ ਮਾਰਦੀਆਂ ਨੇ। ਵਿਲਕਦੀਆਂ ਨੇ। ਡੁਸਕਦੀਆਂ ਨੇ। ਫਿਰ ਹੌਲੀ-ਹੌਲੀ ਸਾਡੇ ਵੱਲ ਬੈਠੇ ਆਪਣੇ ਭਰਾਵਾਂ ਨੂੰ ਤੇ ਸਾਨੂੰ ਹੌਸਲਾ ਦਿੰਦੀਆਂ ਨੇ।

ਮੈਂ ਹੈਰਾਨ ਹਾਂ, ਆਪਣੇ ਮਾਮਿਆਂ ਦੀਆ ਬਹੁਤੀਆਂ ਧੀਆਂ ਨੂੰ ਮੈਂ ਸਿਰਫ ਮਕਾਣਾਂ ਦੇ ਰੂਪ 'ਚ ਹੀ ਵੇਖਿਆ ਹੈ। ਉਹ ਕਿੱਥੇ ਵਿਆਹੀਆਂ ਨੇ। ਉਹਨਾਂ ਦੇ ਬੱਚੇ ਕਿੰਨੇ ਨੇ। ਕਿੱਡੇ-ਕਿੱਡੇ ਹੋ ਗਏ ਹੋਣਗੇ। ਮੈਨੂੰ ਕੁਝ ਵੀ ਪਤਾ ਨਹੀਂ। ਇਹੀ ਮਾਮੀ,

ਜਿਹੜੀ ਕੱਲ ਬਰੇਨ ਹੈਮਰੇਜ ਨਾਲ ਮਰੀ ਆ, ਉਹ ਸਾਡੇ ਘਰੇ ਆਈ ਤਾਂ ਮੈਨੂੰ ਪਿਆਰ ਦੇ ਕਹਿਣ ਲਗੀ, 'ਪੁੱਤ, ਮਿਲਿਆ ਗਿਲਿਆ ਕਰੋ! ਰਿਸ਼ਤੇ ਮਿਲਦਿਆਂ ਦੇ ਹੀ ਹੁੰਦੇ ਨੇ।'

ਲਓ, ਸਾਨੂੰ ਇਹ ਕਹਿ ਗਈ ਤੇ ਆਪ ਤੁਰ ਗਈ।

**************

ਇਹ ਜੋ ਪਹਿਲਾ ਆਦਮੀ ਬੋਲਿਆ ਹੈ, ਮਾਮੀ ਦਾ ਕੁੜਮ ਹੈ। ਬਾਹਲਾ ਬਜ਼ੁਰਗ ਹੈ। ਪਗੜੀ ਬੰਨਦਾ ਹੈ। ਮੁੱਛਾਂ ਕੁਤਰੀਆਂ ਹੋਈਆਂ ਨੇ। ਜੇਬ ਵਿਚ ਪੈਨ ਜ਼ਰੂਰ ਲਗਾ ਕੇ ਰਖਦਾ ਹੈ। 'ਭਾਈ ਮੌਤ ਦਾ ਨਹੀਂ ਪਤਾ ਲਗਦਾ। ਸਾਡੇ ਪਿੰਡ ਆਹ ਰੁੜਕੇ ਇੱਕ ਬਜ਼ੁਰਗ ਮਰਿਆ। ਬੜਾ ਭਲਾ ਲੋਕ ਸੀ। ਨੂੰਹ ਸਵੇਰੇ ਉਹਨੂੰ ਹਵੇਲੀ ਚਾਹ ਫੜਾਉਣ ਗਈ ਆ। ਚਾਹ ਪੀਤੀ ਆ ਤੇ ਨੂੰਹ ਨੂੰ ਕਹਿੰਦਾ, 'ਕਿਸ਼ਨਾ ਤੇਰਾ ਭਲਾ ਹੋਵੇ।' ਕਿਸ਼ਨਾ ਮੁੜ ਆਈ। ਅਜੇ ਘਰੇ ਪਹੁੰਚੀ ਵੀ ਨਹੀਂ ਕਿ ਓਧਰ ਰੌਲਾ ਪੈ ਗਿਆ, 'ਭਾਈਆ ਤੁਰ ਗਿਆ। ਭਾਈਆ ਤੁਰ ਗਿਆ।'

'ਆਹੋ ਜੀ, ਉਹਨੇ ਉਹ ਚਾਹ ਪੀਣੀ ਸੀ ਬਸ।'

'ਮੈਂ ਕਿਹਾ ਜੀ ਪਤਾ ਈ ਨਹੀਂ ਲੱਗਾ। ਕਿਸ਼ਨਾ ਵਾਪਸ ਆਈ। ਆ ਕੇ ਅਵਾਜ਼ ਮਾਰੇ। ਪਰ ਭਾਈਆ ਨਾ ਬੋਲੇ।'

ਪਤਾ ਨਹੀਂ ਇਹ ਐਦਾਂ ਦੀਆਂ ਗੱਲਾ ਕਿਉਂ ਕਰਦੇ ਨੇ। ਦਿਲ ਰੱਖਣ ਲਈ? ਪਰ ਕਿਹਦਾ? ਮਰਨ ਵਾਲੀ ਦੇ ਮੁੰਡੇ ਵੀ ਨੇੜੇ ਨਹੀਂ ਬੈਠੇ, ਨੂੰਹਾਂ ਵੀ ਨਹੀਂ, ਧੀ ਵੀ ਨਹੀਂ। ਫਿਰ ਇਹ ਕਿਹਦਾ ਦਿਲ ਰੱਖ ਰਹੇ ਨੇ? ਆਪਣੇ ਆਪ ਨੂੰ ਹੌਸਲਾ ਦੇ ਰਹੇ ਹੋਣੇ ਆ। ਜਾਂ ਮੌਤ ਦਾ ਖ਼ੌਫ ਬੋਲ ਰਿਹਾ ਹੋਣਾ।

**************

'ਕੀ ਹਾਲ ਐ ਹੁਣ ਤੇਰਾ?' ਇਹ ਸੁਆਹ ਵਰਗਾ ਕਾਲਾ ਆਦਮੀ ਹੈ।

'ਬਸ ਬਿਮਾਰੀ ਨਹੀਂ ਛੱਡ ਰਹੀ...। ਚੌਵੀ ਘੰਟੇ ਸਿਰ 'ਚ ਸਾਂ-ਸਾਂ ਰਹਿੰਦੀ ਆ...।' ਝੁਰੜੀਆ ਭਰੇ ਚਿਹਰੇ ਵਾਲਾ ਇਹ ਬਜ਼ੁਰਗ ਮੇਰੇ ਨਾਨਕਿਆਂ ਦੇ ਸ਼ਰੀਕਾਂ 'ਚੋਂ ਹੈ। ਸਾਰੇ ਇਹਨੂੰ ਚਾਚਾ ਕਹਿਕੇ ਬੁਲਾਉਂਦੇ ਨੇ। ਸਿਰ ਤੇ ਪਰਨਾ ਵਲੇਟਿਆ ਹੋਇਆ। ਬਾਂਟਿਆਂ ਵਰਗੀਆਂ ਗੋਲ ਅੱਖਾਂ। ਵਾਰ-ਵਾਰ ਬੀੜੀ ਸੁਲਘਾ ਰਿਹਾ ਹੈ।

'ਇਹ ਤਾਂ ਮਾੜੀ ਗੱਲ ਆ, ਚੌਵੀ ਘੰਟੇ ਦੀ ਦਿਮਾਗ਼ 'ਚ ਸਾਂ-ਸਾਂ ਚੰਗੀ ਨਹੀਂ ਹੁੰਦੀ। ਤੂੰ ਦਵਾਈ ਲੈ ਕਿਸੇ ਚੰਗੇ ਜਿਹੇ ਡਾਕਟਰ ਕੋਲੋਂ।' ਸੁਆਹ ਫੇਰ ਬੋਲੀ ਹੈ।

'ਦਵਾਈ ਤਾਂ ਮੈਂ ਲੈਂਦਾ, ਪਰ ਆਰਾਮ ਨਹੀਂ ਆਉਂਦਾ। ਜਦੋਂ ਤੱਕ ਦਵਾਈ ਖਾਈ ਜਾਓ, ਅਰਾਮ ਰਹਿੰਦਾ। ਬਾਦ 'ਚ ਫੇਰ ਉਹੀ ਹਾਲ।' ਝੁਰੜੀਆਂ ਉਦਾਸ ਨੇ।

'ਇਹ ਖੁਸ਼ਕੀ ਨਾਲ ਹੋ ਜਾਂਦਾ। ਤੂੰ ਬਦਾਮ ਰੋਗਨ ਕੰਨਾਂ 'ਚ ਪਾਇਆ ਕਰ!' ਇਕ ਹੋਰ ਅਵਾਜ਼ ਆਈ।

'ਬਦਾਮ ਰੋਗਨ ਕਿੱਥੇ ਮਿਲਦਾ ਭਰਾਵਾ। ਬੜੀ ਕੋਸ਼ਸ਼ ਕੀਤੀ। '

'ਲੈ ਪੈਦਾ ਕਰ ਦਿੰਦੇ ਆਂ।' ਸੁਆਹ ਹੌਲੀ-ਹੌਲੀ ਦਗਣ ਲੱਗੀ ਹੈ। ਮੈਨੂੰ ਬਹੁਤ ਚੰਗਾ ਲੱਗਿਆ।

******************

ਸੰਤਾਂ ਦੇ ਨਾਲ ਇੱਕ ਮੋਟੀ ਐਨਕ ਵਾਲਾ ਚੌਰਸ ਮੂੰਹਾਂ ਜਿਹਾ ਬੰਦਾ ਵੀ ਆਇਆ ਹੈ। ਅਜਿਹੇ ਲੋਕ ਸੰਤਾਂ ਨਾਲ ਆਮ ਈ ਹੁੰਦੇ ਨੇ। ਇਹ ਸੇਵਾਦਾਰ ਵੀ ਨਹੀਂ ਹੁੰਦੇ, ਸਲਾਹਕਾਰ ਵੀ ਨਹੀਂ ਹੁੰਦੇ। ਸਿਆਣੇ ਵੀ ਨਹੀਂ ਹੁੰਦੇ, ਕਮ-ਅਕਲ ਵੀ ਨਹੀਂ ਹੁੰਦੇ। ਪਰ ਹੁੰਦੇ ਕੀ ਨੇ, ਤੁਸੀ ਸਮਝ ਨਹੀਂ ਸਕਦੇ। ਕਦੇ ਤੁਹਾਨੂੰ ਲਗਦਾ ਹੈ ਕਿ ਸੰਤਾਂ ਨੇ ਇਹਨਾਂ ਨੂੰ ਬਹੁਤ ਸਿਰੇ ਚੜ੍ਹਾਇਆ ਹੋਇਆ ਹੈ। ਕਦੇ ਲਗਦੈ ਕਿ ਸੰਤਾਂ ਨੇ ਤਾਂ ਸਿਰਫ ਬੁੱਤੀਆਂ ਕਰਨ ਲਈ ਮੂਰਖ ਬਣਾਇਆ ਹੋਇਆ ਹੈ। ਉਹਦੇ ਹੱਥ 'ਚ ਕੱਫਣ ਵਾਲਾ ਲਿਫਾਫਾ ਹੈ। ਗੱਲਾਂ 'ਚੋਂ ਗੱਲਾਂ ਨਿਕਲ ਰਹੀਆਂ ਨੇ। ਉਹਨੇ ਬਹੁਤ ਸਿਆਣਾ ਹੋਣ ਦਾ ਭਰਮ ਦੂਜਿਆ ਉੱਤੇ ਵੀ ਧੂੜ ਦਿੱਤਾ ਹੈ। ਘੱਟ ਬੋਲਦਾ ਹੈ। ਕਿਸੇ ਦੀ ਗੱਲ ਦੀ ਪ੍ਰੋੜਤਾ ਕਰਦਾ ਵੀ ਕਮਾਲ ਦੀ ਐਕਟਿੰਗ ਕਰ ਰਿਹਾ ਹੈ। ਇਹ ਆਦਮੀ ਕਾਮਯਾਬ ਹੈ!

.... ਚਿਤਾ ਚਿਣਦੇ ਸਮੇਂ ਇਹ ਆਦਮੀ ਬਹੁਤ ਕੰਮ ਆਇਆ। ਪਹਿਲਾਂ ਮੁੰਡਿਆਂ ਨੇ ਮੋਟੇ ਮੋਛੇ ਉਂਈਂ ਜ਼ਮੀਨ 'ਤੇ ਲਿਟਾ ਦਿੱਤੇ। ਇਹਨੇ ਦੁਬਾਰਾ ਉਹਨਾਂ ਮੋਛਿਆਂ ਹੇਠ, ਚੌੜੇ ਰੁਕ ਛੋਟੇ ਮੋਛੇ ਰਖਾ ਕੇ ਹੇਠੋਂ ਹਵਾ ਆਉਣ ਲਈ ਜਗ੍ਹਾ ਬਣਵਾਈ। ਚਿਤਾ ਚਿਣਵਾਈ। ਮੁੰਡਿਆਂ ਦੇਸੀ ਘਿਓ ਪਾਇਆ। ਮਿੱਟੀ ਦਾ ਤੇਲ ਪਾਉਣ ਲੱਗੇ ਤਾਂ ਇਹਨੇ ਰੋਕ ਦਿੱਤਾ। ਨਹੀਂ ਘਿਓ ਨਾਲ ਈ ਬਹੁਤ ਅੱਗ ਫੜ ਜਾਣੀ ਆ। ਫੇਰ ਚਿਤਾ ਦੇ ਦੁਆਲੇ ਕਿੱਲੇ ਗੱਡੇ, ਸਲਵਾੜ ਏਧਰ ਓਧਰ ਟਿਕਾਇਆ। ਪਾਥੀਆਂ ਚਿਣੀਆਂ। ਅਗਨ ਦਵਾਈ! ਕਿੰਨੀ ਮੁਹਾਰਤ ਹੈ ਐਸ ਬੰਦੇ ਨੂੰ!

*************

ਅੱਜ ਹਵਾ ਨੇ ਵੀ ਕਮਾਲ ਕਰ ਦਿੱਤੀ। ਚਿਤਾ ਨੇ ਮਿੰਟਾ, ਸਕਿੰਟਾਂ 'ਚ ਹੀ ਅੱਗ ਫੜ ਲਈ। ਭੜਾਭੜ ਬਲ ਉੱਠੀ। ਅੱਗ ਦੀ ਸ਼ੂਕ ਕਮਾਲ ਹੈ। ਸਰਨ-ਸਰਨ! ਸੂੰ-ਸੂੰ...। ਛਰਾਟਿਆਂ ਵਰਗੀ ਆਵਾਜ਼ ਹੈ। ਜੇ ਭਾਈ ਪਾਠ ਨਾ ਕਰਦਾ ਹੁੰਦਾ ਤਾਂ ਲੋਕਾਂ ਐਸ ਅਵਾਜ਼ ਤੋਂ ਡਰਦਿਆਂ ਦੌੜ ਜਾਣਾ ਸੀ। ਹੁਣ ਵੀ ਪਤਾ ਨਹੀਂ ਕੋਈ ਭਾਈ ਦੀ ਅਵਾਜ਼ ਸੁਣ ਰਿਹਾ ਜਾਂ ਅਗਨ ਦੇ ਸ਼ੂਕਣ ਦੀ।

ਵੈਸੇ ਮੈਂ ਅਕਸਰ ਦੇਖਿਆ ਕਿ ਚਿਤਾ ਅੱਗ ਫੜ ਈ ਲੈਂਦੀ ਆ। ਕਦੇ ਕਿਤੇ ਨਹੀਂ ਹੋਇਆ ਕਿ ਚਿਤਾ ਦੀ ਅੱਗ ਬੁਝ ਗਈ ਹੋਵੇ। ਅੱਜ ਤੱਕ ਸੁਣਨ ਨੂੰ ਵੀ ਨਹੀਂ ਆਇਆ। ਕੁਦਰਤ ਵੀ ਸਾਥ ਦੇ ਜਾਂਦੀ ਆ। ਮੇਰੇ ਮਾਸੜ ਜੀ ਪੂਰੇ ਹੋਏ ਤਾਂ ਓਸ ਦਿਨ ਮੀਂਹ ਵੀ ਜ਼ੋਰ ਦੀ ਬਰਸ ਰਿਹਾ ਸੀ। ਲੱਗਦਾ ਸੀ ਕਿ ਸੰਸਕਾਰ ਨਹੀਂ ਕੀਤਾ ਜਾ ਸਕਣਾ। ਪਰ ਕੁਦਰਤ ਨੇ ਸੰਸਕਾਰ ਦੇ ਵੇਲੇ ਤੱਕ ਵਿਹਲ ਦੇ ਦਿੱਤੀ। ਮੀਂਹ ਰੁਕ ਗਿਆ। ਸੰਸਕਾਰ ਹੋ ਗਿਆ। ਚਿਤਾ ਭੜਭੜ ਬਲ ਉੱਠੀ। ਲੋਕਾਂ ਨੇ ਨਿੱਕੀਆਂ-ਨਿੱਕੀਆਂ ਛਟੀਆਂ ਏਧਰੋਂ-ਓਧਰੋਂ ਇੱਕਠੀਆਂ ਕਰਕੇ ਚਿਤਾ 'ਤੇ ਸੁੱਟੀਆਂ। ਮੈਂ ਵੀ ਇਹ ਕ੍ਰਿਆ ਕੀਤੀ। ਛਿਟੀਆਂ ਵੀ ਤ੍ਰਾਂਟ-ਤ੍ਰਾਂਟ ਤੇ ਤਿੜ-ਤਿੜ ਕਰ ਗਈਆਂ।

ਮਾਸੜ ਦੀ ਲਾਸ਼ ਸੜਨ ਨਾਲ ਪਤਾ ਨਹੀਂ ਕਿਵੇਂ ਦੀ ਅਵਾਜ਼ ਪੈਦਾ ਹੋਈ ਹੋਵੇਗੀ।

***************

ਮਾਸੀ ਦੀ ਮੇਰੀ ਹਮਉਮਰ ਕੁੜੀ ਹਮੇਸ਼ਾ ਬਾਂਹ ਵਲਕੇ ਮਿਲਦੀ ਐ। ਮੈਨੂੰ ਝਿਜਕ ਰਹਿੰਦੀ ਹੈ। ਇਹ ਬਾਂਹ ਉਲਾਰ ਲਵੇਗੀ। ਫਿਰ ਤੁਹਾਨੂੰ ਵੀ ਇੰਞ ਈ ਮਿਲਣਾ ਪੈਂਦਾ। ... ਵੈਸੇ ਇਹਨਾਂ ਦੇ ਘਰੀਂ ਰਿਵਾਜ਼ ਐ। ਇਹ ਇੰਞ ਹੀ ਮਿਲਦੇ ਨੇ। ਐਸ ਦੀਆਂ ਵੱਡੀਆਂ ਭੈਣਾਂ ਦੇ ਮੈਂ ਪੈਰੀਂ ਹੱਥ ਲਾਉਂਦਾ ਹਾਂ। ਉਹ ਅਸੀਸਾਂ ਦੀਆਂ ਝੜੀਆਂ ਲਾ ਦਿੰਦੀਆਂ ਨੇ। ਇਹ ਸਾਡੇ ਘਰੇ

ਰਹਿੰਦੀ ਰਹੀ ਆ। ਉਦੋਂ ਮਾਂ ਬਹੁਤ ਬਿਮਾਰ ਸੀ। ਇੱਕ ਰਾਤ ਅਸੀਂ ਕੋਠੇ ਦੀ ਛੱਤ 'ਤੇ ਸਾਂ। ਮੇਰੇ ਚਾਚੇ ਦਾ ਸ਼ਰਾਬੀ ਮੁੰਡਾ ਵੀ ਸਾਡੇ ਕੋਲ ਆ ਗਿਆ। ਉਹਦੇ ਹੱਥ 'ਚ ਤਲਵਾਰ ਸੀ। ਉਹ ਬਹੁਤ ਜ਼ਿੱਦਰੀ ਸੀ। ਮਾਂ ਸਹਿਮੀ ਰਹਿੰਦੀ ਸੀ। ਇਹ ਵੀ ਇੱਕ ਮੰਜੇ 'ਤੇ ਬੈਠੀ ਸੀ। ਓਸ ਸ਼ਰਾਬੀ ਦੀਆਂ ਅੱਖਾਂ ਜਿਵੇਂ ਇਹਨੂੰ ਤਾੜ ਰਹੀਆਂ ਸਨ, ਮੇਰੇ ਅੰਦਰ ਅੱਗ ਲੱਗ ਗਈ ਸੀ। ਪਰ ਮੇਰੇ ਅੰਦਰ ਉਦੋਂ ਏਨੀ ਹਿੰਮਤ ਨਹੀਂ ਸੀ।

.... ਫੇਰ ਕਈ ਵਰ੍ਹਿਆਂ ਬਾਦ ਮੈਂ ਇਹਨਾਂ ਦੇ ਪਿੰਡ ਗਿਆ। ਇਹਨੇ ਮੇਰਾ ਘੁੱਟ ਕੇ ਕਲਾਵਾ ਭਰ ਲਿਆ। ਸ਼ਰੀਰ ਸਾਡੇ ਇੱਕ-ਦੂਜੇ 'ਚ ਐਨੇ ਖੁੱਭ ਗਏ ਕਿ ਮੈਂ ਡਰ ਗਿਆ। ਹੋ ਸਕਦਾ ਇਹਦੀ ਕੋਈ ਭਾਵਨਾ ਨਾ ਹੋਵੇ, ਪਰ ਮੈਨੂੰ ਲੱਗਿਆ ਜ਼ਰੂਰ। ਓਸ ਦਿਨ ਤੋਂ ਬਾਅਦ ਇਹਨੂੰ ਮਿਲਦਿਆਂ ਮੈਂ ਤ੍ਰਭਕ ਜਾਂਦਾ ਹਾਂ। ... ਆਹ ਹਸਪਤਾਲ ਮਿਲੀ, ਮਾਮੀ ਦੀ ਖ਼ਬਰ ਨੂੰ ਆਈ। ਇਹਨੇ ਬਾਂਹ ਉਲਾਰੀ। ਮੈਂ ਭੀੜ 'ਚ ਨਜ਼ਰ-ਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ। ਪਰ ਐਨੀ ਦੇਰ ਨੂੰ ਇਹਨੇ ਮੇਰਾ ਕਲਾਵਾ ਭਰ ਲਿਆ ਸੀ, 'ਭਾਜੀ, ਕੀ ਹਾਲ ਐ ਭਾਬੀ ਦਾ ਹੁਣ...?'

'ਠੀਕ ਆ!'

'ਹੁਣੇ ਆਏ ਸੀ?'

'ਹਾਂ ਜੀ, ਬੱਚਿਆਂ ਦਾ ਕੀ ਹਾਲ ਐ!' ਕਹਿਕੇ ਮੈਂ ਪਰ੍ਹਾਂ ਖੜੀ ਮਾਸੀ ਦੇ ਗਲ ਲੱਗ ਡੁਸਕ ਪਿਆ ਸਾਂ।

ਮਾਸੜ ਦੀ ਮੌਤ ਤੋਂ ਬਾਅਦ ਪਤਾ ਨਹੀਂ ਕਿੰਨੀ ਦੇਰ ਬਾਦ ਮੈਂ ਮਾਸੀ ਨੂੰ ਮਿਲਿਆ ਸਾਂ। ਓਸਦੇ ਗਲ ਲੱਗਦਿਆਂ ਹੀ ਮਾਂ ਦੀ ਯਾਦ ਪਤਾ ਨਹੀਂ ਕਿਉਂ ਭਾਰੀ ਪੈ ਗਈ ਸੀ।

'ਬਸ ਮੇਰਾ ਪੁੱਤ! ਹੌਸਲਾ ਰੱਖੋ।' ਮਾਸੀ ਨੇ ਹਟਕੋਰਾ ਭਰਿਆ।

ਬੰਦੇ ਦੇ ਅੰਦਰ ਪਤਾ ਨਹੀਂ ਕੀ-ਕੀ ਪਿਐ!

*************

ਚਲੋ ਇੱਕ ਗੱਲ ਤਾਂ ਪਿੰਡਾਂ ਵਾਲਿਆਂ ਦੀ ਚੰਗੀ ਆ ਕਿ ਇਹ ਦਰਾਂ 'ਤੇ ਆਏ ਲੋਕਾਂ ਨੂੰ 'ਰੋਟੀ ਦੀ ਬੁਰਕੀ' ਜ਼ਰੂਰ ਖਵਾਉਂਦੇ ਨੇ। ਕਈ ਨਹੀਂ ਵੀ ਖਾਣਾ ਚਾਹੁੰਦੇ, ਪਰ ਇੱਕ-ਦੋ ਬੁਰਕੀਆਂ ਬਦੋਬਦੀ ਅੰਦਰ ਧੱਕਣੀਆ ਈ ਪੈਂਦੀਆਂ ਨੇ। ਪਹਿਲਾਂ ਨਮਕ ਮੂੰਹ ਲਾਉਣਾ ਹੁੰਦਾ। ਮੈਨੂੰ ਇਹ ਚੰਗਾ ਨਹੀਂ ਲੱਗਾ, ਪਰ ਭੁੱਖ ਲੱਗੀ ਹੋਈ ਆ। ਵੈਸੇ ਇਹ ਰੋਟੀ ਬੜੀ ਸਵਾਦ ਹੁੰਦੀ ਆ। ਮਸਰ-ਮੂੰਗੀ ਦੀ ਪਤਲੀ ਜਿਹੀ ਦਾਲ। ਮੇਰੀ ਫੇਵਰਟ ਦਾਲ। ਘੱਟ ਮਸਾਲੇ। ਸਾਦਾ ਤੇ ਸੁਆਦ। ਮੈਂ ਦੋ ਰੋਟੀਆਂ ਖਾ ਗਿਆ ਹਾਂ। ਥਾਲ ਉਤਾਂਹ ਚੁੱਕ ਕੇ ਦਾਲ ਪੀਂਦਾ ਹਾਂ। ਇਹ ਕੋਈ ਮਾੜੀ ਹਰਕਤ ਨਹੀਂ। ਇੰਝ ਦੀ ਗੱਲ ਨਹੀਂ ਹੈ ਕਿ ਐਸੇ ਮਹੌਲ 'ਚ ਕਿਸੇ ਨੂੰ ਅੱਖਰੇ।

****************

... ਮੇਰਾ ਪਿਓ ਹੁਣ ਪੁੱਛ ਈ ਸਕਦਾ ਸੀ ਕਿ ਮੇਰੀ ਘਰਵਾਲੀ ਦਾ ਕੀ ਹਾਲ ਐ? ਅਜੇ ਦੋ ਦਿਨ ਹੋਏ ਅਪ੍ਰੇਸ਼ਨ ਕਰਵਾਏ ਨੂੰ। ਇਹਨੇ ਵੀ ਤਾਂ ਦੇਖਿਆ ਈ ਐ ਕਿ ਉਹ ਨਾਲ ਨਹੀਂ ਆਈ। ਕਿੰਨਾ ਜ਼ਰੂਰੀ ਹੁੰਦਾ ਇਹੋ-ਜਿਹੇ ਵੇਲਿਆਂ 'ਤੇ ਔਰਤਾਂ ਦਾ ਆਉਣਾ। ਪਰ ਉਹਦੀ ਹਾਲਤ ਨਹੀਂ ਸੀ ਆਉਣ ਵਾਲੀ। ਕੀ ਭਰਜਾਈ ਨੇ ਇਹਨੂੰ ਨਹੀਂ ਦੱਸਿਆ ਹੋਣਾ? ਕਿਉਂ ਨਾ ਦੱਸਿਆ ਹੋਉ! ਪਰ ਇਹਨੇ ਨਹੀਂ ਪੁੱਛਣਾ? ਭਰਾ ਨੇ ਵੀ ਨਹੀਂ ਪੁੱਛਿਆ? ਆਖਰ ਮੈਂ ਇਹਨਾਂ ਦਾ ਲਗਦਾ ਈ ਕੁਛ

ਨਹੀਂ। ਇਹਨਾਂ ਨੇ ਅੱਜ ਤੱਕ ਮੈਨੂੰ ਨਹੀਂ ਪੁੱਛਿਆ ਕਿ ਤੂੰ ਏਨੇ ਵਰ੍ਹਿਆਂ ਤੋ ਸ਼ਹਿਰ ਇੱਕਲਾ ਰਹਿ ਰਿਹਾਂ, ਤੂੰ ਠੀਕ ਤਾਂ ਹੈ। ਬੱਚਿਆਂ ਦੀ ਬਿਮਾਰੀ-ਠਿਮਾਰੀ ਦਾ ਕਿਵੇਂ ਐ? ਪਰ ਨਹੀਂ, ਇਹਨਾਂ ਨੂੰ ਕੋਈ ਮਤਲਬ ਨਹੀਂ।

... ਮੈਂ ਪਰਲ-ਪਰਲ ਰੋ ਰਿਹਾ ਹਾਂ। ਮੇਰੀ ਮਾਸੀ ਦਾ ਮੁੰਡਾ ਮੈਨੂੰ ਹੌਸਲਾ ਦੇ ਰਿਹਾ ਹੈ, 'ਇਹ ਨਹੀਂ ਰੋਕਿਆਂ ਰੁਕਦੀ ਭਰਾਵਾ। ਇਹਨੂੰ ਤਾਂ ਹੀ ਤਾਂ ਮੌਤ ਕਹਿੰਦੇ ਨੇ।'

***************

'ਤੁਸੀ ਇੰਝ ਕਰੋ ਕਿ ਸਲਾਹ ਕਰਕੇ ਸੋਹਲੇ ਦੀ ਤਰੀਕ ਵੀ ਦੱਸ ਦਿਓ। ਮਕਾਣਾਂ ਤਾਂ ਤੁਸੀਂ ਕਹਿੰਦੇ ਓ ਬੰਦ ਕਰ ਦੇਣੀਆਂ...। ਨਾਲੇ ਠੀਕ ਐ ਵਿਹਲ ਕਿਹਦੇ ਕੋਲ ਐ ਅੱਜ-ਕੱਲ÷ ..। ਤੂੰ ਕਾਕਾ ਕਿੰਨੀ ਦੇਰ ਦੀ ਛੁੱਟੀ ਆਇਐਂ....? .. ਚਲ ਫੇਰ ਸਲਾਹ ਕਰ ਲਓ ਕਿ ਕਦੋਂ ਦਾ ਸੋਹਲਾ ਰੱਖਣਾ। ਇੱਥੇ ਈ ਸਾਰਿਆਂ ਨੂੰ ਦੱਸ ਦਿਓ...। ਭਾਈ ਜੀ ਨੂੰ ਬਤਾ ਦਿਓ, ਉਹ ਲੋਕਾਂ ਨੂੰ ਕਹਿ ਦੇਣਗੇ...। ਆਹੋ, ਜਿੰਨੀ ਜਲਦੀ ਹੋਜੇ, ਓਨਾ ਈ ਠੀਕ ਐ। ਅੱਜ-ਕੱਲ÷ ਨਹੀਂ ਲੋਕ ਬਹੁਤ ਵਿਚਾਰ ਕਰਦੇ।' ਇਹ ਮਾਸੀ ਦਾ ਵੱਡਾ ਭਾਈ ਐ। ਧਨੀ ਰਾਮ। ਇਹ ਰੇਲਵੇ ਪੁਲਸ 'ਚੋਂ ਰਿਟਾਇਰ ਹੋਇਐ। ਕਾਹਲਾ ਰਹਿੰਦੈ। ਬਹੁਤ ਹੀ ਨੇਕ ਆਦਮੀ ਐ। ਮਿਲਣਸਾਰ। ਸੱਭ ਨੂੰ ਮਿਲਦੈ। ਹਰ ਰਿਸ਼ਤੇਦਾਰ ਨੂੰ। ਦੂਰ-ਨੇੜੇ ਸਾਰੇ ਥਾਈਂ ਸੁੱਖ-ਦੁੱਖ 'ਚ ਸ਼ਰੀਕ ਹੁੰਦਾ। ਮੇਰੀ ਮਾਂ ਨਾਲ ਬਹੁਤ ਤੇਹ ਸੀ। ਉਹ ਤੁਰ ਗਈ ਸੀ ਤਾਂ ਇਹ ਚਾਰ ਦਿਨ ਸਾਡੇ ਘਰੇ ਈ ਰਿਹਾ ਸੀ।

'ਹਾਂ ਜੀ, ਸਤਾਈ ਤਰੀਕ ਮਿੱਥ ਲਈ ਆ। ਓਦਣ ਨੂੰ ਐਤਵਾਰ ਐ।' ਇਹ ਅਵਾਜ਼ ਮਾਮੀ ਦੇ ਪੁੱਤ ਦੀ ਐ, ਪਰ ਮੈਨੂੰ ਲੱਗਿਆ ਇਹ ਅਵਾਜ਼ ਮਾਮੇ ਦੀ ਹੈ। ਐਸੇ ਮਾਮੀ ਦੇ ਘਰਵਾਲੇ ਦੀ। ਪਰ ਉਹ ਤਾਂ ਪਿਛਲੇ ਸਾਲ ਐਸੇ ਮਹੀਨੇ ਐਕਸੀਡੈਂਟ 'ਚ ਪੂਰੇ ਹੋ ਗਏ ਸਨ। ਉਹ ਵੀ ਬਹੁਤ ਭਲਾ ਆਦਮੀ ਸੀ। ਮਿਲਣਸਾਰ ਸਾਰਿਆਂ ਤੋਂ ਵੱਧ। ਕਿਸੇ ਦੇ ਸਿਰ ਦਰਦ ਵੀ ਹੋਣਾ ਤਾਂ ਉਹਨੇ ਸੱਭ ਤੋਂ ਪਹਿਲਾਂ ਪਹੁੰਚੇ ਹੋਣਾ। ਸਾਈਕਲ ਚਲਾਉਂਦੇ ਨੂੰ ਆਪ ਹੌਕਣੀ ਚੜ੍ਹੀ ਹੋਣੀ।

'ਮੈਨੂੰ ਤਾਂ ਰਾਤ ਸਾਰੀ ਨੀਂਦ ਈ ਨਹੀਂ ਆਈ। ਮੈਨੂੰ ਤੇਰਾ ਫਿਕਰ ਈ ਖਾਂਦਾ ਰਿਹਾ।' ਉਹਨੇ ਮਾਂ ਨੂੰ ਰਾਮ ਸੱਤ ਕਹਿ ਕੇ ਕਲਾਵਾ ਭਰ ਲੈਣਾ। ਮਾਂ ਮੇਰੀ ਨੇ ਲੰਮਾ ਹਉਕਾ ਭਰਨਾ ਤੇ ਉਹਦੇ ਪੁੱਤ-ਪੋਤਿਆਂ ਨੂੰ ਅਸੀਸਾਂ ਨਾਲ ਰਜਾ ਦੇਣਾ।

ਜਿਸ ਦਿਨ ਉਹਦਾ ਐਕਸੀਡੈਂਟ ਹੋਇਆ, ਮੈਨੂੰ ਇੱਕਦਮ ਫੋਨ ਆਇਆ। ਮੈਂ ਹੈਰਾਨ ਸਾਂ ਕਿ ਮੇਰਾ ਫੋਨ ਨੰਬਰ ਇਹਨਾਂ ਕੋਲ ਕਿਵੇਂ ਆ ਗਿਆ। ਫਿਰ ਉੱਥੇ ਪਹੁੰਚਿਆ ਤਾਂ ਪਤਾ ਲੱਗਾ ਕਿ ਮਾਮੇ ਦੀ ਜੇਬ÷ 'ਚ ਇੱਕ ਡਾਇਰੀ ਸੀ, ਓਸ ਉੱਤੇ ਢਾਈ ਸੌ ਤੋਂ ਵੱਧ ਫੋਨ ਨੰਬਰ ਸਨ। ਸਾਰੇ ਰਿਸ਼ਤੇਦਾਰਾਂ ਦੇ।

ਮੈਂ ਚੁੱਪ ਕਰ ਗਿਆ ਸਾਂ।

***************

'ਭਾਜੀ, ਐਸ ਟੱਬਰ ਨੂੰ ਪਤਾ ਨਹੀਂ ਕੀ ਭੁੱਲ ਵਗੀ ਆ?' ਮੇਰੀ ਮਾਸੀ ਦਾ ਮੁੰਡਾ ਬਿੱਟੂ ਸੀ। ਮੈਂ ਹੈਰਾਨ ਹੋ ਕੇ ਉਹਦੀ ਖੁਸ਼ਕ ਅਵਾਜ਼ ਦੇ ਭਾਵ ਸਮਝਣ ਲੱਗਾ।

'ਕੀ ਹੋਇਆ?' ਮੈਂ ਆਪਣੀਆਂ ਨਜ਼ਰਾਂ ਉਹਦੇ ਚਿਹਰੇ 'ਤੇ ਗੱਡ ਦਿੱਤੀਆਂ।

'ਇਹੀ, ਪਈ ਕੋਈ ਵੀ ਮੌਤ ਐਸ ਖਾਨਦਾਨ 'ਚ ਕੁਦਰਤੀ ਨਹੀਂ ਹੋਈ। ਵੱਡੇ ਮਾਮੇ ਦਾ ਪੁੱਤ ਰੇਲ ਗੱਡੀ ਥੱਲੇ ਸਿਰ ਦੇ ਕੇ ਮਰ ਗਿਆ। ਇੱਕ ਕੁੜੀ ਨੇ ਫਾਹਾ ਲੈ ਲਿਆ। ... ਆਪ ਕਿਵੇਂ ਭੰਗ ਦੇ ਭਾਣੇ ਤੁਰ ਗਿਆ। ਹੁਣ ਮਾਮੀ ਤੁਰੀ ਜਾਂਦੀ ਡਿੱਗ ਪਈ ਤੇ ਔਹ ਗਈ ਔਹ ਗਈ....। ਪਹਿਲਾਂ ਇਹਦਾ ਈ ਜਵਾਨ ਪੁੱਤ ਕਿੰਨੇ ਵਰ੍ਹੇ ਬਿਮਾਰੀ ਨਾਲ ਰਿੜਕ ਹੋ ਕੇ ਮਰਿਆ...।'

ਮੈਂ ਹੈਰਾਨ ਹਾਂ, ਇਹ ਕੀ ਸੋਚ ਰਿਹਾ ਹੈ। ਹਾਂ, ਇਹਨਾਂ ਦਾ ਜਿਹੜਾ ਜਵਾਨ ਪੁੱਤ ਮਰਿਆ ਸੀ, ਉਹ ਬਹੁਤ ਭਿਆਨਕ ਮੌਤ ਸੀ। ਉਹਦਾ ਸਾਇਆ ਇਹਨਾਂ ਦੇ ਘਰ ਉੱਤੇ ਬਾਰਾਂ ਵਰ੍ਹੇ ਰਿਹਾ ਸੀ। ਉਹਨੂੰ ਕੋਈ ਬਿਮਾਰੀ ਚਿੰਬੜੀ ਸੀ। ਮੈਂ ਉੱਦੋਂ ਕਾਫੀ ਛੋਟਾ ਸਾਂ। ਆਪਣੇ ਵੱਡੇ ਭਰਾ ਨਾਲ ਸਾਈਕਲ ਦੇ ਡੰਡੇ ਤੇ ਬੈਠਕੇ ਉਹਦੀ ਖ਼ਬਰ ਨੂੰ ਜਾਂਦਾ ਹੁੰਦਾ ਸਾਂ। ਬਹੁਤ ਕੁਝ ਧੁੰਦਲਾ-ਧੁੰਦਲਾ ਯਾਦ ਐ। ਉਹਦੇ ਸਿਰ ਦੇ ਕਈ ਅਪ੍ਰੇਸ਼ਨ ਹੋਏ ਸਨ। ਥਾਂ-ਥਾਂ ਲੰਬੇ-ਲੰਬੇ ਟੱਕ ਨਜ਼ਰ ਆਉਂਦੇ ਹੁੰਦੇ ਸਨ। ਮੋਟਾ ਜਿਹਾ ਸਿਰ, ਪਤਲੀ ਧੌਣ ਤੇ ਹੇਠਾਂ ਕਰੰਗ। ਉਹਨੂੰ ਮੈਂ ਜਦੋਂ ਵੀ ਵੇਖਿਆ, ਇਹਨਾਂ ਦੇ ਕਮਰੇ ਦੀ ਇੱਕ ਨੁੱਕਰੇ ਮੰਜੇ 'ਤੇ ਮੰਜਾ ਹੋਏ ਨੂੰ ਈ ਦੇਖਿਆ। ਹੇਠਾਂ ਸਵਾਹ ਦਾ ਕੜਾਹੀਆ ਪਿਆ ਹੁੰਦਾ ਸੀ। ਉਹਦੀ ਆਵਾਜ਼ 'ਤੇ ਬਿਮਾਰੀ ਦਾ ਕੋਈ ਅਸਰ ਨਹੀਂ ਸੀ ਹੁੰਦਾ। ਫਿਰ ਜਦੋਂ ਮੈਂ ਤੇ ਭਰਾ ਨੇ ਈ ਉਹਦੇ ਕੋਲ ਰਹਿ ਜਾਣਾ, ਉਹਨੇ ਹੱਥ ਦਾ ਬੁਗਚੂ ਬਣਾ ਕੇ ਅਸ਼ਲੀਲ ਬੋਲੀਆਂ ਪਾਉਣੀਆਂ। ਮੈਨੂੰ ਉਦੋਂ ਉਹਨਾਂ ਦੀ ਸਮਝ ਨਹੀਂ ਸੀ।

ਪਰ ਉਹਦਾ ਬੁਗਚੂ ਵਜਾਉਂਦਾ ਹੱਥ, ਕਈ ਵਰ੍ਹੇ ਮੇਰੇ ਸੁਪਨਿਆਂ 'ਚ ਆਉਂਦਾ ਰਿਹਾ।

************

ਪੈਰਿਸ ਤੋਂ ਭੈਣ ਜੀ ਦਾ ਫੋਨ ਆਇਆ। ਪਹਿਲਾਂ ਜੀਜਾ ਜੀ ਬੋਲੇ ਸਨ। ਉਹਨਾਂ ਦਾ ਇੱਕ ਆਪਣਾ ਅਲੱਗ ਈ ਲਹਿਜਾ ਹੈ। ਰੋਅਬ ਜਿਹਾ ਝਾੜਦੇ ਨਜ਼ਰ ਆਉਣਗੇ। ਗੁੱਸੇਖੋਰ ਬਹੁਤ ਨੇ। ਉਹਨਾਂ ਦੀਆਂ ਗੱਲਾਂ ਮੈਨੂੰ ਇਰੀਟੇਟ ਕਰ ਦਿੰਦੀਆਂ ਨੇ। ਵਾਹ ਲੱਗਦੀ ਮੈਂ ਇਹਨਾਂ ਦੇ ਫੋਨ ਤੋਂ ਟਲਦਾ ਹਾਂ। ਇਹ ਟਲਣਾ ਵੀ ਕਈ ਵਾਰ ਉਹਨਾਂ ਦੀ ਖਿਝ ਦਾ ਕਾਰਨ ਬਣ ਜਾਂਦਾ ਹੈ। ਮੈਂ ਹੋਰ ਪਰੇਸ਼ਾਨ ਹੋ ਜਾਂਦਾ ਹਾਂ। ਹੋਰ ਜ਼ਿਆਦਾ ਬਚਦਾ ਹਾਂ, ਉਹਨਾਂ ਦੇ ਫੋਨ ਤੋਂ...!

'ਮਾਮੀ ਦੀ ਤਾਂ ਬਹੁਤ ਮਾੜੀ ਹੋਈ ਭਰਾਵਾ...।' ਭੈਣ ਜੀ ਨੇ ਫੋਨ ਫੜਦਿਆਂ ਈ ਮਾਮੀ ਦਾ ਅਫਸੋਸ ਸ਼ੁਰੂ ਕਰ ਦਿਤਾ। ਮੇਰੇ ਇਕਦਮ ਧਿਆਨ 'ਚ ਆਇਆ ਕਿ ਜੀਜਾ ਜੀ ਨੇ ਕਿਉਂ ਨਹੀਂ ਅਫਸੋਸ ਕੀਤਾ? ਚਲੋ ਖ਼ੈਰ!

'ਹਾਂ ਜੀ, ਬਾਹਲੀ ਮਾੜੀ ਗੱਲ ਹੋਈ। ਪਰ ਕੀ ਕੀਤਾ ਜਾ ਸਕਦਾ। ਉਹਦੇ ਸਾਹਮਣੇ ਕਿਹਦਾ ਜ਼ੋਰ?' ਮੈਂ ਹੌਕਾ ਭਰਿਆ।

'ਹੁਣ ਸੁਖੀ ਰਹਿ ਲੈਣਗੀਆਂ?' ਮੈਂ ਹੈਰਾਨ! ਇਹ ਕਿਹਨਾਂ ਬਾਰੇ ਕਹਿ ਰਹੇ ਨੇ? ਸ਼ਾਇਦ ਮਾਮੀ ਦੀਆਂ ਨੂੰਹਾਂ ਬਾਰੇ ਕਹਿ ਰਹੇ ਹੋਣੇ ਨੇ। ਪਰ...?

'ਕੌਣ?' ਪਤਾ ਨਹੀਂ ਕਿਵੇਂ ਮੇਰੇ ਤੋਂ ਕਿਹਾ ਗਿਆ।

'... ਤੈਨੂੰ ਪਤੈ ਈ ਐ... ਘਰ ਦਾ ਕਲੇਸ਼ ਵੀ ਲੈ ਬਹਿੰਦਾ ਬੰਦੇ ਨੂੰ...। ਇਹਦੀਆਂ ਨੂੰਹਾਂ ਨੇ ਸੂਲੀ ਟੰਗੀ ਹੋਈ ਸੀ। ਲੈ ਬੈਠੀਆਂ...।' ਮੈਂ ਕੰਬ ਗਿਆ ਹਾਂ।

'ਓ ਨਹੀਂ ਭੈਣ ਜੀ...! ਏਦਾਂ ਘਰਾਂ ਦੇ ਕਲੇਸ਼ ਕਾਰਨ ਕਿਤੇ ਬੰਦੇ ਮਰ ਜਾਂਦੇ ਨੇ...! ਉਹ ਤਾਂ ਉਦੋਂ ਈ ਤੁਰ ਗਈ ਸੀ, ਜਦੋਂ ਮਾਮਾ ਜੀ ਪੂਰੇ ਹੋਏ ਸਨ। ਉਦੋਂ ਤੋਂ ਹੋਸ਼ ਈ ਕਦੋਂ ਆਈ ਆ ਇਹਨੂੰ...। ਨਾਲੇ ਨੂੰਹਾਂ ਵਿਚਾਰੀਆਂ ਕਿਸੇ ਨੂੰ ਮਾਰਨ ਲਈ ਤਾਂ ਨਹੀਂ ਹੁੰਦੀਆਂ...!' ਮੈਂ ਚਾਹੁੰਦਾ ਹਾਂ ਹੁਣ ਇਹ ਫੋਨ ਬੰਦ ਕਰ ਦੇਣ। ਮੈਨੂੰ ਪਤਾ ਨਹੀਂ ਕਿਉਂ ਲੱਗ ਰਿਹੈ ਕਿ ਭੈਣ ਇਹ ਕਹਿ ਰਹੀ ਐ ਕਿ ਮੇਰੀ ਬੀਜੀ ਨੂੰ ਵੀ ਨੂੰਹਾਂ ਨੇ ਈ ਮਾਰਿਐ। ਪਰ ਉਹਦਾ ਇਸ਼ਾਰਾ ਇਹ ਤਾਂ ਨਹੀਂ ਹੋਣਾ। ਕੀ ਪਤਾ? ਉਹ

ਕਿਹੜਾ ਬਹੁਤ ਅਡਵਾਂਸ ਸੋਚ ਵਾਲੀ ਐ। ਛੋਟੇ ਦਾ ਵਿਆਹ ਕੀਤਾ। ਉਹਦੇ ਘਰਵਾਲੀ ਨੇ ਕਿਹਾ ਕਿ ਮੈਂ ਘੁੰਢ ਨਹੀਂ ਕੱਢਣਾ। ਛੋਟੇ ਨੂੰ ਪੁੱਛਿਆ ਤਾਂ ਉਹਨੇ ਵੀ ਕਹਿ ਦਿੱਤਾ ਕਿ ਜਿਵੇਂ ਉਹ ਕਹਿੰਦੀ ਆ, ਉਵੇਂ ਈ ਹੋਊ। ਮੈਂ ਹੈਰਾਨ ਸੀ ਕਿ ਮੇਰੀ ਭੈਣ ਤੇ ਵੱਡਾ ਭਰਾ ਕਮਰੇ 'ਚ ਵੜਕੇ ਕਈ ਘੰਟੇ ਰੋਂਦੇ ਰਹੇ।

'ਤੈਨੂੰ ਨਹੀਂ ਪਤਾ। ਤੂੰ ਭੋਲੈਂ...! ਇਹ ਤਾਂ ਬੰਦਿਆਂ ਨੂੰ ਕਾਬੂ ਕਰ ਲੈਂਦੀਆਂ ਤੇ ਮਾਵਾਂ ਨੂੰ ਖਾ ਜਾਂਦੀਆਂ...।'

'ਚਲੋ ਅਸੀਂ ਕੀ ਲੈਣਾ ਕਿਸੇ ਦੇ ਘਰਾਂ ਤੋਂ...। ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋ...। ਬੱਚਿਆਂ ਦਾ ਧਿਆਨ ਰੱਖੋ...। ਅਸੀਂ ਜਾ ਆਏ ਸੀ। ਅਫਸੋਸ ਕਰ ਆਏ। ਹੋਰ ਬੰਦਾ ਕੀ ਕਰ ਸਕਦਾ? ਹਾਅ ਦਾ ਨਾਅਰਾ ਈ ਮਾਰਨਾ ਹੁੰਦਾ...।'

ਮੈਂ ਗੱਲ ਐਨੀ ਲਮਕਾ ਦਿੱਤੀ, ਪਈ ਭੈਣ ਨੂੰ ਮੁੜ ਗੱਲ ਕਰਨ ਦਾ ਮੌਕਾ ਈ ਨਹੀਂ ਦਿੱਤਾ।

***************

ਜਿਸ ਦਿਨ ਦੇ ਮਾਮੀ ਦੀ ਲਾਸ਼ ਦੇਖ ਕੇ ਆਏ ਹਾਂ, ਮੈਨੂੰ ਇੱਕ ਅਜੀਬ ਸੁਪਨੇ ਨੇ ਆ ਘੇਰਿਆ ਹੈ। ਇਹ ਸੁਪਨਾ ਵਾਰ-ਵਾਰ ਆ ਰਿਹੈ। ਪਤਾ ਨਹੀਂ ਮਨ 'ਚ ਕਿਹੜੀ ਗੱਲ ਘਰ ਕਰ ਗਈ ਐ।

... ਅਸੀਂ ਕਈ ਜਣੇ ਕਿਸੇ ਮਰੇ ਹੋਏ ਬੰਦੇ ਨੂੰ ਫੂਕਣ ਜਾ ਰਹੇ ਹਾਂ, ਪਰ ਚੋਰਾਂ ਵਾਂਗ? ਇਹ ਵੀ ਨਹੀਂ ਪਤਾ ਲੱਗਦਾ ਕਿ ਓਸ ਬੰਦੇ ਨੇ ਆਤਮ ਹੱਤਿਆ ਕੀਤੀ ਐ ਜਾਂ ਉਹਦਾ ਕਤਲ ਹੋਇਐ। ਅਸੀਂ ਸ਼ਮਸ਼ਾਨਘਾਟ ਪਹੁੰਚ ਗਏ ਹਾਂ। ਰਾਤ ਹਨ੍ਹੇਰੀ ਤੇ ਠਰੀ ਹੋਈ ਹੈ। ਚਿਤਾ ਚਿਣੀ ਗਈ ਹੈ। ਮੈਨੂੰ ਚਿਤਾ ਚਿਣਨ ਦਾ ਤਜਰਬਾ ਹੈ। ਪਲਾਂ 'ਚ ਹੀ ਚਿਤਾ ਚਿਣ ਹੋ ਗਈ ਤੇ ਲਾਂਬੂ ਲੱਗ ਗਿਆ। ਅਸੀਂ ਅੱਗ ਦੇ ਸੇਕ ਨੇੜੇ ਹੋ ਗਏ। ਠੰਢ ਬਹੁਤ ਵਧ ਗਈ ਸੀ। ਫਿਰ ਕੀ ਹੁੰਦਾ ਹੈ, ਲੱਕੜਾਂ ਬਲ ਜਾਂਦੀਆਂ ਨੇ, ਪਰੰਤੂ ਉਹ ਲਾਸ਼ ਨਹੀਂ ਸੜਦੀ। ਸਾਨੂੰ ਚਿੰਤਾ ਹੁੰਦੀ ਹੈ। ਸ਼ਮਸ਼ਾਨ ਘਾਟ 'ਚ ਹੋਰ ਲੱਕੜਾਂ ਨਹੀਂ ਹਨ। ਲਾਸ਼ ਸਾੜਨੀ ਬਹੁਤ ਜ਼ਰੂਰੀ ਹੈ। ਇੰਝ ਪਤਾ ਨਹੀਂ ਕਿਉਂ ਹੋ ਗਿਆ। ਸਾਡਾ ਸਹਿਮ ਵਧ ਰਿਹਾ ਹੈ। ਰਾਤ ਹੋਰ ਸੰਘਣੀ ਹੁੰਦੀ ਜਾ ਰਹੀ ਹੈ।

.... ਅਖੀਰ ਫੈਸਲਾ ਹੁੰਦਾ ਹੈ ਕਿ ਲੱਕੜਾਂ ਤਾਂ ਲਿਆਉਣੀਆਂ ਮੁਸ਼ਕਿਲ ਨੇ, ਕਿਸੇ ਤਰ੍ਹਾਂ ਨਮਕ ਦਾ ਪ੍ਰਬੰਧ ਕੀਤਾ ਜਾਵੇ ਅਤੇ ਦਾਤ ਦਾ ਵੀ। ਚਾਰ ਆਦਮੀ ਜਾਂਦੇ ਨੇ। ਨਮਕ ਤੇ ਦਾਤ ਪਹੁੰਚ ਗਏ ਨੇ। ਮੈਂ ਲਾਸ਼ ਨੂੰ ਦਾਤ ਨਾਲ ਟੁਕੜੇ-ਟੁਕੜੇ ਕਰਦਾ ਹਾਂ। ਅਜੀਬ ਤਰ੍ਹਾਂ ਦਾ ਜੋਸ਼ ਹੈ ਮੇਰੇ ਅੰਦਰ। ਗੁੱਸੇ ਨਾਲ ਭਰਿਆ ਹੋਇਆ। ਫਿਰ ਓਸ ਉਪਰ ਨਮਕ ਛਿੜਕਿਆ ਜਾਂਦਾ ਹੈ। ਘਾਹ ਫੂਸ ਇੱਕਠਾ ਕਰਕੇ ਅੱਗ ਲਗਾ ਦਿੱਤੀ ਜਾਂਦੀ ਹੈ। ਸਾਡਾ ਫਾਰਮੂਲਾ ਕਾਰਗਰ ਸਿੱਧ ਹੋ ਗਿਆ। ਲਾਸ਼ ਸੜ ਗਈ। ਸ਼ੁਕਰ ਹੈ।

× ..ਹੁਣ ਮੈਂ ਬਜ਼ੁਰਗ ਹਾਂ। ਮੇਰਾ ਪੁੱਤ ਕਿਸੇ ਕਤਲ ਦੇ ਕੇਸ 'ਚ ਜੇਲ੍ਹ÷ ਚਲਾ ਗਿਆ ਹੈ। ਗੱਲ ਵੀ ਕੋਈ ਬਹੁਤੀ ਨਹੀਂ ਸੀ। ਬਸ ਐਵੇਂ ਮੁੰਡਪੁਣੇ ਕਰਕੇ ਈ ਜਾਹ ਜਾਂਦੀ ਹੋ ਗਈ। ਕਿਸੇ ਦੀ ਲੜਾਈ ਸੀ। ਇਹ ਮਦਦ ਨੂੰ ਗਿਆ। ਬੇਸਬੈਟ ਮੁੰਡੇ ਦੇ ਸਿਰ 'ਚ ਮਾਰਿਆ। ਮੁੰਡਾ ਪਾਰ। ਇਹ ਜ਼ੇਲ੍ਹ 'ਚ ਤੇ ਮੈਂ ਬੁੱਢਾ, ਨਿਤਾਣਾ, ਆਂਤੜੀਆਂ ਦੇ ਰੋਗ ਤੋਂ ਪੀੜਤ ਕੁਰਲਾ ਰਿਹਾ ਹਾਂ...?

ਸੁਪਨੇ 'ਚੋਂ ਉਠਦਾ ਹਾਂ। ਪਸੀਨੇ ਨਾਲ ਤਰ-ਬ-ਤਰ। ਦੋ-ਦੋ ਘੰਟੇ ਦਹਿਸ਼ਤ 'ਚੋਂ ਬਾਹਰ ਨਹੀਂ ਨਿਕਲ ਹੁੰਦਾ।

*************

**ਆਪੇ ਨੀ ਮੈਂ ਬਾਲੜੀ, ਮੈਂ ਆਪ ਹਾਲੇ ਮੱਤਾਂ ਜੋਗੀ**

ਹਰ ਬੰਦਾ ਬਸ ਆਪਣੇ ਆਪ ਨਾਲ ਗੱਲਾਂ ਕਰਦਾ ਹੈ। ਕੋਈ ਕਿਸੇ ਨਾਲ ਵੀ ਗੱਲ ਕਰਦਾ ਹੈ ਤਾਂ ਸਮਝ ਲਵੋ ਆਪਣੇ ਆਪ ਨਾਲ ਹੀ ਗੱਲ ਕਰ ਰਿਹਾ ਹੈ। ਇਹ ਸਾਡੇ ਐਸ ਅਜੀਬ ਸ਼ਹਿਰ ਦਾ ਦਸਤੂਰ ਹੈ। ਹੁਣ ਆਹ ਪੱਤਰਕਾਰ ਹੀ ਵੇਖ ਲਵੋ, ਜਿਹੜਾ ਚਿਰਾਂ ਦਾ ਪੱਤਰਕਾਰੀ ਛੱਡ ਗਿਆ ਸੀ, ਪਰ ਐਸ ਇਲਾਕੇ ਦੇ ਪੱਤਰਕਾਰ ਨਾਲ ਅਜੇ ਵੀ ਪਿਆਰ ਕਰਦਾ ਹੈ ਤੇ ਆਪਣੀ ਭੜਾਸ ਓਸ ਨਾਲ ਕੱਢਦਾ ਹੈ। ਅਜਿਹੇ ਪਾਤਰਾਂ ਨੂੰ ਆਪਾਂ 'ਭੜਾਸ ਡਾਟ ਕਾਮ' ਨਾਮ ਹੇਠ ਵਿਚਾਰਾਂਗੇ। ਐਸ ਮੁਹੱਲੇ ਦੇ ਪਾਤਰ ਨਾਲ ਗੱਲ ਕਰਨ ਵਾਲਾ ਇਹ ਪਹਿਲਾ ਆਦਮੀ ਹੈ, ਹੋਰ ਵੀ ਬਹੁਤ ਸਾਰੇ ਹਨ, ਸਮੇਂ-ਸਮੇਂ ਉਹਨਾਂ ਦੀ ਬੁੜਬੁੜ ਵੀ ਸੁਣਾਂਗੇ। ਹਾਲ ਦੀ ਘੜੀ ਤਾਂ ਐਸੇ ਨੂੰ ਸੁਣੋ-

....ਹੈਲੋ! ਉਹ ਬਾਬਿਓ, ਕੀ ਬਣਿਆ ਅਮਰੀਕਾ ਵਾਲਿਆਂ ਦਾ?

ਮੈਂ ਜਿੱਥੇ ਪੜ੍ਹਾਉਂਦਾ ਸੀ, ਬਦੇਸ਼ੀ ਭਸ਼ਾਵਾਂ, ਉਹਨੇ ਮੈਨੂੰ ਆਖਰੀ ਸੈਲਰੀ ਦੇ ਦਿੱਤੀ ਏ। ... ਹੁਣ ਕੋਈ ਬਦੇਸ਼ ਜਾਣਾ ਈ ਨਹੀਂ ਚਾਹੁੰਦਾ। ਸੱਭ ਕੰਮ ਠੱਪ ਹੋ ਗਏ ਨੇ। ਮੈਂ ਹੁਣ ਇਹਦੇ ਤੋਂ ਬਾਅਦ ਵਿਹਲਾ ਹੋ ਗਿਆ ਹਾਂ। ... ਤਦੇ ਹੁਣ ਸੌਂਫੀਏ 'ਤੇ ਆ ਗਿਆ ਹਾਂ। ਸੌਂਫੀਆ ਪੀ ਰਿਹਾਂ...। ... ਮੈਂ ਤੇਰੇ ਨਾਲ ਨਰਾਜ਼ ਆਂ। ਤੂੰ ਕਦੇ ਮੈਨੂੰ ਫੋਨ ਵੀ ਨਹੀਂ ਕਰਦਾ। ਮੈਂ ਯਾਰ ਤੈਨੂੰ ਪਿਆਰ ਕਰਦਾਂ। ਤੂੰ ਮੇਰੇ ਵੱਲ ਆਉਂਦਾ ਕਿਉਂ ਨਹੀਂ...?

ਬਿਲਕੁਲ, ਮੈਨੂੰ ਪਤਾ ਸੀ ਉਹ ਮੰਦੀ 'ਚ ਮਾਰੇ ਗਏ ਹੋਣੇ ਨੇ। ਉਹਨਾਂ ਨੂੰ ਵੀ ਖਾ ਲਿਆ ਹੋਣਾ...। ਯਾਰ ਤੂੰ ਇਹਦੇ ਉੱਤੇ ਇਕ ਸਟੋਰੀ ਕਰ। ਤੂੰ ਈ ਕਰ ਸਕਦਾ ਏਂ। ਲਿਖ ਕਿ ਮੰਦੀ ਕਾਰਨ ਲੋਕਾਂ ਨੇ ਵਿਸਕੀ ਛੱਡ ਕੇ ਸ਼ੌਂਫੀਆ ਪੀਣੀ ਸ਼ੁਰੂ ਕਰ ਦਿੱਤੀ ਐ। ਮੁਰਗੇ ਬੰਦ, ਪਿਆਜ ਵੀ ਬੰਦ। ਦੁਪਹਿਰ ਦੀ ਬਚੀ ਹੋਈ ਸਬਜ਼ੀ ਨਾਲ ਪੀਂਦੇ ਨੇ। ਵਾਹ, ਕਮਾਲ ਹੋਜੂ। ਇਹਦੇ ਬਾਰੇ ਸਟੋਰੀ ਕਰ...।

.... ਇੱਕ ਗੱਲ ਹੋਰ ਐ। ਇਹ ਵੀ ਲਿਖ ਕਿ ਲੋਕ ਸ਼ਹਿਰਾਂ ਤੋ ਪਿੰਡਾਂ ਵਲ ਪਰਤ ਰਹੇ ਹਨ। ਮੈਂ ਤਾਂ ਆਪ ਚੱਲਿਆਂ ਪਿੰਡ ਨੂੰ। ਉੱਥੇ ਸਾਡੀ ਸੱਤ ਕਮਰਿਆਂ ਦੀ ਹਵੇਲੀ ਆ। ਜ਼ਮੀਨ ਠੇਕੇ ਉਤੇ ਦਿੱਤੀ ਆ। ਮੈਂ ਹੁਣ ਉੱਥੇ ਰਹੂੰਗਾ। ਖੇਤੀ ਆਪ ਕਰੂੰਗਾ। ਹੁਣ ਮੈਂ 'ਤੱਤਾ ਤੱਤਾ' 'ਨੇੜੇ-ਨੇੜੇ' 'ਹਟ ਮੀਣਿਆ' 'ਬਚ ਕੇ ਬਈਓ' ਕਰਿਆ ਕਰਾਂਗਾ। ਕਮਾਲ ਹੋਜੂ....। ਪਰ ਹੁਣ ਬੌਲਦ ਤਾਂ ਲੱਭਦੇ ਈ ਨਹੀਂ। ਲਗਦਾ ਹਲ ਮੂਹਰੇ ਵੀ ਬੰਦੇ ਜੋੜਨੇ ਪੈਣੇ ਨੇ....। ਹਾ.. ਹਾ..!

.... ਤੁਸੀ ਵੀ ਸਾਰੇ ਲਗਜ਼ਰੀ ਬੰਦ ਦਿਓ। ਪਿੰਡ ਆਜੋ, ਮੇਰੇ ਕੋਲ। ਉੱਥੇ ਸਾਡੀ ਸੱਤ ਕਮਰਿਆਂ ਦੀ ਹਵੇਲੀ ਆ। ਜ਼ਮੀਨ ਆ। ਉੱਥੇ ਆਜੋ ਤੇ ਜ਼ਮੀਨ 'ਚ ਆਲੂ ਬੀਜੋ। ਉਗਾਓ। ਉਹਨਾਂ ਨੂੰ ਪੁੱਟੋ। ਫੇਰ ਆਪਣੇ ਦਾਦੇ ਦੇ ਵਕਤ ਵਾਲੀਆਂ ਮਿੱਟੀ ਦੀਆਂ ਟਿੰਡਾਂ 'ਚ ਪਾਓ 'ਤੇ ਪਕਾਓ। ਇਉਂ ਇਹ ਬਹੁਤ ਮਿੱਠੇ ਹੋ ਜਾਂਦੇ ਨੇ। ਫਿਰ ਸੁਆਦ ਨਾਲ ਖਾਓ। ... ਫਿਰ ਬੀਜੋ। ਫਿਰ ਪੁੱਟੋ। ਫਿਰ ਟਿੰਡਾਂ 'ਚ ਪਕਾਓ। ਫਿਰ ਖਾਓ....। ਕਮਾਲ ਹੋਜੂ। ਆਜੋ, ਆਜੋ, ਮੇਰੇ ਪਿੰਡ ਆਜੋ। ਇਹ ਮਲੇਰਕੋਟਲੇ ਨੇੜੇ ਆ। ਮੌਜ ਹੋ ਜੂ। ... ਹਾ...ਹਾ...।

.... ਨਾਲੇ ਤੁਸੀ ਲਗਜ਼ਰੀ ਬੰਦ ਕਰ ਦਿਓ। ਇਹ ਕਿਤਾਬਾਂ ਛਪਵਾਉਣੀਆਂ ਵੀ ਲਗਜ਼ਰੀ ਏ। ਬੰਦ ਕਰ ਦਿਓ। ਅਖਬਾਰਾਂ ਛਾਪਣੀਆਂ ਵੀ ਬੰਦ ਕਰ ਦਿਓ। ਐਸ ਦੌਰ 'ਚ ਲੈਕਚਰ ਇਜ਼ ਮਸਟ। ਲੈਕਚਰ ਜ਼ਰੂਰੀ ਹੈ। ਤੁਸੀਂ ਲੈਕਚਰ ਦਿਓ। ਕਿਤਾਬਾਂ ਦੀ, ਅਖਬਾਰਾਂ ਦੀ ਲਗਜ਼ਰੀ ਬੰਦ। ਤੁਸੀਂ ਸੁਕਰਾਤ ਦੇ ਪੀਰੀਅਡ 'ਚ ਚਲੇ ਜਾਓ। ਲੈਕਚਰ ਦਿਓ। ਉਹ ਲੈਕਚਰ ਜ਼ਰੂਰੀ ਏ। ਤੁਸੀਂ ਸਿਆਟਲ ਵਾਂਗ ਲੈਕਚਰ ਦਿਓ। ਕੁਦਰਤ ਨੂੰ ਬਚਾਉਣ ਲਈ ਕਹੋ। ਅੱਜ ਜੋ ਲੈਕਚਰ ਨਹੀਂ ਦੇ ਸਕਦਾ, ਉਹ ਲੇਖਕ ਨਹੀਂ ਹੋ ਸਕਦਾ। ਲਗਜ਼ਰੀ ਬੰਦ ਕਰਨੀ ਪਵੇਗੀ। ਅਖਬਾਰਾਂ ਵਾਲੇ ਵੀ ਛਾਪਣਾ ਬੰਦ ਕਰ ਦੇਣ।

ਸਵੇਰੇ-ਸਵੇਰੇ ਕਿਸੇ ਉੱਚੇ ਦਰਖਤ 'ਤੇ ਬੈਠ ਕੇ, ਟਾਹਣੇ ਨੂੰ ਕੱਸ ਕੇ ਪਕੜ ਕੇ ਉੱਚੀ-ਉੱਚੀ ਖਬਰਾਂ ਪੜ÷ ਕੇ ਸੁਣਾਉਣ। ਲੋਕ ਹੈਰਾਨ ਹੋਏ, ਐਸ ਦੌਰ ਨੂੰ ਵੇਖਣ। ਕਮਾਲ ਹੋ ਜੂ। ਕਮਾਲ ਹੋ ਜੂ....।

.... ਘਰ ਦੀ ਕੱਢੀ ਪੀਓ। ਸੌਂਫੀਆ ਵੀ ਬੰਦ ਕਰ ਦਿਓ। ਘਰ ਦੀ ਕੱਢੀ ਪਿਓ। ਜੜੀਆਂ ਬੂਟੀਆਂ ਪਾਓ। ਬਾਬਿਓ, ਕੁਛ ਵੀ ਨਹੀਂ ਹੈ। ਬਸ ਤੁਸੀਂ ਗੁੜ ਪਾ ਦੇਣਾ ਹੈ। ਇੱਕ ਮਹੀਨੇ ਬਾਅਦ ਕੁੱਕਰ ਦੀ ਵਿਸਲ ਨਾਲ ਭਾਫ ਦੀ ਸ਼ਰਾਬ ਬਣਾ ਲਓ। ਸਾਨੂੰ ਇੱਕ ਪੁਰਾਣਾ ਪੌਲੀਟੀਕਲ ਲੀਡਰ ਦੱਸ ਕੇ ਗਿਆ ਫਾਰਮੂਲਾ। ਸਫੇਦ ਮੂਸਲ ਜ਼ਰੂਰ ਪਾਉਣੀ ਹੈ। ਸ਼ੂਗਰ ਦੇ ਰੋਗੀਆਂ ਲਈ ਵੀ ਠੀਕ। ਰੋਗ ਵੀ ਹੁਣ ਇੰਝ ਈ ਦੂਰ ਹੋਇਆ ਕਰਨਗੇ। ਕਮਾਲ ਹੋ ਜੂ। ਤੁਸੀਂ ਵੀ ਮੇਰੇ ਨਾਲ ਪਿੰਡ ਆਜੋ। ਮਜ਼ਾ ਆਜੂ.. ਹਾ... ਹਾ....।

*****************

**ਅੱਖ ਮੇਰੇ ਯਾਰ ਦੀ ਦੁਖੇ**

ਮੈਂ, ਯਾਨੀ ਬਿਰਤਾਂਤਕਾਰ ਅੱਜਕੱਲ੍ਹ ਆਪਣੀ ਸਹੇਲੀ ਦੇ ਘਰ ਆਇਆ ਹੋਇਆ ਹਾਂ। ਇੱਥੇ ਆ ਕੇ ਮੈਨੂੰ ਪਤਾ ਨਹੀਂ ਕੀ ਹੋ ਜਾਂਦਾ ਹੈ। ਮੈਂ ਅਜੀਬ ਤਰ੍ਹਾਂ ਨਾਲ ਸੋਚਣਾ ਸ਼ੁਰੂ ਕਰ ਦਿੰਦਾ ਹਾਂ। ਇੱਥੋਂ ਭੱਜ ਜਾਣ ਨੂੰ ਕਰਦਾ ਹਾਂ। ਰੱਜ ਕੇ ਸ਼ਰਾਬ ਪੀਂਦਾ ਹਾਂ। ਨਸ਼ੇ ਵਿੱਚ ਧੁੱਤ ਹੁੰਦਾ ਹਾਂ ਤਾਂ ਬੇਹੋਸ਼ੀ ਵਿੱਚ ਡਿੱਗ ਪੈਂਦਾ ਹਾਂ। ਫਿਰ ਹੋਸ਼ ਪਰਤਦੀ ਹੈ ਤਾਂ ਦਿਨ ਚੜ੍ਹਿਆ ਹੁੰਦਾ ਹੈ। ਮੈਂ ਆਪਣੇ ਆਪ ਤੋਂ ਸ਼ਰਮ ਮਹਿਸੂਸ ਕਰਦਾ ਹਾਂ। ਪਰ ਨਹੀਂ ਮੈਂ ਆਪਣੀ ਦਸ਼ਾ ਜਾਂ ਮਾਨਸਿਕ ਅਵਸਥਾ ਨਹੀਂ ਦਰਸਾ ਸਕਦਾ। ਐਸਨੂੰ ਸਮਝਣ ਲਈ ਹੇਠ ਲਿਖਿਆ ਬਿਰਤਾਂਤ ਤੁਸੀਂ ਪੜ੍ਹ ਲਵੋ। ਇਹ ਸਾਰਾ ਬਿਰਤਾਂਤ ਓਸੇ ਸਹੇਲੀ ਦੇ ਬਾਥਰੂਮ ਦਾ ਹੈ। ਮੈਂ ਐਸਨੂੰ ਆਪਣੇ ਘਰ ਦਾ ਬਣਾ ਕੇ ਪੇਸ਼ ਕੀਤਾ ਹੈ। ਐਸ ਚਲਾਕੀ ਨੂੰ ਵੀ ਸਮਝਿਆ ਜਾ ਸਕਦਾ ਹੈ। ਪੜ੍ਹੋ-

ਕੰਨਬਤੜੀ ਤੋਂ ਤੁਸੀਂ ਪਿੱਛਾ ਨਹੀਂ ਛੁਡਾ ਸਕਦੇ। ਸੋਚਦਾ ਸਾਂ ਬਚਪਨ 'ਚ ਡਰਾਉਣ ਲਈ ਮਾਵਾਂ ਇਹ ਸ਼ਬਦ ਵਰਤਦੀਆਂ ਨੇ। ਫੇਰ ਵੇਖ ਲਈ। ਡਰ ਲਗਿਆ। ਮਨ 'ਚ ਇੱਕ ਦਹਿਸ਼ਤ ਦਾ ਤਿਣਕਾ ਬੈਠ ਗਿਆ। ਹੁਣ ਆਹ ਐਸ ਸ਼ਹਿਰ 'ਚ ਫਰਸ਼ ਵਾਲੇ ਘਰ ਦੇ ਬਾਥਰੂਮ ' ਚ ਇਹ ਕਿਥੋਂ ਪ੍ਰਗਟ ਹੋ ਗਈ।

ਇਹ ਕਿਤੇ ਵੀ ਆ ਸਕਦੀ ਏ। ਆਹ ਵੇਖ ਹੁਣ ਬਾਥਰੂਮ ਦੀ ਟਾਇਲਾਂ ਵਾਲੀ ਦੀਵਾਰ ਨਾਲ ਚਿਪਕੀ ਹੋਈ। ਹੌਲੀ-ਹੌਲੀ ਰੀਂਘ ਰਹੀ ਹੈ। ਹਜ਼ਾਰਾਂ ਲੱਤਾਂ ਨੇ ਇਹਦੀਆਂ। ਇੱਕ-ਇੱਕ ਲੱਤ ਨੂੰ ਅੱਗੋਂ ਹੋਰ ਤਾਰਾਂ ਜਿਹੀਆਂ ਨਿਕਲੀਆਂ ਨੇ। ਕਿੱਡੀ ਮਜ਼ਬੂਤ ਪਕੜ ਹੈ। ਮੁਲਾਇਮ ਤੇ ਪੱਧਰੀਆਂ ਟਾਇਲਾਂ 'ਤੇ ਵੀ ਪਕੜ ਹੈ। ਸੁਣਿਐ ਸ਼ਰੀਰ ਦੇ ਜਿਸ ਹਿੱਸੇ ਤੋਂ ਵੀ ਲੰਘ ਜਾਂਦੀ ਐ, ਛਾਲਕੇ ਪਾ ਜਾਂਦੀ ਹੈ। ਜਨੇਉ ਨਿਕਲਿਆ ਹੋਵੇ ਜਿਵੇਂ। ਇਹ ਬਹੁਤ ਦੁਖਦਾਈ ਹੁੰਦਾ। ਜਨੇਉ ਤਾਂ ਜਿਹਨੂੰ ਨਿਕਲਦੈ, ਉਹੀ ਦੱਸ ਸਕਦਾ। ਮੈਨੂੰ ਨਿਕਲਿਆ ਸੀ ਇਕ ਵਾਰ। ਰੋਮ-ਰੋਮ ਤੜਫ਼ ਰਿਹਾ ਸੀ। ਅਜੀਬ ਤਰ੍ਹਾਂ ਦੀ ਖਾਰਸ਼, ਓਸਤੋਂ ਵੀ ਅਜੀਬ ਤਰ੍ਹਾਂ ਦਾ ਦਰਦ, ਟਸ-ਟਸ ਬਹੁਤ ਹੀ ਬਰੀਕ।

ਹੁਣ ਐਸਦਾ ਕੀ ਕਰਾਂ? ਪਾਣੀ ਦਾ ਮੱਘ ਪਾ ਕੇ ਨਾਲੀ 'ਚ ਵਹਾ ਦਿੰਦਾ ਹਾਂ। ਚੱਲ ਰਾਣੀ ਤੇਰਾ ਰੱਬ ਰਾਖਾ। ਇਹਦੀ ਪਕੜ ਛੁਡਾਉਣੀ ਕਿਹੜੀ ਸੌਖੀ ਆ? ਨਹੀਂ ਛੱਡਣਾ ਇਹਨੇ। ਹੁਣ ਕੀ ਇਲਾਜ ਕੀਤਾ ਜਾਵੇ? ਹਾਂ, ਆਹ ਠੀਕ ਹੈ, ਐਸ

ਬੁਰਸ਼ ਨਾਲ ਹੇਠਾਂ ਲਾਹੁੰਦਾ ਹਾਂ। ਨਹੀਂ, ਨਹੀਂ। ਅਨਰਥ ਹੋ ਜਾਣਾ ਸੀ। ਇਹਦੇ ਤਾ ਦੰਦਿਆ 'ਚ ਹੀ ਇਹਨੇ ਫਸ ਜਾਣਾ। ਫਿਰ ਕੱਢਣਾ ਹੋਰ ਮੁਸ਼ਕਿਲ ਹੋ ਜਾਣਾ। ਕੀ ਕਰਾਂਗਾ। ਬਾਥਰੂਮ 'ਚੋਂ ਬਾਹਰ ਨਿਕਲ ਕੇ ਇਹਦੇ ਬਾਰੇ ਗੱਲ ਕਰੂੰ ਤਾਂ ਹਾਸੇ ਦਾ ਪਾਤਰ ਬਣੂੰ। ਯਾਰ ਹੁਣ ਕੀ ਕੀਤਾ ਜਾਵੇ? ਇਵੇਂ ਹੀ ਨਹਾਉਣ ਲੱਗ ਪਿਆ ਤਾ ਕਿਤੇ ਪਾਣੀ ਤੇ ਛਿੱਟਿਆਂ ਨਾਲ ਰੀਂਘਦੀ-ਰੀਂਘਦੀ ਪੈਰਾਂ ਤੇ ਨਾ ਆਣ ਚੜ੍ਹੇ। ਕੀ ਪਤਾ ਸਾਲੀ ਉੱਡਦੀ ਵੀ ਹੋਵੇ। ਪਰ ਨਹੀਂ ਇਹ ਉੱਡਦੀ ਨਹੀਂ ਹੁੰਦੀ। ਜੇ ਉੱਡਦੀ ਹੁੰਦੀ ਮੇਰੀ ਨੰਗੀ ਪਿੱਠ 'ਤੇ ਡਿੱਗਣਾ ਸੀ ਇਹਨੇ। ਫੇਰ ਉਹੀ ਜਨੇਉ ਵਾਲੀ ਦਰਦ। ਜਨੇਉ ਤਾਂ ਠਾਕਿਆ ਵੀ ਜਾ ਸਕਦਾ, ਕੰਨਬਤੜੀ ਦੇ ਜ਼ਹਿਰ ਨੂੰ ਕੌਣ ਠਾਕੂ?

ਵੈਸੇ ਇੱਕ ਗੱਲ ਐ, ਮੰਤਰਾਂ 'ਚ ਸ਼ਕਤੀ ਕਿੰਨੀ ਹੁੰਦੀ ਆ। ਮੇਰਾ ਜਨੇਓ ਇੱਕ ਬਜ਼ੁਰਗ ਨੇ ਠਾਕਿਆ ਸੀ। ਦਰਦ ਨੂੰ ਤਾਂ ਓਸੇ ਪਲ ਚੈਨ ਮਿਲ ਗਈ ਸੀ। 'ਸ਼ਬਦਾਂ' ਦੀ ਤਾਸੀਰ ਏਨੀ ਠੰਢੀ ਹੁੰਦੀ ਹੋਣੀ। ਹਾਂ, ਯਾਰ ਤਾਸੀਰ ਦੀ ਈ ਗੱਲ ਹੋਣੀ। ਉੱਬਲ ਰਹੇ ਜਨੇਉ ਨੂੰ ਠੰਢ ਪੈ ਗਈ ਸੀ। ਮੈਂ ਧਾਹਾਂ ਮਾਰਦਾ-ਮਾਰਦਾ ਮੁਸਕੁਰਾਉਣ ਲੱਗ ਪਿਆ ਸੀ। ਗਰਮੀ ਵੀ ਅੱਤ ਸੀ। ਪਰ ਜਦੋਂ ਜਨੇਉ ਠਾਕਿਆ ਤਾਂ ਪਸੀਨੋ-ਪਸੀਨੀ ਹੋਣ ਦੇ ਬਾਵਜੂਦ ਮੈਨੂੰ ਲੱਗਿਆ ਸੀ ਜਿਵੇਂ ਏਸੀ 'ਚ ਜਾ ਬੈਠਿਆ ਹੋਵਾਂ। ਪਰ ਗਲਾ ਮੇਰਾ ਖੁਸ਼ਕ ਹੋ ਗਿਆ ਸੀ।

ਗਲਾ ਤਾਂ ਅੱਜ ਵੀ ਖੁਸ਼ਕ ਐ। ਸ਼ਾਇਦ ਰਾਤ ਦੀ ਬੋਦਕਾ ਨਾਲ ਖੁਸ਼ਕ ਹੋ ਗਿਆ ਹੋਵੇ। ਗਰਮੀ ਤਾਂ ਰਾਤ ਵੀ ਬਹੁਤ ਸੀ। ਐਵੇਂ ਬੋਦਕਾ ਮੰਗਵਾ ਲਈ। ਗਰਮੀ 'ਚ ਐਵਆਇਡ ਕਰਨੀ ਚਾਹੀਦੀ ਸੀ। ਵੈਸੇ ਬੀਅਰ ਪੀ ਲੈਣੀ ਚਾਹੀਦੀ ਆ। ਬੀਅਰ ਦਾ ਉਹ ਮਜ਼ਾ ਨਹੀਂ ਆਉਂਦਾ, ਜੋ ਪੱਕੀ ਪੀਣ ਦਾ ਆਉਂਦਾ ਹੈ।

ਉਫ ਇਹਦਾ ਤਾਂ ਧਿਆਨ ਹੀ ਨਹੀਂ, ਕਿਤੇ ਇਹ ਕੱਪੜਿਆ 'ਤੇ ਨਾ ਚੜ੍ਹ ਜਾਵੇ। ਸਿੱਧੀ ਟੰਗਣੇ ਵੱਲ ਈ ਜਾ ਰਹੀ ਆ। ਯਾਰ ਕੱਪੜੇ ਲਾਹ ਕੇ ਕਿੱਥੇ ਰੱਖਾਂ? ਕੀ ਕਰਾਂ ਇਹਦਾ? ਕਿਤੇ ਹੋਰ ਵੀ ਨਾ ਹੋਣ। ਇੱਕਲੀ ਤਾਂ ਹੋ ਨਹੀਂ ਸਕਦੀ। ਕਈ ਵੀ ਹੋ ਸਕਦੀਆਂ। ਏਧਰ-ਓਧਰ ਵੇਖਣਾ ਚਾਹੀਦਾ। ਯਾਰ, ਮੈਂ ਘਰਦਿਆਂ ਨੂੰ ਕਿਹਾ ਵੀ ਸੀ ਕਿ ਬਾਥਰੂਮ ਤੇ ਟਾਇਲਟ ਅਲੱਗ-ਅਲੱਗ ਬਨਾਉਣੇ ਚਾਹੀਦੇ ਨੇ। ਇਹ ਨਹੀਂ ਕਿਸੇ ਦੀ ਗੱਲ ਮੰਨਦੇ। ਸਾਲਾ ਇੱਕ ਜਗ੍ਹਾ ਈ ਕਾਹਤੋਂ ਬਨਾਉਣੇ ਹੋਏ। ਹੁਣ ਆਹ ਫਲੱਸ਼ ਦੇ ਕਿੰਨੇ ਲੁਕਵੇਂ ਥਾਂ ਨੇ। ਇਹਨਾਂ ਥਾਵਾਂ 'ਚ ਕੰਨਬਤੜੀਆਂ ਆਮ ਈ ਲੁਕ  ਸਕਦੀਆਂ ਨੇ। ਜਿੰਨਾ ਮਰਜ਼ੀ ਪਾਣੀ ਡੋਲ੍ਹੀ ਜਾਵੋ। ਇਹਨਾਂ 'ਤੇ ਕੋਈ ਅਸਰ ਨਹੀਂ। ਬੁਰਸ਼ ਨਾਲ ਵੀ ਉਹ ਥਾਵਾਂ ਸਾਫ ਨਹੀਂ ਕੀਤੀਆਂ ਜਾ ਸਕਦੀਆਂ। ਹੁਣ ਇਹਦੇ ਨਾਲ ਪਤਾ ਨਹੀਂ ਹੋਰ ਕਿੰਨੀਆਂ ਕੁ ਹੋਣ। ਇੱਕ ਤਾਂ ਹੋ ਨਹੀਂ ਸਕਦੀ। ਪਰ ਇਹ ਆ ਕਿਥੋਂ ਜਾਂਦੀਆਂ ਨੇ? ਪਹਿਲਾਂ ਇੱਥੇ ਖੇਤ ਹੁੰਦੇ ਹੋਣਗੇ। ਪਰ ਖੇਤ ਵੀਹ ਵਰ੍ਹਿਆਂ ਦੇ ਹੁਣ ਤੱਕ ਕਿੱਥੋਂ ਆ ਗਏ? ਇਹ ਹਵਾ ਨਾਲ ਉੱਡ ਕੇ ਆ ਜਾਂਦੀਆਂ ਹੋਣਗੀਆਂ। ਪਰ ਜਿਹੜੀ ਪਾਣੀ ਦੇ ਮੱਘ ਨੂੰ ਨਹੀਂ ਮੰਨਦੀ, ਹਵਾ ਨਾਲ ਕਿਵੇਂ ਉੱਡ ਸਕਦੀ ਆ? ਚੱਲ ਯਾਰ, ਇਹ ਆ ਤਾਂ ਗਈ ਆ। ਹੁਣ ਇਹਦਾ ਕਰਨਾ ਕੀ ਆ?

ਚਲੋ ਆਹ ਠੀਕ ਆ। ਵਾਈਪਰ ਦੀ ਰਬੜ ਜਿਹੀ ਨਾਲ ਖੁਰਚ ਕੇ ਇਹਨੂੰ ਨਾਲੀ 'ਚ ਵਹਾਅ ਦਿੰਦੇ ਆਂ। ਇਹ ਠੀਕ ਐ। ਆਹ ਚੁੱਕ ਰਾਣੀ ਤੇ ਚੱਲ ਨਾਲੀ 'ਚ। ਹੁਣ ਪਾਣੀ ਦੀ ਬਾਲਟੀ ਰੋੜ੍ਹ ਦਿੰਦੇ ਆਂ। ਵਹਿ ਕੇ ਦੂਰ ਨਿਕਲ ਜਾਊ। ਆਹ ਚੱਕ ਰਾਣੀ। ਚਲੋ, ਮਹਾਰਾਜ ਕੀ ਜੈ। ਲਓ, ਹੁਣ ਬਾਲਟੀ ਭਰਨ ਨੂੰ ਘੰਟਾ ਚਾਹੀਦਾ। ਸਾਲਾ ਗਰਮੀ 'ਚ ਪਾਣੀ ਵੀ ਤਿੱਪ-ਤਿੱਪ ਈ ਆਉਂਦਾ। ਟੈਂਕੀ ਕਈ ਦਿਨਾਂ ਦੀ ਖਰਾਬ ਹੋਈ ਪਈ ਆ। ਉਹ ਵੀ ਠੀਕ ਨਹੀਂ ਕਰਵਾਈ ਗਈ। ਸਾਲਾ ਸਾਰੇ ਜ਼ਮਾਨੇ ਦੇ ਟੁੱਲੂ ਪੰਪ ਲਾਏ ਨੇ, ਮੇਰੇ ਤੋਂ ਈ ਨਹੀਂ ਲਾਇਆ ਜਾਂਦਾ। ਭਲਾ ਜੇ ਕਾਰਪੋਰੇਸ਼ਨ ਵਾਲੇ ਆ ਵੀ ਜਾਣ ਤਾਂ ਪੂਰੀ ਗਲੀ ਦੇ ਟੁੱਲੂ ਲੈ ਕੇ ਜਾਣਗੇ, ਸਾਡਾ ਕੋਈ ਕੱਲਿਆਂ ਦਾ ਤਾਂ ਨਹੀਂ ਲੈ ਚੱਲੇ। ਪਰ ਇਹ ਲੋੜ ਗਰਮੀ 'ਚ ਈ ਪੈਂਦੀ ਆ। ਵੈਸੇ ਵੀ ਪੀਣ ਵਾਲਾ

ਪਾਣੀ ਭਰਨ ਲਈ ਮੈਂ ਤੜਕੇ ਈ ਉੱਠ ਪੈਂਦਾ। ਬਾਕੀ ਨਹਾਉਣ ਲਈ ਦਿੱਕਤ ਆਉਂਦੀ ਆ। ਦਿੱਕਤ ਵੀ ਕਾਹਦੀ। ਬਾਲਟੀ ਤਾਂ ਭਰ ਲਈ ਸੀ, ਇਹਦੇ ਕਰਕੇ ਡੋਲ੍ਹਣੀ ਪੈ ਗਈ। ਹੁਣ ਭਰਦਿਆਂ ਵਕਤ ਲੱਗ ਜਾਉ। ਕਿਤੇ ਐਨੇ ਚਿਰ ਨੂੰ ਫੇਰ ਨਾ ਏਧਰ ਨੂੰ ਤੁਰੀ ਆਉਂਦੀ ਹੋਵੇ। ਰੀਂਘ-ਰੀਂਘ ਕੇ ਪਤਾ ਨਹੀਂ ਕਿੰਨੇ ਕਿਲੋਮੀਟਰ ਸਫਰ ਤੈਅ ਕਰ ਜਾਂਦੀ ਹੋਉ। ਵੈਸੇ ਚਲਦਾ ਰਹੇ ਬੰਦਾ ਤਾਂ ਕੀ ਨਹੀਂ ਕਰ ਸਕਦਾ?

***************

**ਕਿਸ ਜ਼ਮਾਨੇ ਕੀ ਬਾਤ ਕਰਤੇ ਹੋ**

'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਬੋਲੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਹਮਾਰੇ ਪਾਸ ਵਕਤ ਨਹੀਂ ਹੈ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਮਾਫ ਕਰਨਾ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਪਲੀਜ਼ ਮੈਮ, ਸੁਭਹ-ਸੁਭਹ ਕਿਉਂ ਪਰੇਸ਼ਾਨ ਕਰ ਰਹੀ ਹੈ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।' 'ਹੈਲੋ, ਸਰ ਕਿਆ ਮੈਂ ਆਪਸੇ ਬਾਤ ਕਰ ਸਕਤੀ ਹੂੰ?' 'ਕਹੀਏ?' 'ਸਰ ਹਮਾਰੀ ਕੰਪਨੀ ਨੇ ਨਈ ਬੀਮਾ ਪਾਲਿਸੀ× ..।' 'ਸੌਰੀ ਮੈਮ..।'

ਕੀ ਹੋਇਆ? ਤੁਸੀਂ ਬੋਰ ਹੋ ਗਏ? ਕਿਉਂ? ਏਨੀ ਛੇਤੀ ਬੋਰ ਹੋ ਗਏ? ਉਹਦਾ ਕੀ ਬਣਦਾ ਹੋਊ, ਜਿਹੜੀ ਅੱਠ ਘੰਟੇ ਲਗਾਤਾਰ ਐਸੇ ਤੋਤਾ ਰਟਣ 'ਚ ਰਹਿੰਦੀ ਆ। ਯਾਰ ਤੁਸੀਂ ਮੈਨੂੰ ਵਾਰ-ਵਾਰ ਇਹੀ ਸਵਾਲ ਕਰਦੇ ਹੋ ਕਿ ਮੈਂ ਬਿਰਤਾਂਤ ਨਹੀਂ ਸਿਰਜਦਾ. ਕਈ ਤਾਂ ਕਹਿੰਦੇ ਨੇ ਮੈਂ ਬਿਰਤਾਂਤ ਦਾ ਵੈਰੀ ਹਾਂ। ਕੁਝ ਕਹਿੰਦੇ ਨੇ ਮੈਂ ਪਾਠਕ ਤੋੜ ਰਿਹਾ ਹਾਂ। ਪਰ ਮੇਰੀ ਕੋਈ ਸੁਣੇ ਤਾਂ ਆ ਨਾ। ਆਹ ਉੱਪਰ ਮੈਂ ਸਿਰਫ ਵੀਹ ਵਾਰ ਇੱਕੋ ਗੱਲ ਲਿਖ ਦਿੱਤੀ, ਤਾਂ ਕੀ ਗੁਨਾਹ ਹੋ ਗਿਆ? ਮੈਂ ਤਾਂ ਤੁਹਾਨੂੰ ਦੱਸਣਾ ਚਾਹੁੰਦਾ ਕਿ ਜਿਹਨਾਂ ਪਾਤਰਾਂ ਦੇ ਪੀਰੀਅਡ ਵਿੱਚ ਮੈਂ ਪੈਦਾ ਹੋਇਆ ਹਾਂ ਲੇਖਕ ਦੇ ਰੂਪ ਵਿੱਚ, ਉਹਨਾਂ ਦਾ ਜੀਵਨ ਕਿਸੇ ਬਿਰਤਾਂਤ ਵਿੱਚ ਨਹੀਂ ਬੱਝਦਾ। ਉਹ ਸਵੇਰ ਤੋਂ ਸ਼ਾਮ ਤੱਕ ਇੱਕੋ ਹੀ ਫਿਕਰਾ ਦੁਹਰਾਉਂਦੇ ਹਨ। ਮਸ਼ੀਨ ਵੀ ਇਹੀ ਕੰਮ ਕਰਦੀ ਹੈ। ਮੇਰੇ ਪਾਤਰ ਵੀ ਇਹੀ ਕੰਮ ਕਰਦੇ ਨੇ। ਸਾਰੀ ਉਮਰ ਵਿੱਚ ਉਹ ਸਿਰਫ ਇੱਕੋ ਫਿਕਰਾ ਬੋਲ ਪਾਉਂਦੇ ਨੇ। ਉਹਨਾਂ ਦੀ ਜੌਬ ਹੈ ਇਹ। ਤੁਸੀਂ ਬੋਰ ਹੋ ਗਏ। ਹੁਣ ਦੱਸੋ ਮੈਂ ਕੀ ਕਰਾਂ? ਹੁਣ ਜਿਹੜੀ ਕੁੜੀ ਨੂੰ ਮੈਂ ਆਪਣੀ ਪਾਤਰ ਬਣਾਇਆ ਹੈ, ਉਹਦੇ ਨਿੱਤ ਦੇ ਵਿਹਾਰ ਨੂੰ ਹੀ ਤੁਹਾਡੇ ਨਾਲ ਸਾਂਝਾ ਕਰਾਂਗਾ। ਉਹਦਾ ਨਿੱਤ ਦਾ ਵਿਹਾਰ ਇਹੀ ਆ। ਉਹ ਸਾਰੀ ਦਿਹਾੜੀ ਇਹੋ ਫਿਕਰਾ ਬੋਲਦੀ ਹੈ ਤੇ ਅੱਗੋਂ ਵੀ ਥੋੜ੍ਹੇ ਬਹੁਤੇ ਫਰਕ ਨਾਲ ਇੱਕੋ ਜਿਹੇ ਫਿਕਰੇ ਹੀ ਸੁਣਾਈ ਦਿੰਦੇ ਹਨ। ਕਈ ਵਾਰ ਤਾਂ ਉਹ ਇਹਨਾਂ ਨੂੰ ਸੁਣਦੀ ਵੀ ਨਹੀਂ। ਓਸਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਕਿਸੇ ਨੇ ਅੱਗੋਂ ਕੀ ਕਹਿਣਾ ਹੈ।

ਅੱਛਾ ਜੇ ਤੁਸੀਂ ਮੈਨੂੰ ਕਹੋ ਕਿ ਮੇਰੇ ਵਿੱਚ ਯੋਗਤਾ ਹੀ ਨਹੀਂ ਹੈ ਕਿ ਮੈਂ ਬਿਰਤਾਂਤ ਲਿਖ ਪਾਵਾਂ, ਤਾਂ ਤੁਸੀਂ ਮੇਰੀ ਮੁਹਾਰਤ ਦੇਖ ਲਵੋ। ਮੈਂ ਲਿਖਦਾ ਹਾਂ- ਐਸ ਕੁੜੀ ਨੂੰ ਅੱਡੇ ਵਿੱਚ ਖੜ੍ਹੀ ਦੇਖਿਆ। ਹਲਕੇ ਰੰਗ ਦੀ ਲਿਪਸਟਿਕ ਲਾਈ ਹੋਈ। ਆਈ ਬਰੋ ਕਾਰਨ ਨੋਕੀਲੀਆਂ ਭੋਹਾਂ। ਤਿੱਖਾ ਨੱਕ। ਅੱਖ ਜਿਵੇਂ ਨਾਗਣੀ ਦੀ ਹੋਵੇ। ਲਗਦਾ ਕਿਸੇ ਮਨਚਲੇ ਦੀ ਉਡੀਕ ਹੋ ਰਹੀ ਆ। ਉਹ ਮੋਟਰ ਸਾਈਕਿਲ 'ਤੇ ਆਵੇਗਾ ਤੇ ਇਹ ਟਪੂਸੀ ਮਾਰਕੇ ਪਿੱਛੇ ਬੈਠ ਜਾਵੇਗੀ। ਫਿਰ ਸਾਰਾ ਦਿਨ ਉੱਡੀ ਫਿਰੇਗੀ। ਇਹਦੇ ਪੈਰ ਰੱਖਣ ਦੇ ਅੰਦਾਜ਼ ਤੋਂ ਹੀ ਕਿਆਫਾ ਲਾਇਆ ਜਾ ਸਕਦਾ ਕਿ ਕੁੜੀ ਦੇ ਪੈਰੀਂ ਚੱਕਰ ਆ। ਅੱਡਾ ਜਵੇਂ ਇਹਦੀ ਛੁਪਣਗਾਹ ਬਣਿਆ ਬੈਠਾ ਹੈ। ਕਈ ਵਾਰ ਇੰਝ ਬੇਜਾਨ ਚੀਜ਼ਾਂ ਵੀ ਕੁੜੀਆਂ ਦਾ ਸਾਥ ਦੇ ਜਾਂਦੀਆਂ ਨੇ।

ਫਿਰ ਮੈਂ ਇਹਦੇ ਨੇੜੇ ਆਇਆ। ਇਹਦਾ ਚਿਹਰਾ ਤਾਂ ਜਿਵੇਂ ਰਿਸ ਰਿਹਾ ਸੀ। ਕਚਿਆਣ ਆਈ। ਇਹ ਜ਼ਰੂਰ ਕੋਹੜਿਆਂ ਦੇ ਮੰਦਰ ਵਿੱਚੋਂ ਆਈ ਹੋਣੀ ਆ। ਮੈਂ ਡਰ ਗਿਆ। ਪਿਛਾਂਹ ਭੱਜ ਨਿਕਲਿਆ। ਇਹ ਕੀ ਖੇਡ ਸੀ? ਕੀ ਇਹ ਅਚਾਨਕ ਵਾਪਰਿਆ ਹੈ? ਕਿਉਂ ਏਡੀ ਖੂਬਸੂਰਤ ਕੁੜੀ ਨੇ ਆਪਣਾ ਬਦਸੂਰਤ ਚੇਹਰਾ ਮੈਨੂੰ ਦਿਖਾਇਆ? ਮੈਂ ਸਮਝ ਨਹੀਂ ਸਕਿਆ। ਐਸੇ ਕਰਕੇ ਇਹਦਾ ਪਿੱਛਾ ਕੀਤਾ ਕਿ ਕਿਤੇ ਕੋਈ ਇੱਛਾਧਾਰੀ ਨਾਗਣ ਹੀ ਤਾਂ ਨਹੀਂ। ਜਦੋਂ ਇਹ ਕਾਲ ਸੈਂਟਰ ਅੰਦਰ ਗਈ, ਤਾਂ ਮੈਨੂੰ ਸਾਰਾ ਭੇਦ ਸਮਝ ਲੱਗ ਗਿਆ। ਹੁਣ ਤੁਸੀਂ ਓਸ ਭੇਦ ਨੂੰ ਜਾਣ ਸਕਦੇ ਹੋ ਤਾਂ ਜਾਣ ਲਵੋ। ਮੈਂ ਤਾਂ ਬਿਰਤਾਂਤ ਦਾ ਇੱਕ ਟੁਕੜਾ ਤੁਹਾਨੂੰ ਲਿਖਕੇ ਦਿਖਾਉਣਾ ਸੀ, ਦਿਖਾ ਦਿੱਤਾ।

*******************

ਚੰਗਾ ਹੋਇਆ ਕਿ ਐਸ ਕੁੜੀ ਦੀ ਗੱਲ ਕਰਦਿਆਂ ਕੋਹੜਿਆਂ ਦੇ ਮੰਦਰ ਦੀ ਗੱਲ ਵਿਚਾਲੇ ਹੀ ਆ ਗਈ। ਮੈਂ ਤੁਹਾਨੂੰ ਦੱਸ ਦਿਆਂ ਕਿ ਆਪਾਂ ਐਸੇ ਇਲਾਕੇ ਵਿੱਚ ਇੱਕ ਕੋਹੜਿਆਂ ਦਾ ਮੰਦਰ ਬਣਾ ਲੈਣਾ ਹੈ। ਉੱਥੇ ਕੁਝ ਕੋਹੜਿਆਂ ਦੇ ਪਰਿਵਾਰ ਹੋਣਗੇ। ਗਰਮੀ ਦੀ ਰੁੱਤੇ ਇਹ ਕੋੜ੍ਹਨਾ ਛਤਰੀ ਲੈ ਕੇ ਨਿਕਲਣਗੀਆਂ। ਆਪਾਂ ਇਹਨਾਂ ਨੂੰ ਇਲਾਕੇ ਤਕਸੀਮ ਕਰ ਦੇਣੇ ਨੇ। ਇਹ ਆਪੋ-ਆਪਣੇ ਟਿਕਾਣਿਆਂ ਉੱਤੇ ਬੈਠਿਆ ਕਰਨਗੀਆਂ। ਰਾਹਗੀਰ ਇਹਨਾਂ ਉੱਤੇ ਰਹਿਮ ਕਰਨਗੇ ਤਾਂ ਦੋ-ਚਾਰ ਛਿੱਲੜ ਇਹਨਾਂ ਨੂੰ ਦੇ ਦੇਣਗੇ। ਚਲੋ ਏਦਾਂ ਕਰਾਂਗੇ ਕਿ ਇਹਨਾਂ ਦੇ ਟਿਕਾਣੇ ਮੰਦਰਾਂ ਨੇੜੇ ਬਣਾ ਦੇਵਾਂਗੇ। ਉੱਥੇ ਬਹੁਤੇ ਵਹਿਮੀ

ਲੋਕ ਆਉਂਦੇ ਨੇ, ਉਹ ਜ਼ਰੂਰ ਕੁਝ ਨਾ ਕੁਝ ਦੇ ਜਾਣਗੇ ਇਹਨਾਂ ਨੂੰ। ਯਾਰ ਆਪਾਂ ਆਪਣੇ ਕਾਲਪਨਿਕ ਇਲਾਕੇ ਵਿੱਚ ਜਿੰਨੇ ਵੀ ਬੰਦੇ ਭਰਤੀ ਕਰਨੇ ਹਨ, ਕਿਸੇ ਨੂੰ ਵੀ ਭੁੱਖਾ ਨਹੀਂ ਮਰਨ ਦੇਣਾ। ਇਹਨਾਂ ਕੋਹੜਿਆਂ ਬਾਰੇ ਇੱਕ ਹੋਰ ਆਈਡੀਆ ਹੈ ਮੇਰੇ ਕੋਲ। ਇਹਨਾਂ ਨੂੰ ਗਉਛਾਲਾ ਮੂਹਰੇ ਵੀ ਟਿਕਾਣਾ ਦੇ ਛੱਡਣਾ ਹੈ। ਪੂਰੇ ਸ਼ਹਿਰ ਦੇ ਵਹਿਮੀ ਉੱਥੇ ਹੀ ਆਉਂਦੇ ਹਨ। ਨਹੀਂ ਯਕੀਨ ਤਾਂ ਤੁਹਾਨੂੰ ਉੱਥੇ ਦਾ ਦ੍ਰਿਸ਼ ਦਿਖਾ ਦਿੰਦੇ ਹਾਂ।

**ਗਉ ਰਕਸ਼ਾ ਸਮਿਤੀ ਦੀ ਬੈਠਕ- ਚੰਗਾ ਹੋਇਆ ਆਪਾਂ ਏਧਰ ਆ ਗਏ। ਏਧਰ ਬਹੁਤ ਹੀ ਮਹੱਤਵਪੂਰਨ ਕੰਮ ਹੋ ਰਿਹਾ ਹੈ। ਹਰ ਸਿਆਲ ਨੂੰ ਇਹ ਕੰਮ ਵੈਸੇ ਹੁੰਦਾ ਹੈ। ਫਿਰ ਐਸ ਉੱਤੇ ਕਾਬੂ ਪਾ ਲਿਆ ਜਾਂਦਾ ਹੈ। ਅਗਲੇ ਸਿਆਲ ਫੇਰ ਸ਼ੁਰੂ ਹੋ ਜਾਂਦਾ ਹੈ। ਇਹ ਕੰਮ ਹੈ ਗਉਆਂ ਦਾ ਮਰਨਾ। ਗਉ ਦੇ ਜਾਇਆਂ ਦੀ ਮੌਤ। ਇਹ ਇਲਾਕਾ ਬਹੁਤ ਵੱਡਾ ਹੈ, ਐਸ ਲਈ ਗਾਵਾਂ ਦੀ ਗਿਣਤੀ ਵੀ ਜ਼ਿਆਦਾ ਹੈ। ਪ੍ਰਬੰਧ ਪੂਰਾ ਹੈ ਹੀ ਨਹੀਂ। ਨਾ ਉਹਨਾਂ ਦੇ ਸਿਰ ਢਕਣ ਦੀ ਥਾਂ ਹੈ, ਨਾ ਪੂਰੀ ਤਰ੍ਹਾਂ ਡਾਕਟਰ ਹੀ ਕੇਅਰ ਕਰਦਾ ਹੈ। ਉਹ ਸੀਟੀ ਵਜਾਉਂਦਾ ਆਉਂਦਾ ਹੈ, ਏਧਰ-ਓਧਰ ਦੇਖਦਾ ਹੈ ਤੇ ਓਸੇ ਅੰਦਾਜ਼ ਵਿੱਚ ਬਾਹਰ ਨਿਕਲ ਜਾਂਦਾ ਹੈ। ਫਿਰ ਪ੍ਰਧਾਨ ਸਾਹਬ ਦੇ ਘਰ ਉਹਨਾਂ ਦੀ ਗਉ ਨੂੰ ਵੇਖਣ ਜਾਂਦਾ ਹੈ। ਬੇਨਾਗਾ। ਦੋਵੇਂ ਬੈਠਕੇ ਗੱਪਾਂ ਮਾਰਦੇ ਨੇ। ਗਉਛਾਲਾ ਵਿੱਚ ਕਿਵੇਂ ਇੱਕ ਭਈਏ ਨੂੰ ਗਾਂ ਨੇ ਚੁੱਕ-ਚੁੱਕ ਮਾਰਿਆ। ਉਸ ਸੀਨ ਨੂੰ ਸੁਣਾ-ਸੁਣਾ ਕੇ ਡਾਕਟਰ ਪ੍ਰਧਾਨ ਦੇ ਢਿੱਡੀਂ ਪੀੜਾਂ ਪਾ ਦਿੰਦਾ ਹੈ। ਏਨੀ ਦੇਰ ਨੂੰ ਦੁੱਧ ਦੀ ਬਾਲਟੀ ਲਈ ਇੱਕ ਹੋਰ ਸੇਵਾਦਾਰ ਪ੍ਰਧਾਨ ਦੇ ਘਰ ਪਹੁੰਚ ਜਾਂਦਾ ਹੈ। ਗੋਕੇ ਦੁੱਧ ਤੋਂ ਬਿਨਾਂ ਉਹ ਹੋਰ ਕੁਝ ਵਰਤਦੇ ਹੀ ਨਹੀਂ। ਇਹ ਤਾਂ ਨਿਆਮਤ ਹੁੰਦਾ ਭਾਈ ਸਾਹਬ। ਡਾਕਟਰ ਓਸਦੇ ਗੁਣ ਗਿਣਾਉਂਦਾ ਹੈ। ਸ਼ਾਮ ਹੋ ਜਾਂਦੀ ਹੈ। ਚੋਰੀ-ਚੋਰੀ ਕੋਈ ਆਏ, ਚੁਪਕੇ-ਚੁਪਕੇ.. ਸੱਭ ਸੇ ਛੁਪਕੇ। ਫਿਰ ਵਿਸਕੀ ਦੇ ਗੁਣ ਗਾਏ ਜਾਂਦੇ ਨੇ। ਗਉਆਂ ਮਰਦੀਆਂ ਰਹਿੰਦੀਆਂ ਨੇ। ਬੇਜ਼ਬਾਨ।**

ਅੱਜ ਗਉ ਰਕਸ਼ਾ ਸਮਿਤੀ ਨੇ ਐਸ ਮਾਮਲੇ ਬਾਰੇ ਹੰਗਾਮੀ ਮੀਟਿੰਗ ਸੱਦ ਲਈ ਹੈ। ਭਾਜਪਾ ਦਾ ਇੱਕ ਐਮ ਐਲ ਏ ਇਹਨਾਂ ਦੇ ਨਾਲ ਹੈ। ਸਿਸਟਮ ਨੂੰ ਵਖਤ ਪੈ ਗਿਆ ਹੈ। ਡਾਕਟਰਾਂ ਦੀ ਪੂਰੀ ਟੀਮ ਆਈ ਹੈ। ਪ੍ਰੈਸ ਵਾਲੇ ਫੋਟੋਆਂ ਲੈ ਕੇ ਢੇਰ ਲਾਈ ਜਾ ਰਹੇ ਹਨ। ਇੱਕ ਫੋਟੋਗ੍ਰਾਫਰ ਨੂੰ ਗਾਂ ਨੇ ਬੜੀ ਚਲਾਕੀ ਨਾਲ ਸਿੰਗਾ ਉੱਤੇ ਚੁੱਕਕੇ ਪਟਕ ਦਿੱਤਾ, ਤਾਂ ਚੁਫੇਰ ਹਾਸੜ ਮਚ ਗਈ। ਉਹਦਾ ਵਿਚਾਰੇ ਦਾ ਦਰਦ ਦੇਖਣ ਵਾਲਾ ਕੋਈ ਨਹੀਂ ਸੀ। ਇੱਕਲਾ ਹੀ ਵਿਲਕਦਾ ਰਿਹਾ। ਭਾਈ ਸਾਹਬ ਇੱਥੇ ਇਕੱਲੇ ਹੀ ਵਿਲਕਣਾ ਹੁੰਦਾ। ਸਵੇਰੇ ਸਿਰਫ ਗਉਆਂ ਦੀਆਂ ਤਸਵੀਰਾਂ ਲੱਗਣਗੀਆਂ, ਤੇਰੀ ਕੋਈ ਤਸਵੀਰ ਨਹੀਂ ਲੱਗਣੀ। ਚਲੋ, ਇਹ ਰਸਮ ਵੀ ਪੂਰੀ ਹੋ ਗਈ। ਛੱਡੀਏ ਯਾਰ। ਐਸ ਮਾਮਲੇ ਨੂੰ ਐਵੇਂ ਮਹੱਤਵਪੂਰਨ ਸਮਝ ਲਿਆ। ਇਹ ਤਾਂ ਰੋਟੀਆਂ ਸੇਕਣਾ ਹੀ ਹੈ। ਐਸ ਇਲਾਕੇ ਵਿੱਚ ਆਪਣਾ ਵੋਟ ਬੈਂਕ ਬਨਾਉਣ ਲਈ ਉਪਰਾਲਾ ਹੈ। ਚਲੋ ਅਸੀਂ ਕੀ ਲੈਣਾ। ਮੈਂ ਤਾਂ ਕਹਿੰਦਾ ਕਿ ਆਪਾਂ ਏਸ ਏਰੀਏ ਵਿੱਚ ਆਉਣਾ ਹੀ ਨਹੀਂ ਹੈ। ਭਾਈ ਸਾਹਬ ਜ਼ਮਾਨਾ ਏਨਾ ਅਗਾਂਹ ਲੰਘ ਗਿਆ ਹੈ ਤੇ ਤੁਸੀਂ ਅਜੇ ਵੀ ਨਿੱਕਰਾਂ ਪਾਉਣ ਲਈ ਕਹਿ ਰਹੇ ਹੋ? ਕਹਿ ਕੇ ਦੇਖ ਲਵੋ, ਇਹ ਮੁੰਡੇ ਨਹੀਂ ਤੁਹਾਡੇ ਹੱਥ ਲੱਗਣ ਲੱਗੇ। ਹੁਣ ਥੋੜ੍ਹਾ ਜਿਹਾ ਆਪਣੇ ਆਪ ਨੂੰ ਬਦਲੋ। ਨਿੱਕਰਾਂ ਕੌਣ ਪਾਉਂਦਾ ਅੱਜ-ਕੱਲ੍ਹ, ਉਹ ਵੀ ਖਾਕੀ। ਮੁੰਡੇ ਸ਼ਰਮ ਮੰਨਦੇ ਆ। ਬਦਲੋ ਭਾਈ ਸਾਹਬ ਕਿ ਜ਼ਮਾਨਾ ਬਦਲ ਗਿਆ। ਤੂ ਭੀ ਬਦਲ ਫਲਕ ਕਿ ਜ਼ਮਾਨਾ ਬਦਲ ਗਿਆ।

ਕਿਤੇ ਕੋਹੜਿਆਂ ਲਈ ਜ਼ਮੀਨ ਉੱਤੇ ਹੰਗਾਮਾ ਨਾ ਹੋ ਜਾਏ। ਕੋਈ ਗੱਲ ਨਹੀਂ ਹੈ ਆਪਣੇ ਕੋਲ ਤਿੰਨ ਕੋਹੜੇ ਅਜਿਹੇ ਨੇ ਜਿਹਨਾਂ ਦੀਆਂ ਕੁੜੀਆਂ ਬਹੁਤ ਹੀ ਖੂਬਸੂਰਤ ਨੇ। ਉਹਨਾਂ ਦੀ ਡਿਊਟੀ ਲਗਾਈ ਜਾ ਸਕਦੀ ਹੈ। ਐਮ ਐਲ ਏ ਨੂੰ ਠਰਕ ਹੈ। ਕਿਸੇ ਨੂੰ ਕੌਣ ਜਾਣਦਾ ਹੈ। ਬਸ ਕੁੜੀ ਮੂੰਹ ਮੱਥੇ ਲੱਗਦੀ ਹੋਵੇ। ਸਾਡਾ ਲੇਖਕ ਤਾਂ ਉਹਨਾਂ ਵਿੱਚੋਂ ਇੱਕ ਕੁੜੀ ਉੱਤੇ ਡੋਰੇ

ਵੀ ਪਾਈ ਫਿਰਦਾ ਹੈ। ਯਾਰ ਓਸਨੂੰ ਐਸ ਗੱਲ ਦੀ ਭਿਣਕ ਨਹੀਂ ਲੱਗਣੀ ਚਾਹੀਦੀ, ਨਹੀਂ ਤਾਂ ਉਹਨੇ ਐਵੇਂ ਹੰਗਾਮਾ ਖੜ੍ਹਾ ਕਰ ਦੇਣਾ। ਇਹ ਲੇਖਕ ਵੀ ਸਾਲੇ ਐਵੇਂ ਭਾਵੁਕ ਜਿਹੇ ਬੰਦੇ ਹੁੰਦੇ ਆ। ਹੁਣ ਆਹ ਕੋਹੜਿਆਂ ਦੀ ਕੁੜੀ ਨਾਲ ਇਸ਼ਕ ਕਰ ਰਿਹਾ ਹੈ। ਕੀ ਕਿਹਾ ਜਾ ਸਕਦਾ ਇਹਨਾਂ ਨੂੰ। ਤਦੇ ਮੈਂ ਚਾਹੁੰਦਾ ਹਾਂ ਕਿ ਉਹ ਐਸ ਨਾਵਲ ਵਿੱਚ ਘੱਟ-ਵੱਧ ਹੀ ਦਖਲ ਦੇਵੇ। ਸਾਲਾ ਐਵੇਂ ਭਕਾਈ ਮਾਰਨ ਲੱਗ ਜਾਂਦਾ ਕਿ ਇਹ ਯਥਾਰਥ ਨਹੀਂ ਹੈ, ਇਹ ਫਲਾਣਾਂ ਨਹੀਂ ਹੈ, ਢਿਮਕਾਨਾ ਨਹੀਂ ਹੈ। ਇਹਨੂੰ ਪੁੱਛੇ ਕੰਜਰ ਦਿਆ, ਯਥਾਰਥ ਤੇਰੇ ਪੇ ਵਾਲਾ ਕਿੱਥੋਂ ਲੈ ਆਈਏ? ਕਿਹੜਾ ਯਥਾਰਥ? ਕੀ ਲੈਣਾ ਤੂੰ ਯਥਾਰਥ ਕੋਲੋਂ? ਨਾਲੇ ਯਥਾਰਥ ਨੂੰ ਰਗੜ ਕੇ ਫੋੜੇ ਉੱਤੇ ਲਾਉਣਾ, ਜੋ ਕੰਮ ਹੀ ਨਾ ਆਇਆ। ਕਿਸ ਜ਼ਮਾਨੇ ਕੀ ਬਾਤ ਕਰਤੇ ਹੋ, ਦਿਲ ਜਲਾਨੇ ਕੀ ਬਾਤ ਕਰਤੇ ਹੋ?

**ਕਚਹਿਰੀ ਕੰਪਲੈਕਸ ਤੋਂ ਮਿਲੀ ਪ੍ਰੇਰਨਾ-  ਕਿਸੇ ਵੀ ਲੇਖਕ ਤੋਂ ਹਟਕੇ ਗੱਲ ਕਰਨ ਦੀ ਪ੍ਰੇਰਨਾ ਸਾਨੂੰ ਕਿਥੋਂ ਮਿਲੀ, ਇਹਦੀ ਗੱਲ ਵੀ ਨਾਲ ਹੀ ਕਰ ਲੈਂਦੇ ਹਾਂ। ਦਰਅਸਲ ਮੈਂ ਇੱਕ ਦਿਨ ਕਚਹਿਰੀ ਗਿਆ ਸੀ। ਕਚਹਿਰੀ ਦਾ ਮਤਲਬ ਕਿ ਗਏ ਕਾਮ ਸੇ। ਕੰਮ ਕੋਈ ਨਹੀਂ ਹੋ ਸਕਦਾ, ਸਿਰਫ ਟਾਈਮ ਕਿੱਲ ਕਰ ਲਵੋ। ਟਾਈਮ ਅੱਜ-ਕੱਲ੍ਹ ਕਿਸੇ ਕੋਲ ਹੈ ਨਹੀਂ। ਜਾਂ ਕਹਿ ਲਵੋ ਕਿ ਟਾਈਮ ਤਾਂ ਹੈ, ਪਰ ਸਬਰ ਨਹੀਂ ਹੈ। ਫਟਾਫਟ, ਝਟਾਝਟ, ਗਟਾਗਟ। ਕੰਮ ਨੂੰ ਦੇਰ ਲੱਗਣੀ ਸੀ, ਸਾਹਬ ਨੂੰ ਉਡੀਕਣਾ ਪੈਣਾ ਸੀ। ਆਪਾਂ ਉੱਥੇ ਆਏ ਚੇਹਰਿਆਂ ਦਾ ਮੁਆਇਨਾ ਕਰਨ ਲੱਗ ਪਏ। ਭਾਂਤ-ਭਾਂਤ ਦੇ ਚਿਹਰੇ। ਰੰਗ-ਬਿਰੰਗੇ, ਬੇਰੰਗੇ। ਆਪਾਂ ਉਹਨਾਂ ਤੋਂ ਆਈਡੀਏ ਲਾਉਣੇ ਸ਼ੁਰੂ ਕਰ ਦਿੱਤੇ ਕਿ ਇਹ ਇੱਥੇ ਕੀ ਕਰਨ ਆਏ ਹੋਣਗੇ ਤੇ ਇਹਨਾਂ ਦੇ ਪਿਛੋਕੜ ਕਿਹੋ-ਜਿਹੇ ਹੋਣਗੇ। ਹੁਣ ਇਹਨਾਂ ਦੇ ਮਨਾਂ ਵਿੱਚ ਕੀ ਚੱਲ ਰਿਹਾ ਹੋਵੇਗਾ, ਕੱਲ੍ਹ ਨੂੰ ਕੀ ਚੱਲੇਗਾ। ਫਿਰ ਉਹਨਾਂ ਦਾ ਪਿੱਛਾ ਕੀਤਾ, ਇਹ ਜਾਨਣ ਲਈ ਕਿ ਕੀ ਸਾਡਾ ਕਿਆਫਾ ਸਹੀ ਸੀ ਜਾਂ ਗਲਤ? ਤਰ੍ਹਾਂ-ਤਰ੍ਹਾਂ ਦੇ ਅਨੁਭਵ ਹੋਏ, ਭਾਤ-ਸੁਭਾਂਤੇ ਵਿਚਾਰ ਮਿਲੇ। ਪਰ ਇਹ ਸਾਰਾ ਕੁਝ ਰਿਹਾ ਬਹੁਤ ਹੀ ਮਜ਼ੇਦਾਰ।**

ਮਸਲਨ ਇੱਕ ਬਹੁਤ ਹੀ ਖ਼ੂਬਸੂਰਤ ਲੜਕੀ ਘੁੰਮ ਰਹੀ ਹੈ। ਕਿਸੇ ਅਦਿੱਖ ਡਰ ਕਾਰਨ ਚਿਹਰਾ ਤਣਿਆ ਹੋਇਆ ਹੈ। ਉਹਦੇ ਨਾਲ ਇੱਕ ਮੋਟੀ ਜਿਹੀ ਜਨਾਨੀ ਹੈ, ਪਰ ਫਿੱਗਰ ਮਾੜੀ ਨਹੀਂ ਹੈ। ਏਦਾਂ ਦੀ ਜਨਾਨੀ ਨੂੰ ਜੱਫੀ ਪਾਉਣ ਦਾ ਬੜਾ ਆਨੰਦ ਹੁੰਦਾ। ਇਹਨਾਂ ਦਾ ਆਪਸੀ ਰਿਸ਼ਤਾ ਕੋਈ ਨਹੀਂ ਹੋ ਸਕਦਾ। ਕੁੜੀ ਮੁਸਲਿਮ ਪਰਵਾਰ ਦੀ ਲੱਗ ਰਹੀ ਹੈ। ਕੱਦ-ਕਾਠ ਤੋਂ ਇਹ ਗੁਰਦਾਸਪੁਰ ਏਰੀਏ ਦੀ ਜਾਪ ਰਹੀ ਹੈ। ਇਹ ਜ਼ਰੂਰ ਕਾਦੀਆਂ ਦੀ ਹੋਵੇਗੀ। ਨਾਲ ਵਾਲੀ ਜਨਾਨੀ ਇਹਦੇ ਦਫਤਰ ਵਿੱਚ ਸਫਾਈ ਕਰਨ ਵਾਲੀ ਹੋਣੀ ਆ। ਜਾਂ ਇਹ ਜ਼ਰੂਰ ਕਿਸੇ ਹਸਪਤਾਲ ਦੀ ਨਰਸ ਆ। ਇਹਦੇ ਡਰੇ ਹੋਣ ਦੇ ਦੋ ਕਾਰਨ ਹੋ ਸਕਦੇ ਨੇ। ਪਹਿਲਾ, ਇਹਦਾ ਵਿਆਹ ਨਹੀਂ ਹੁੰਦਾ ਹੋਣਾ। ਘਰ ਮਾਂ ਬਿਮਾਰ ਰਹਿੰਦੀ ਹੋਣੀ ਆ। ਪਿਓ ਵਕਤ ਦਾ ਮਾਰਿਆ। ਭਰਾ ਅਜੇ ਛੋਟਾ ਹੋਵੇਗਾ। ਛੋਟੀ ਭੈਣ ਵਿਆਹੀ ਗਈ ਹੋਣੀ ਆ। ਇਹਦਾ ਵਿਆਹ ਰਹਿ ਗਿਆ। ਪਹਿਲਾਂ ਕਮਾਈ ਕਰਦੀ ਹੋਣ ਕਰਕੇ, ਹੁਣ ਉਮਰ ਲੰਘ ਗਈ ਹੋਣ ਕਰਕੇ। ਵੈਸੇ ਜੇ ਇਹਨੂੰ ਥੋੜ੍ਹੀ ਜਿਹੀ ਕੋਸ਼ਿਸ਼ ਕਰਾਂ ਤਾਂ ਫਸਾ ਸਕਦਾ ਹਾਂ। ਐਵੇਂ ਬਹਾਨੇ ਨਾਲ ਬੁਲਾ ਲੈਂਦਾ ਹਾਂ। ਨਹੀਂ ਇੰਝ ਕਰਦਾ ਹਾਂ ਕਿ ਨਾਲ ਵਾਲੀ ਨੂੰ ਸੁਲ੍ਹਾ ਮਾਰਕੇ ਦੇਖ ਲੈਂਦਾ ਹਾਂ।

'ਤੁਸੀਂ ਵੀ ਤਹਿਸੀਲਦਾਰ ਸਾਹਬ ਨੂੰ ਮਿਲਣਾ?' ਮੈਂ ਉਹਦੇ ਨੇੜੇ ਹੋਇਆ ਹਾਂ। 'ਨਹੀਂ ਜੀ, ਅਸੀਂ ਤਾਂ ਸਰਟੀਫਿਕੇਟ ਬਨਾਉਣਾ। ਕਿਸੇ ਨੇ ਸਾਨੂੰ ਕਿਹਾ ਸੀ ਇੱਥੇ ਆ ਜਾਇਓ, ਆਪ ਉਹ ਅਜੇ ਆਏ ਨਹੀਂ।' ਓਸ ਜਨਾਨੀ ਦੇ ਪਿੰਡੇ 'ਚੋਂ ਬਹੁਤ ਖ਼ੂਬਸੂਰਤ ਮਹਿਕ ਆ ਰਹੀ ਹੈ। ਮੈਂ ਉਹਦੇ ਵੱਲ ਆਕਰਸ਼ਿਤ ਹੋ ਗਿਆ ਹਾਂ। 'ਕੀ ਕਰਦੇ ਹੋ ਤੁਸੀਂ? ਇਹ ਮੈਡਮ ਵੀ ਤੁਹਾਡੇ ਨਾਲ ਹੀ ਕੰਮ ਕਰਦੇ ਨੇ?' 'ਹਾਂ ਜੀ, ਅਸੀਂ ਹਸਪਤਾਲ 'ਚ ਕੰਮ ਕਰਦੀਆਂ ਹਾਂ। ਇਹ ਉੱਥੇ ਸਟਾਫ ਨਰਸ ਨੇ।' 'ਇਹ

ਪਰੇਸ਼ਾਨ ਬਹੁਤ ਲੱਗ ਰਹੇ ਨੇ, ਕੀ ਗੱਲ ਹੋਈ?.. ਜੇ ਸਰਟੀਫਿਕੇਟ ਬਹੁਤ ਜਲਦੀ ਚਾਹੀਦਾ ਤਾਂ ਮੈਂ ਤੁਹਾਡੀ ਮਦਦ ਕਰ ਦਿਆਂ।' ਫਿਰ ਕੀ ਜੀ, ਉਹਦੇ ਤੋਂ ਬਾਅਦ ਤਾਂ ਬਸ ਵਾਰੇ-ਨਿਆਰੇ ਹੋ ਗਏ। ਪਰ ਮੇਰਾ ਕਿਆਫਾ ਥੋੜ੍ਹਾ ਜਿਹਾ ਗਲਤ ਨਿਕਲਿਆ। ਉਹ ਵੀ ਓਸ ਕੁੜੀ ਦੀ ਪਰੇਸ਼ਾਨੀ ਬਾਰੇ। ਉਹ ਕੁੜੀ ਮੁਸਲਿਮ ਸੀ, ਠੀਕ। ਉਹ ਕਾਦੀਆਂ ਦੀ ਸੀ, ਠੀਕ। ਓਸਦੀ ਛੋਟੀ ਭੈਣ ਵਿਆਹੀ ਗਈ ਸੀ, ਠੀਕ। ਓਸਦਾ ਭਰਾ ਅਜੇ ਛੋਟਾ ਸੀ, ਇਹ ਵੀ ਠੀਕ। ਉਹ ਆਪਣੇ ਵਿਆਹ ਨੂੰ ਲੈ ਕੇ ਚਿੰਤਤ ਤਾਂ ਸੀ, ਪਰ ਓਨੀ ਨਹੀਂ। ਓਸਦੀ ਚਿੰਤਾ ਵਾਲੇ ਮਾਮਲੇ ਵਿੱਚ ਹੀ ਅਸੀਂ ਟਪਲਾ ਖਾ ਗਏ। ਇਹਦਾ ਇੱਕ ਕਾਰਣ ਵੀ ਹੈ, ਉਹ ਹੁਣੇ ਦੱਸਦਾਂ, ਪਰ ਪਹਿਲਾਂ ਇਹਦੀ ਚਿੰਤਾ ਦੇ ਕਾਰਣ ਉੱਤੇ ਨਜ਼ਰ ਮਾਰ ਲਓ। ਇਹਦੀ ਚਿੰਤਾ ਦਾ ਕਾਰਣ ਅਸਲ ਵਿੱਚ ਇਹਦੇ ਮਕਾਨ ਮਾਲਕ ਹਨ। ਇਹ ਉਹਨਾਂ ਦੇ ਚੁਬਾਰੇ ਜਿਹੇ ਵਿੱਚ ਕਿਰਾਏ ਉੱਤੇ ਰਹਿੰਦੀ ਹੈ। ਗੱਲ ਇਉਂ ਹੈ ਕਿ ਇਹਨੇ ਓਸ ਮਕਾਨ ਮਾਲਕ ਦੇ ਬਜ਼ੁਰਗ ਦੀ ਬਿਮਾਰੀ ਵੇਲੇ ਬਹੁਤ ਸੇਵਾ ਕੀਤੀ। ਉਹਨਾਂ ਨੂੰ ਜ਼ਰੂਰਤ ਸੀ, ਤਾਂ ਇਹਨੂੰ ਚੁਬਾਰਾ ਕਿਰਾਏ ਉੱਤੇ ਹੀ ਦੇ ਦਿੱਤਾ। ਨਾਲੇ ਪੁੰਨ, ਨਾਲੇ ਫਲੀਆਂ। ਬਾਬਾ ਜੀ ਦੀ ਸੇਵਾ ਵੀ ਹੁੰਦੀ ਰਹੂ, ਨਾਲੇ ਕਿਰਾਇਆ ਵੀ ਮਿਲਦਾ ਰਹੂ। ਕਿਹਾ ਇਹਨੂੰ ਇਹ ਕਿ ਤੂੰ ਜਦ ਤੱਕ ਚਾਹੇ ਰਹੀਂ। ਹੁਣ ਆ ਕੇ ਕਈ ਵਰ੍ਹਿਆਂ ਬਾਅਦ ਓਸ ਮਾਲਕ ਦਾ ਕਾਰੋਬਾਰ ਘਾਟੇ ਵਿੱਚ ਜਾਣ ਲੱਗ ਗਿਆ। ਘਾਟਾ ਦੂਰ ਕਰਨ ਲਈ ਉਹ ਕਿਸੇ ਪੂਪਨੇ ਸਾਧ ਦੇ ਲੜ ਲੱਗ ਗਏ। ਸਾਧ ਪਿਛਲੇ ਦਿਨਾਂ ਦਾ ਇਹਨਾਂ ਦੇ ਘਰ ਵਿੱਚ ਹੈ। ਓਸ ਸਾਧ ਦਾ ਕਹਿਣਾ ਹੈ ਕਿ ਘਾਟੇ ਦੀ ਜੜ੍ਹ ਇਹ ਕੁੜੀ ਹੈ। ਇਹਦੇ ਉੱਤੇ ਕਿਸੇ ਦਾ ਪਹਿਰਾ ਹੈ ਤੇ ਉਹੀ ਤੁਹਾਡੇ ਘਰ ਦੀ ਬਰਬਾਦੀ ਦਾ ਕਾਰਣ ਬਣਿਆ ਹੈ। ਹੁਣ ਐਸਨੂੰ ਓਸ ਸਾਧ ਕੋਲੋਂ ਜਾਨ ਛੁਡਾਉਣ ਦੀ ਚਿੰਤਾ ਚਿੰਬੜੀ ਹੋਈ ਹੈ। ਉਹ ਕਹਿੰਦਾ ਹੈ ਕਿ ਇਹਨੂੰ ਮੇਰੇ ਨਾਲ ਪੀਰ ਨਿਗਾਹੇ ਜਾਣਾ ਪਵੇਗਾ, ਐਸਦਾ ਛੁਟਕਾਰਾ ਤਾਂ ਹੀ ਹੋ ਸਕਦਾ ਹੈ। ਇਹ ਮੰਨ ਨਹੀਂ ਰਹੀ। ਐਸ ਇਲਾਕੇ ਵਿੱਚ ਏਨਾ ਸਸਤਾ ਮਕਾਨ ਇਹਨੂੰ ਕਿਰਾਏ ਉੱਤੇ ਮਿਲਣਾ ਨਹੀਂ, ਜਿਹੜਾ ਇਹ ਚੁਬਾਰਾ ਛੱਡ ਕੇ ਕਿਤੇ ਹੋਰ ਚਲੀ ਜਾਵੇ। ਹਸਪਤਾਲ ਵਾਲੇ ਕਿਹੜੇ ਬੋਬੇ ਦਿੰਦੇ ਨੇ। ਮਾਂ ਬਿਮਾਰ ਹੈ, ਪੈਸੇ ਦੀ ਪਲ-ਪਲ ਲੋੜ ਹੈ। ਹੁਣ ਕੀਤਾ ਕੀ ਜਾਵੇ? ਐਸੇ ਸਵਾਲ ਨੇ ਇਹਦੀ ਜਾਨ ਕੱਢੀ ਪਈ ਹੈ। ਬਸ ਐਸੇ ਗੱਲ ਦਾ ਸਾਨੂੰ ਭੁਲੇਖਾ ਪਿਆ ਸੀ। ਗੱਲ ਭਾਈ ਇਹ ਵੀ ਹੈ ਕਿ ਜਿਸ ਤਰ੍ਹਾਂ ਨਾਲ ਅਸੀਂ ਅੰਦਾਜ਼ੇ ਲਗਾਉਂਦੇ ਹਾਂ, ਓਨੀ ਸਿੱਧੀ ਜ਼ਿੰਦਗੀ ਹੈ ਨਹੀਂ। ਇਹਦੇ ਘੇਰਿਆਂ ਦੀ ਕੋਈ ਥਾਹ ਨਹੀਂ ਪਾਈ ਜਾ ਸਕਦੀ। ਬਾਹਰੋਂ ਕੁਝ ਹੋਰ ਦਿਸਦਾ ਹੈ, ਅੰਦਰੋਂ ਕੁਝ ਹੋਰ ਹੁੰਦਾ ਹੈ। ਬੱਖੀ ਤੋਂ ਹੋਰ ਹੀ ਕੁਝ ਨਿਕਲ ਆਉਂਦਾ ਹੈ।

ਜਿਵੇਂ ਆਪਣੇ ਐਸੇ ਇਲਾਕੇ ਦੇ ਮੀਂਹਮਲ ਸਾਹਬ ਨੇ। ਇਹ ਬਹੁਤ ਹੀ ਪਿਆਰੇ ਸ਼ਖਸ ਨੇ। ਪਿਆਰੇ ਐਸ ਸੈਂਸ ਵਿੱਚ ਕਿ ਤੁਸੀਂ ਇਹਨਾ ਦੇ ਦਰਸ਼ਨ ਕਰਦੇ ਹੋ ਤਾਂ ਧੰਨ-ਧੰਨ ਹੋ ਜਾਂਦੇ ਹੋ। ਇੱਕ ਵਾਰ ਤਾਂ ਤੁਹਾਨੂੰ ਲੱਗਦਾ ਹੈ ਕਿ ਕਿਸੇ ਮਹਾਪੁਰਸ਼ ਦੇ ਦਰਸ਼ਨ ਹੋ ਗਏ। ਕਾਮਰੇਡ ਰਹਿ ਚੁੱਕੇ ਨੇ, ਤਾਂ ਇਹ ਪ੍ਰਭਾਵ ਵੀ ਬਣਦਾ ਹੈ ਕਿ ਬੰਦੇ ਨੂੰ ਪਹਿਲ ਦੇਣ ਵਾਲੇ ਤਾਂ ਹਨ ਹੀ। ਪਹਿਲ ਦਿੰਦੇ ਵੀ ਨੇ। ਕਲਾਸੀਕਲ ਮਿਉਜ਼ਿਕ ਦੇ ਅਨਿਨ ਭਗਤ ਹਨ। ਆਪਣੇ ਮੁਹੱਲੇ ਵਿੱਚ ਇੱਕ ਸਭਾ ਬਣਾਈ ਹੋਈ ਹੈ, ਕਲਾਸੀਕਲ ਨੂੰ ਪ੍ਰਮੋਟ ਕਰਨ ਲਈ। ਉਹਦੇ ਡਾਇਰੈਕਟਰ ਨੇ। ਹਰ ਸਾਲ ਬਹੁਤ ਵੱਡਾ ਸਮਾਗਮ ਕਰਵਾਉਂਦੇ ਨੇ। ਦੁਨੀਆ ਭਰ ਦੇ ਕਲਾਕਾਰ ਸੱਦਦੇ ਨੇ। ਐਸ ਮਹਾਨ ਆਦਮੀ ਨੇ ਬਹੁਤ ਸਮਾਂ ਪਹਿਲਾਂ ਇੱਕ ਗੋਰਖਣ ਕੁੜੀ ਆਪਣੇ ਘਰ ਦੇ ਕੰਮ-ਕਾਰ ਵਾਸਤੇ ਲੈ ਕੇ ਆਂਦੀ ਸੀ। ਉਹਦੇ ਤੋਂ ਖੁਸ਼ ਹੋ ਕੇ ਉਹਨੂੰ ਧੀ ਬਣਾ ਲਿਆ। ਉਹਦਾ ਵਿਆਹ ਕੀਤਾ। ਘਰ ਦੇ ਇੱਕ ਕੋਨੇ ਜਿਹੇ ਵਿੱਚ ਉਹਨੂੰ ਰਹਿਣ ਲਈ ਥਾਂ ਦਿੱਤੀ। ਉਦੋਂ ਇਹਨੂੰ ਸਾਡੇ ਸ਼ਹਿਰ ਦੇ 'ਬਗੀਚੀ ਬਾਹਮਣਾ' ਏਰੀਏ ਵਿੱਚ ਰਹਿਣਾ ਪੈ ਰਿਹਾ ਸੀ। ਇਹਦਾ ਪੁੱਤ ਮਾਈਗ੍ਰੇਨ ਤੋਂ ਪੀੜਿਤ ਰਿਹਾ, ਆਖਿਰ ਆਪਣੇ ਪਿੱਛੇ ਇੱਕ ਮੰਦਬੁੱਧੀ ਬੇਟਾ ਤੇ ਵਿਧਵਾ ਛੱਡ ਕੇ ਚੱਲ ਵੱਸਿਆ। ਇਹਨੇ ਡਰਦੇ ਮਾਰੇ ਏਰੀਆ ਬਦਲ ਲਿਆ। ਹੁਣ ਇਹਨੇ ਕੀ ਕਰਤੂਤ ਕੀਤੀ ਹੈ

ਕਿ ਓਸ ਮੂੰਹਬੋਲੀ ਧੀ ਦੀ ਬੇਟੀ ਨਾਲ ਆਪਣੇ ਮੰਦਬੁੱਧੀ ਪੋਤੇ ਦਾ ਵਿਆਹ ਕਰ ਦਿੱਤਾ। ਕਮਾਲ ਈ ਹੋ ਗਈ ਯਾਰ ਇਹਨਾਂ ਲੋਕਾਂ ਦੀ। ਉਹ ਗੁਲਾਬ ਦੇ ਫੁੱਲ ਵਰਗੀ ਕੁੜੀ ਹੁਣ ਓਸ ਪਾਗਲ ਨੂੰ ਨਹਾਉਂਦੀ ਹੈ, ਉਹਦੇ ਬਿਸਤਰੇ ਵਿੱਚ ਸੌਂਦੀ ਹੈ। ਪਤਾ ਨਹੀਂ ਕਿੰਨੇ ਵਰ੍ਹੇ ਉਹ ਐਸ ਰੇਪ ਨੂੰ ਸਹਿਣ ਕਰਦੀ ਰਹੇਗੀ। ਐਸ ਕੋਮਲ ਦਿਲ ਇਨਸਾਨ ਨੂੰ ਉਹਦੀਆਂ ਆਠਰ ਚੁੱਕੀਆਂ ਸਿਸਕੀਆਂ ਦੀ ਸਮਝ ਹੈ ਜਾਂ ਨਹੀਂ, ਮੈਂ ਕਹਿ ਨਹੀਂ ਸਕਦਾ, ਪਰ ਇਹ ਜ਼ਰੂਰ ਪਤਾ ਹੈ ਕਿ ਪੋਤੇ ਨੂੰ ਕਿਤੇ ਨਾ ਕਿਤੇ ਘਿਸਰਨ ਲਈ ਜਗ੍ਹਾ ਚਾਹੀਦੀ ਸੀ, ਉਹ ਹੁਣ ਜੇ ਪਲੰਘ ਦੀ ਜਗ੍ਹਾ ਕੋਈ ਮਾਸ ਦਾ ਲੋਥੜਾ ਹੈ, ਤਾਂ ਐਸਨੂੰ ਵੀ ਆਨੰਦ ਦੇ ਰਿਹਾ ਹੈ।

**ਕਚਹਿਰੀ ਦਾ ਦੂਜਾ ਦ੍ਰਿਸ਼- (ਕਚਹਿਰੀ ਦਾ ਦੂਜਾ ਦ੍ਰਿਸ਼ ਦੱਸਣ ਤੋਂ ਪਹਿਲਾਂ ਮੈਂ ਇੱਕ ਗੱਲ ਪੂਰੀ ਇਮਾਨਦਾਰੀ ਨਾਲ ਕਬੂਲ ਕਰਦਾ ਹਾਂ ਕਿ ਓਸ ਨਰਸ ਕੁੜੀ ਅਤੇ ਓਸਦੇ ਨਾਲ ਵਾਲੀ ਭਾਰੀ ਜਿਹੀ ਜਨਾਨੀ ਨਾਲ ਮੈਂ ਉਦੋਂ ਹੀ ਪੇਚਾ ਪਾ ਲਿਆ ਸੀ ਤੇ ਦੋਵਾਂ ਨਾਲ ਹੀ ਸਰੀਰਕ ਸੰਬੰਧ ਬਣਾਏ। ਹੁਣ ਉਹ ਦੋਵੇਂ ਇੱਕ-ਦੂਸਰੀ ਤੋਂ ਚੋਰੀ ਮੈਨੂੰ ਮਿਲਦੀਆਂ ਨੇ। ਨਰਸ ਦਾ ਤਰਕ ਹੈ ਕਿ ਉਹ ਸਟਾਫ ਨਰਸ ਹੈ ਤੇ ਐਸ ਤਰ੍ਹਾਂ ਇਹਦੇ ਸਾਹਮਣੇ ਮਿਲਣਾ ਠੀਕ ਨਹੀਂ। ਦੂਜੀ ਦਾ ਕਹਿਣਾ ਹੈ ਕਿ ਓਸੇ ਹਸਪਤਾਲ ਵਿੱਚ ਉਹਦੀ ਨਨਾਣ ਕੰਮ ਕਰਦੀ ਹੈ, ਐਸਲਈ ਇਹਦੇ ਨਾਲ ਕਿਸੇ ਤਰ੍ਹਾਂ ਦਾ ਭੇਦ ਸਾਂਝਾ ਕਰਨਾ ਠੀਕ ਨਹੀਂ ਹੈ।)**

ਦੂਜੇ ਦ੍ਰਿਸ਼ ਵਿੱਚ ਇੱਕ ਜਨਾਨੀ ਅਧੇੜ ਉਮਰ ਦੀ ਕਾਹਲੇ ਕਦਮੀ ਤਹਿਸੀਲਦਾਰ ਦੇ ਦਫਤਰ ਵਿੱਚ ਵੜੀ ਹੈ। ਇਹ ਓਸ ਇਲਾਕੇ ਦੀ ਰਹਿਣ ਵਾਲੀ ਹੈ, ਜਿਹਨੂੰ ਜੇ ਕੁਰਬਲ-ਕੁਰਬਲ ਦਾ ਨਾਮ ਦੇ ਦਈਏ, ਤਾਂ ਠੀਕ ਰਹੇਗਾ। ਪੂਰੀ ਤਹਿਸੀਲ ਨੂੰ ਪਤਾ ਹੈ ਕਿ ਇਹ ਕੁੜੀਆਂ ਸਪਲਾਈ ਕਰਦੀ ਹੈ, ਆਪਣੇ ਹੀ ਇਲਾਕੇ ਦੀਆਂ। ਇੱਥੋਂ ਤੱਕ ਕਿ ਸਾਡੇ ਵਰਗਿਆਂ ਨੂੰ ਵੀ ਪਤਾ ਹੈ। ਫਿਰ ਇਹਨੂੰ ਇਹ ਕਿਸੇ ਦੇ ਸਰਟੀਫਿਕੇਟ ਥੋੜ੍ਹੇ ਜਿਹੇ ਪੈਸੇ ਲੈ ਕੇ ਟੈਸਟ ਕਰਵਾਉਣ ਜਾਂ ਕਿਸੇ ਦੇ ਐਫੀਡੇਵਿਟ ਬਣਾ ਕੇ ਦੇਣ ਨਾਲ ਕਿੰਨੇ ਕੁ ਪੈਸੇ ਮਿਲਦੇ ਹੋਣਗੇ? ਨਾਲੇ ਇਹਨਾਂ ਪੈਸਿਆਂ ਦੀ ਕੀ ਲੋੜ। ਮੇਰੇ ਕਿਆਫੇ ਮੁਤਾਬਿਕ ਇਹ ਆਪਣੇ ਜਾਣਕਾਰਾਂ ਨੂੰ ਮੂਰਖ ਬਨਾਉਣ ਵਾਲੀ ਗੱਲ ਹੈ ਕਿ ਮੈਂ ਉਥੇ ਇਹ ਧੰਦਾ ਕਰਦੀ ਹਾਂ। ਜਾਂ ਹੋ ਸਕਦਾ ਕਿ ਸਾਰੇ ਲੋਕਾਂ ਨੂੰ ਮੂਰਖ ਬਨਾਉਣ ਵਾਲੀ ਗੱਲ ਹੋਣੀ ਆ। ਗੱਲ ਇਹ ਕਿ ਜਦੋਂ ਤੱਕ ਫੜੇ ਨਾ ਜਾਵੋ ਸਾਰੇ ਦੁੱਧ ਧੋਤੇ ਹੀ ਹੁੰਦੇ ਨੇ। ਇੱਕ ਕੁੜੀ ਸੀ ਮੇਰੇ ਦਫਤਰ ਦੀ, ਮੈਂ ਟਿਕਾਉਣ ਨੂੰ ਹੱਥ ਪਾਇਆ, ਤਾਂ ਵਿਫਰ ਗਈ। ਫੇਰ ਮੈਂ ਉਹਦੀ ਨਬਜ਼ ਫੜ ਲਈ ਤਾਂ ਮੋਮ ਹੋ ਗਈ। ਫੇਰ ਤਾਂ ਉਹ ਮੈਨੂੰ ਈ ਆਸਣ ਦੱਸਣ ਲੱਗ ਗਈ। ਪਰ ਯਾਰ ਉਹ ਕਈ ਵਾਰ ਏਨਾ ਠੰਡਾ ਵਿਹਾਰ ਕਰਦੀ ਸੀ ਕਿ ਤੁਹਾਨੂੰ ਡਰ ਲੱਗਣ ਲੱਗ ਜਾਂਦਾ ਸੀ। ਜਵਾਨ ਕੁੜੀ ਏਨੀ ਠੰਡੀ ਵੀ ਹੋ ਸਕਦੀ ਆ, ਇਹ ਸੋਚਿਆ ਵੀ ਨਹੀਂ ਜਾ ਸਕਦਾ। ਉਹ ਤਪਾਕ ਨਾਲ ਜੱਫੀ ਪਾਉਂਦੀ ਸੀ, ਫੇਰ ਨਿੱਸਲ ਜਿਹੀ ਹੋ ਜਾਂਦੀ। ਮੁਰਦੇ ਹਾਣ। ਸਾਰੀ ਕਿਰਿਆ ਵਿੱਚ ਬਸ ਏਨਾ ਹੀ ਕਹਿੰਦੀ ਕਿ ਮੈਂ ਤੁਹਾਡੇ ਕੰਨ ਉੱਤੇ ਦੰਦੀ ਵੱਡਾਂ?

ਖੈਰ, ਆਪਾਂ ਹੋਰ ਹੀ ਪਾਸੇ ਨਿਕਲ ਗਏ। ਓਸ ਔਰਤ ਦਾ ਮੈਂ ਪਿੱਛਾ ਕੀਤਾ। ਉਹਦੀਆਂ ਅੱਖਾਂ ਦਾ ਸਾਹਮਣਾ ਨਹੀਂ ਕਰ ਸਕਿਆ। ਮੇਰਾ ਕੰਮ ਵੀ ਓਨੇ ਹੀ ਕਰਵਾ ਕੇ ਦਿੱਤਾ, ਪੰਜਾਹ ਰੁਪਏ ਵਿੱਚ। ਮੈਨੂੰ ਹੁਣ ਕਈ ਵਾਰ ਮਿਲਦੀ ਹੈ। ਪਤਾ ਲੱਗਾ ਕਿ ਉਹਨੇ ਕਦੇ ਵੀ ਕਿਸੇ ਕੁੜੀ ਨੂੰ ਸਪਲਾਈ ਨਹੀਂ ਕੀਤਾ। ਉਹ ਤਾਂ ਹੋਰ ਹੀ ਕੰਮ ਕਰਦੀ ਹੈ। ਜਿਹੜੀਆਂ ਕੁੜੀਆਂ ਐਸ ਧੰਦੇ ਵਿੱਚ ਪੈਂਦੀਆਂ ਨੇ ਉਹਨਾਂ ਦੀ ਕੌਂਸਲਿੰਗ ਕਰਦੀ ਏ। ਵੈਸੇ ਇਹ ਕਾਉਂਸਲਿੰਗ ਵਾਲੀ ਗੱਲ ਵੀ ਮੈਂ ਐਵੇਂ ਪਛਚਾਤਾਪ ਕਰਨ ਲਈ ਕੋਲੋਂ ਹੀ ਘੜ ਲਈ। ਸਾਨੂੰ ਕਿਹਨੇ ਹੱਕ ਦਿੱਤਾ ਕਿ ਕਿਸੇ ਨੂੰ ਵੀ ਕਹਿ ਦੇਈਏ ਕਿ ਇਹ ਧੰਦਾ ਕਰਦੀ ਹੈ ਜਾਂ ਹੋਰ ਕੁਝ? ਲਓ ਜੀ, ਇਹ ਲੇਖਕ ਦੀ ਆਤਮਾ ਆ ਗਈ ਹੈ। ਹੁਣ ਇਹਨੇ ਨਹੀਂ ਚੱਜ ਦੀ ਗੱਲ ਕਰਨ ਦੇਣੀ। ਇਹਨੇ ਇਵੇਂ

ਦੀਆਂ ਹੀ ਭਾਵੁਕ ਗੱਲਾਂ ਕਰਨੀਆ ਨੇ। ਆਪਾਂ ਚੁੱਪ ਕਰਕੇ ਨਿਕਲ ਜਾਂਦੇ ਹਾਂ, ਸਾਰੀ ਗੱਲਬਾਤ ਫਿਰ ਕਿਸੇ ਦਿਨ ਕਰਾਂਗੇ, ਕਚਹਿਰੀ ਦੇ ਦ੍ਰਿਸ਼ ਹੋਰ ਵੀ ਬਹੁਤ ਨੇ। ਇਹਨਾਂ ਨੇ ਹੀ ਤਾਂ ਐਸ ਤਰ੍ਹਾਂ ਦਾ ਨਾਵਲ ਲਿਖਣ ਲਈ ਮਜਬੂਰ ਕੀਤਾ ਹੈ।

*****************

ਪਰ ਇੱਥੇ ਕੁਝ ਕੁ ਗੱਲਾਂ ਤੁਹਾਡੇ ਨਾਲ ਕਚਹਿਰੀ ਵਾਲੇ ਆਈਡੀਏ ਬਾਰੇ ਕਰ ਲਵਾਂ ਤਾਂ ਠੀਕ ਰਹੇਗਾ। ਮੈਂ ਦੇਖ ਰਿਹਾ ਸੀ ਕਿ ਕਚਹਿਰੀ ਆਪਣੇ ਆਪ ਵਿੱਚ ਇੱਕ ਸੰਸਾਰ ਹੈ। ਛੋਟੀ ਮਛਲੀ ਵੱਡੀ ਮਛਲੀ ਨੂੰ ਖਾ ਰਹੀ ਹੈ, ਸਤ੍ਹਾ ਸਿਰ ਚੜ੍ ÷ ਬੋਲਦੀ ਹੈ। ਰਿਸ਼ਵਤ ਹੈ, ਰਿਸ਼ਤੇ ਨੇ, ਰਿਸ਼ਤਿਆਂ 'ਚ ਤਰੇੜਾਂ ਨੇ, ਰਿਸ਼ਤਿਆਂ ਦੇ ਮੁੱਲ ਪੈਂਦੇ ਨੇ, ਇਨਸਾਨ ਵਿਕਦਾ ਹੈ, ਇਨਸਾਨ ਝੁਕਦਾ ਹੈ, ਦੰਭ ਕਰਦਾ ਹੈ, ਨਾਅਰੇ ਮਾਰਦਾ ਹੈ, ਚੀਕਾਂ ਮਾਰਦਾ ਹੈ, ਆਪਣੇ ਵਿਆਹ ਦੇ ਸਰਟੀਫਿਕੇਟ ਉੱਤੇ ਸਰਕਾਰ ਦੀ ਮੁਹਰ ਲਗਵਾਉਂਦਾ ਹੈ, ਆਪਣੇ ਐਸ ਸੀ ਜਾਂ ਐਸ ਟੀ ਹੋਣ ਦਾ ਸਰਟੀਫਿਕੇਟ ਲੈਂਦਾ ਹੈ, ਰਿਸ਼ਵਤ ਦਿੰਦਾ ਵਿਲਕਦਾ ਹੈ, ਫਿਰ ਰਿਸ਼ਵਤ ਦਿੰਦਾ ਹੈ, ਲੜਦਾ ਹੈ, ਕਿਸੇ ਨਾ ਕਿਸੇ ਦੇ ਗਲ਼ ਪੈਂਦਾ ਹੈ, ਭਟਕਦਾ ਹੈ, ਏਜੰਟਾਂ ਦੇ ਟੇਟੇ ਚੜ੍ਹਦਾ ਹੈ। ਇੱਕ ਸਿਪਾਹੀ ਉੱਥੇ ਐਫੀਡੇਵਿਟ ਲਿਖਵਾ ਰਿਹਾ ਹੈ- ਸ੍ਰੀ ਮਾਨ ਐਸ ਐਸ ਪੀ ਸਾਹਬ, ਫਲਾਨਾ ਸ਼ਹਿਰ। ਐਸ ਸ਼ਹਿਰ ਦੇ ਮੁਹੱਲਾ 'ਮੁਹੱਲਾ ਬਗੀਚੀ ਥਾਪਰਾਂ' ਦੇ ਕੰਵਲ ਭੱਲਾ ਨਾਮ ਦੇ ਪ੍ਰਾਪਰਟੀ ਡੀਲਰ ਨੇ ਇੱਕ ਰਿਵਾਲਵਰ ਲੈਣ ਲਈ ਬੇਨਤੀ ਕੀਤੀ ਹੈ। ਬੇਨਤੀ ਕਰਤਾ ਦਾ ਪ੍ਰਾਪਰਟੀ ਦਾ ਕਾਰੋਬਾਰ ਹੈ ਅਤੇ ਲੱਖਾਂ ਰੁਪਿਆਂ ਦਾ ਲੈਣ-ਦੇਣ ਹੈ। ਓਸ ਕੋਲ ਪਹਿਲਾਂ ਬਾਰਾਂ ਬੋਰ ਦੀ ਬੰਦੂਕ ਹੈ। ਹੁਣ ਉਹ ਪਿਸਟਲ ਲੈਣਾ ਚਾਹੁੰਦੇ ਹਨ। ਪਿਸਟਲ ਡੱਬ ਦਾ ਹਥਿਆਰ ਹੈ ਅਤੇ ਸੌਖੇ ਕੈਰੀ ਕੀਤਾ ਜਾ ਸਕਦਾ ਹੈ। ਇਲਾਕੇ ਵਿੱਚ ਐਸ ਸ਼ਖਸ ਦੀ ਬਹੁਤ ਇੱਜ਼ਤ ਹੈ ਅਤੇ ਇਲਾਕਾ ਨਿਵਾਸੀਆਂ ਨੂੰ ਐਸਨੂੰ ਹਥਿਆਰ ਦਾ ਲਾਐਸੈਂਸ ਦਿੱਤੇ ਜਾਣ ਉੱਤੇ ਕੋਈ ਇਤਰਾਜ਼ ਨਹੀਂ ਹੈ।

ਇਵੇਂ ਇੱਕ ਭਲਾ ਪੁਰਸ਼ ਪਟਵਾਰੀ ਨੂੰ ਲਿਖਵਾ ਰਿਹਾ ਹੈ- ਜੀ, ਅਸੀਂ ਤਿੰਨ ਭਾਈ ਹਾਂ। ਵੱਡੇ ਦੀ ਪਹਿਲਾਂ ਮੌਤ ਹੋ ਚੁੱਕੀ ਹੈ। ਸਾਡੀ ਵਿਧਵਾ ਭਰਜਾਈ ਸਾਡੇ ਕੋਲ ਹੀ ਰਹਿੰਦੀ ਹੈ। ਉਹਦੇ ਤਿੰਨ ਬੱਚੇ ਨੇ। ਤਿੰਨੇ ਪੜ੍ਹਦੇ ਨੇ। ਉਹਦੇ ਕਰਕੇ ਹੀ ਸਾਨੂੰ ਇਹ ਫਾਹਾ ਲੈਣਾ ਪੈ ਰਿਹਾ। ਜੇ ਭਾਈ ਜ਼ਿੰਦਾ ਹੁੰਦਾ ਤਾਂ ਉਹਨੂੰ ਸਮਝਾਇਆ ਜਾ ਸਕਦਾ ਸੀ। ਇਹਦੇ ਨਾਲ ਗੱਲ ਨਹੀਂ ਕੀਤੀ ਜਾ ਸਕਦੀ। ਉਹ ਤਾਂ ਖਾਣ ਨੂੰ ਆਉਂਦੀ ਹੈ। ਮੈਂ ਐਸੇ ਕਰਕੇ ਸਾਰੀਆਂ ਗੱਲਾਂ ਲਿਖਕੇ ਲੈ ਕੇ ਆਇਆਂ ਕਿ ਕੋਈ ਕਸਰ ਨਾ ਰਹਿਜੇ। ਆਪਾਂ ਕਾਗਜ਼ੀ ਕਾਰਵਾਈ ਪੂਰੀ ਕਰ ਲੈਣੀ ਹੈ, ਫੇਰ ਦੇਖੀ ਜਾਵੇਗੀ। ਪਿਓ ਨੇ ਮਰ ਜਾਣਾ ਸਾਨੂੰ ਕਿਹੜਾ ਪਤਾ ਸੀ। ਫਿਰ ਉਹਨੇ ਅਚਾਨਕ ਆਪਣਾ ਰੂਟ ਬਦਲ ਲਿਆ ਅਤੇ ਬੱਸ ਓਸ ਰੂਟ ਉੱਤੇ ਚਾੜ੍ਹ ਲਈ, ਜਿਸ ਉੱਤੇ ਅਚਾਨਕ ਮੌਤ ਦੀਆਂ ਘਟਨਾਵਾਂ ਦੇ ਢੇਰ ਕਿੱਸੇ ਮੌਜੂਦ ਸਨ। ਪਤਾ ਨਹੀਂ ਉਹਨੇ ਇਹ ਜਾਣਕਾਰੀ ਕਿੱਥੋਂ ਇੱਕੱਠੀ ਕੀਤੀ ਹੋਵੇਗੀ, ਫਲਾਂ ਜਗ੍ਹਾ ਜਵਾਨ ਮੁੰਡੇ ਦੀ ਅਚਾਨਕ ਮੌਤ, ਫਲਾਂ ਜਗ੍ਹਾ ਕੁੜੀ ਦੀ ਮੌਤ, ਬੁੱਢੇ ਦੀ ਮੌਤ ਨਹੀਂ ਹੋ ਰਹੀ ਸੁੱਖਣਾ ਸੁੱਖ ਰਹੇ ਨੇ, ਪਰ ਇੱਕ-ਇੱਕ ਕਰਕੇ ਉਹਦੇ ਸਾਰੇ ਪੋਤੇ ਚੱਲ ਵਸੇ ਨੇ। ਰੱਬ-ਰੱਬ। ਕਮਾਲ ਦਾ ਹੈ ਇਹ ਆਦਮੀ। ਵੈਸੇ ਹਰ ਆਦਮੀ ਅੰਦਰ ਕੋਈ ਨਾ ਕੋਈ ਕਲਾ ਜ਼ਰੂਰ ਹੁੰਦੀ ਹੈ।

ਲਓ ਜੀ ਇੰਝ ਅਸੀਂ ਜੇ ਹੋਰ ਖੱਲਾਂ ਖੂੰਜੇ ਫਰੋਲਣੇ ਸ਼ੁਰੂ ਕਰ ਦਿੱਤੇ ਤਾਂ ਕਚਹਿਰੀ ਵਿੱਚੋਂ ਕਮਾਲ ਦਾ ਨਾਵਲ ਨਿਕਲ ਸਕਦਾ ਹੈ। ਹੁਣ ਐਸ ਨਾਵਲ ਦਾ ਦੁਖਾਂਤ ਹੋਵੇਗਾ ਕਿ ਇਹ ਖਿੰਡਰਿਆ ਹੋਇਆ ਹੋਵੇਗਾ। ਪਰ ਇਹਨੂੰ ਲੈਅ ਵਿੱਚ ਵੀ ਕੀਤਾ ਜਾ ਸਕਦਾ ਹੈ। ਉਹ ਐਸ ਤਰ੍ਹਾਂ ਕਿ ਪਟਵਾਰ ਖਾਨੇ ਦਾ ਮਹਿਕਮਾ ਅਲੱਗ ਡੀਲ ਕਰੋ। ਐਮ ਏ ਬਰਾਂਚ ਅਲੱਗ ਡੀਲ ਕਰੋ। ਮਸਲਨ ਮੈਂ ਐਮ ਏ ਬਰਾਂਚ ਵਿੱਚ ਚੱਲਦਾ ਹਾਂ। ਇਹਦੇ ਅਮਲੇ ਵਿੱਚ ਤੇਰਾਂ ਬੰਦੇ ਕੰਮ ਕਰਦੇ ਹਨ। ਛੇ ਔਰਤਾਂ ਤੇ ਸੱਤ

ਆਦਮੀ। ਔਰਤਾਂ ਸਾਰੀਆਂ ਵਿਆਹੀਆਂ ਹੋਈਆਂ ਨੇ ਤੇ ਬਾਲ-ਬੱਚੇਦਾਰ ਨੇ। ਮਰਦਾਂ ਵਿੱਚੋਂ ਸਿਰਫ ਇੱਕ ਕੁਆਰਾ ਹੈ। ਐਮ ਏ ਖੁਦ ਖਾਂਦੇ ਪੀਂਦੇ ਘਰਾਣੇ ਦਾ ਹੈ, ਸੜੀਅਲ ਤਬੀਅਤ ਦਾ ਹੈ। ਕੰਮ ਦਾ ਕਰਿੰਦਾ ਤੇ ਵਕਤ ਦਾ ਪਾਬੰਦ। ਓਸਦੀ ਇਹ ਸਿਫਤ ਹੈ ਕਿ ਆਪਣੀ ਟੀਮ ਨਾਲ ਖੜ੍ਹਦਾ ਹੈ। ਇੱਥੇ ਰਿਸ਼ਵਤ ਦੀ ਬਹੁਤ ਘੱਟ ਗੁੰਜਾਇਸ਼ ਹੈ। ਸਿਰਫ ਐਫੀਡੇਵਿਟ ਬਨਾਉਣਾ ਹੈ ਤਾਂ ਇਹਨਾਂ ਦੇ ਸੁਝਾਏ ਹੋਏ ਬੂਥ ਉੱਤੇ ਹੀ ਜਾਣਾ ਪਵੇਗਾ। ਫਿਰ ਓਸ ਬੂਥ ਵਾਲੇ ਉੱਤੇ ਨਿਰਭਰ ਕਰੇਗਾ ਕਿ ਇਹਨਾਂ ਦਾ ਹਿੱਸਾ ਤੁਹਾਡੇ ਕੋਲੋਂ ਕਿੰਨਾ ਲੈਣਾ ਹੈ। ਪਰ ਇਹ ਹਿੱਸਾ ਕੋਈ ਬਹੁਤਾ ਨਹੀਂ ਹੋ ਸਕਦਾ। ਐਸ ਕਰਕੇ ਐਸ ਮਾਮਲੇ ਦੀ ਤੁਸੀਂ ਚਿੰਤਾ ਨਹੀਂ ਕਰਨੀ। ਐਸ ਛੋਟੇ ਜਿਹੇ ਸੰਸਾਰ ਵਿੱਚ ਇੱਕ ਕਲਰਕ ਦੇ ਦੂਜੀ ਮੈਡਮ ਨਾਲ ਟਾਂਕਾ ਫਿੱਟ ਹੋ ਜਾਣ ਦੇ ਚਰਚੇ ਸ਼ੁਰੂ ਹੋ ਚੁੱਕੇ ਹਨ। ਐਮ ਏ ਸਾਹਬ ਨਰਾਜ਼ ਲੱਗ ਰਹੇ ਨੇ। ਪਰ ਓਸ ਕਲਰਕ ਦੀ ਹੁਸ਼ਿਆਰੀ ਦੇਖੋ ਕਿ ਓਸਨੇ ਦਸ ਸਾਲ ਪੁਰਾਣਾ ਇੱਕ ਕਿੱਸਾ ਪੁੱਟ ਲਿਆਂਦਾ ਹੈ, ਜਦੋਂ ਐਮ ਏ ਸਾਹਬ ਖੁਦ ਇਹਨਾਂ ਪੌੜੀਆਂ ਤੋਂ ਫਿਸਲੇ ਸਨ। ਓਸ ਮਾਮਲੇ ਵਿੱਚ ਤਾਂ ਡੀ ਸੀ ਨੂੰ ਵੀ ਪੈਣਾ ਪੈ ਗਿਆ ਸੀ। ਉਹ ਕਿਸੇ ਅਫਸਰ ਦੀ ਬੀਵੀ ਸੀ। ਉਮਰ ਦਾ ਤਕਾਜ਼ਾ ਹੁੰਦਾ। ਜਾਂ ਕਹਿ ਲਵੋ ਵਕਤ ਦੀ ਖੇਡ ਹੁੰਦੀ। ਪਰ ਇਹਨਾਂ ਵਿਆਹ ਤੋਂ ਬਾਅਦ ਬਣਦੇ ਸੰਬੰਧਾਂ ਬਾਰੇ ਮੇਰੀ ਇੱਕ ਰਾਏ ਹੈ ਕਿ ਇਹ ਉਦੋਂ ਬਣਦੇ ਹਨ, ਜਦੋਂ ਤੁਹਾਡੇ ਅੰਦਰ ਮੁਹੱਬਤ ਲਈ ਜਗ੍ਹਾ ਬਣ ਗਈ ਹੁੰਦੀ ਹੈ। ਪਹਿਲਾਂ ਤੁਹਾਡੇ ਅੰਦਰ ਜਗ੍ਹਾ ਨਹੀਂ ਸੀ। ਹੁਣ ਜਗ੍ਹਾ ਬਣ ਗਈ। ਕਿਸੇ ਦੇ ਬੈਠਣ ਲਈ ਜਗ੍ਹਾ ਬਣ ਗਈ। ਪਿਆਰ ਦੇ ਬੈਠਣ ਲਈ ਜਗ੍ਹਾ ਬਣ ਗਈ। ਪਿਆਰ ਆ ਕੇ ਮੰਜੀ ਡਾਹ ਕੇ ਬੈਠ ਜਾਂਦਾ ਹੈ। ਬੀਵੀ ਜਦੋਂ ਆਈ ਸੀ, ਜਗ੍ਹਾ ਹੀ ਨਹੀਂ ਸੀ। ਜਗ੍ਹਾ ਹੀ ਹੁਣ ਬਣੀ ਹੈ। ਅਸੀਂ ਬੁੱਲ੍ਹੇ ਸ਼ਾਹ ਨੂੰ ਸੁਣਦੇ ਹਾਂ। ਕੋਈ ਵੀ ਤੁੱਕ ਅੰਦਰ ਨਹੀਂ ਉਤਰਦੀ। ਅੰਦਰ ਉਦੋਂ ਉਤਰੇਗੀ, ਜਦੋਂ ਵੈਰਾਗ ਭਾਵ ਪੈਦਾ ਹੋਵੇਗਾ। ਵੈਰਾਗ ਲਈ ਅੰਦਰ ਜਗ੍ਹਾ ਬਣ ਗਈ ਤਾਂ ਬੁੱਲ੍ਹਾ ਅੰਦਰ ਉਤਰਨ ਲੱਗੇਗਾ। ਬੁੱਲ੍ਹੇ ਦਾ ਵਿਹੜੇ ਵੜਨਾ ਤਦ ਹੀ ਸੰਭਵ ਹੈ, ਜੇ ਉਹਦੇ ਵਾਸਤੇ ਕੋਈ ਜਗ੍ਹਾ ਖਾਲੀ ਹੈ। ਵੈਸੇ ਐਸ ਫਿਲਾਸਫੀ ਨੂੰ ਸਮਝਣਾ ਮੁਸ਼ਕਿਲ ਬੜਾ ਹੈ।

ਖੈਰ, ਐਸੇ ਗੱਲ ਤੋਂ ਯਾਦ ਆ ਗਿਆ ਕਿ ਆਪਣੇ ਐਸ ਨਾਵਲ ਵਿੱਚ ਕਿਸੇ ਕੋਲ ਪਿਆਰ ਕਰਨ ਲਈ ਵਿਹਲ ਤਾਂ ਹੈ ਹੀ ਨਹੀਂ। ਐਸ ਲਈ ਅਸੀਂ ਪਿਆਰ ਦੇ ਸਿੰਬਲ ਵਜੋਂ ਇੱਕ ਮਜਾਰ ਬਣਾ ਲੈਂਦੇ ਹਾਂ। ਇਹ ਸਾਡੀ ਕਾਲਪਨਿਕ ਪੀਰੋ ਪ੍ਰੇਮਣ ਹੈ। ਐਸਦੀ ਕਬਰ ਤਹਿਖਾਨੇ ਦੇ ਅੰਦਰ ਹੈ। ਲੋਕ ਇੱਥੇ ਜ਼ਿਆਰਤ ਕਰਨ ਆਉਂਦੇ ਨੇ ਤੇ ਪੀਰੋ ਦੇ ਪ੍ਰੇਮ ਦੀਆਂ ਗੱਲਾਂ ਕਰਦੇ ਨੇ। ਇਹ ਤਹਿਖਾਨਾ ਕਾਫੀ ਡੂੰਘਾ ਹੈ। ਐਸਦੀਆਂ ਇੱਕ ਸੌ ਇੱਕ ਪੌੜੀਆਂ ਹਨ। ਪਰ ਇਹਨਾਂ ਦੀ ਸਹੀ ਗਿਣਤੀ ਉਹੀ ਆਦਮੀ ਕਰ ਸਕਦਾ ਹੈ, ਜਿਹੜਾ ਪਾਕ-ਸਾਫ ਹੋਵੇ। ਓਸਨੇ ਕਦੇ ਝੂਠ ਨਾ ਬੋਲਿਆ ਹੋਵੇ। ਸਿਰਫ ਉਹੀ ਸਹੀ ਗਿਣਤੀ ਕਰ ਸਕਦਾ ਹੈ। ਇਹ ਮੱਧਕਾਲ ਦੇ ਵੇਲੇ ਦੀ ਮਜ਼ਾਰ ਹੈ। ਕਿਹਾ ਜਾਂਦਾ ਹੈ ਕਿ ਪੀਰੋ ਦੇ ਪ੍ਰੇਮੀ ਨੂੰ ਓਸ ਨਾਲੋਂ ਅਲੱਗ ਕਰਨ ਲਈ ਦੁਸ਼ਮਣਾ ਨੇ ਪੀਰੋ ਦਾ ਕਤਲ ਕਰ ਦਿੱਤਾ। ਓਸਦੀ ਲਾਸ਼ ਕਈ ਦਿਨ ਇੱਥੇ ਪਈ ਰਹੀ। ਪਰ ਕੁਦਰਤ ਦਾ ਕ੍ਰਿਸ਼ਮਾ ਦੇਖੋ ਕਿ ਲਾਸ਼ ਵਿੱਚੋਂ ਬਦਬੂ ਨਹੀਂ, ਬਲਕਿ ਖੁਸ਼ਬੂ ਹੀ ਆਉਂਦੀ ਰਹੀ। ਫਿਰ ਇਲਾਕੇ ਦੇ ਲੋਕਾਂ ਨੇ ਲਾਸ਼ ਦਾ ਕਫਨ-ਦਫਨ ਕੀਤਾ। ਹੁਣ ਤੱਕ ਸਾਰੇ ਐਸਦੀ ਪਾਕ ਮੁਹੱਬਤ ਦੀ ਪੂਜਾ ਕਰਦੇ ਹਨ।

ਖੈਰ, ਆਪਾਂ ਗੱਲ ਕਚਹਿਰੀ ਦੀ ਕਰ ਰਹੇ ਸੀ ਕਿ ਕਚਹਿਰੀ ਤੋਂ ਹੀ ਨਾਵਲ ਦਾ ਆਈਡੀਆ ਆਇਆ ਕਿ ਐਸ ਤਰ੍ਹਾਂ ਦਾ ਇੱਕ ਸੰਸਾਰ ਬਸਾ ਕੇ ਨਾਵਲ ਲਿਖਿਆ ਜਾ ਸਕਦਾ ਹੈ। ਇਹਦੇ ਵੱਖ-ਵੱਖ ਵਿਭਾਗ ਖੁੱਲ੍ਹ ਜਾਣਗੇ ਜਾਂ ਜਿੱਦਾਂ ਆਪਾਂ ਮੁਹੱਲੇ ਵੰਡੇ ਨੇ। ਫਿਰ ਨਾਵਲ ਦੇ ਪਾਤਰ ਜਾਂ ਬਿਰਤਾਂਤ ਆਉਂਦਾ ਰਹੇਗਾ, ਅੱਗੇ ਕੰਮ ਚਲਦਾ ਰਹੇਗਾ। ਆਪਾਂ ਇੰਝ ਕਰਦੇ ਹਾਂ ਕਿ ਹੁਣ ਕਚਹਿਰੀ ਨੂੰ ਵਾਹਲਾ ਨਾ ਉਭਾਰੀਏ, ਇਹਦੇ ਬਾਰੇ ਅਲੱਗ ਨਾਵਲ ਹੀ ਲਿਖਿਆ ਜਾਵੇ ਤਾਂ ਸਹੀ ਰਹੇਗਾ। ਨਾਲੇ ਕਚਹਿਰੀ ਬਾਰੇ ਮਿੱਤਰ ਸੇਨ ਮੀਤ ਨੂੰ ਕੰਮ ਸੰਭਾਲ ਦਿੰਦੇ ਹਾਂ। ਉਹ ਸਰਕਾਰੀ ਵਕੀਲ ਨੇ, ਉਹਨਾਂ ਨੂੰ ਆਪਣੇ ਕਿੱਤੇ

ਦੀ ਬਹੁਤੀ ਸਮਝ ਹੈ। ਪੰਜਾਬੀ ਦੇ ਨਾਮਵਰ ਨਾਵਲਕਾਰ ਨੇ। ਉਹੀ ਐਸ ਪਾਸੇ ਲਿਖਣ। ਆਪਾਂ ਇੰਝ ਕਰਦੇ ਹਾਂ ਕਿ ਅੱਜ ਦੀ ਰਾਤ ਆਪਣੇ ਨਾਵਲ ਦੇ ਕੁਝ ਇਲਾਕਿਆਂ ਦਾ ਦੌਰਾ ਕਰਾਂਗੇ। ਦੇਖਾਂਗੇ ਕਿ ਰਾਤ ਵੇਲੇ ਐਸਦੀ ਹਾਲਤ ਕਿਹੋ ਜਿਹੀ ਹੁੰਦੀ ਹੈ।

ਸਿਆਲੂ ਰਾਤ ਹੈ। ਠਰਨ ਬਹੁਤ ਵਧ ਗਈ ਹੈ। ਮੈਂ ਮੰਦਰ ਦੇ ਨੇੜਿਉਂ ਗੁਜ਼ਰਿਆ ਹਾਂ। ਗਰੀਬ-ਗੁਰਬੇ ਮੰਗਤੇ ਕੁੰਗੜੇ ਪਏ ਨੇ। ਇਹ ਹਰ ਇਲਾਕੇ ਵਿੱਚ ਪਤਾ ਨਹੀਂ ਕਿੱਥੋਂ ਆ ਜਾਂਦੇ ਨੇ। ਅੱਗੇ ਰੇਲਵੇ ਫਾਟਕ ਹੈ। ਪਤਾ ਨਹੀਂ ਰਾਤ ਵੇਲੇ ਫਾਟਕ ਲਾਉਣ ਦੀ ਕੀ ਤੁੱਕ ਹੈ। ਹੁਣ ਕਿਹੜਾ ਏਧਰੋਂ ਕਿਸੇ ਨੇ ਲੰਘਣਾ ਹੈ। ਚਲੋ ਅਗਲੇ ਨੂੰ ਡਿਉਟੀ ਪੂਰੀ ਕਰਨ ਦਿਓ। ਆਪਾਂ ਕੀ ਲੈਣਾ। ਇੱਥੇ ਵੈਸੇ ਕੁੱਤੇ ਬੈਠੇ ਹੋਣੇ ਚਾਹੀਦੇ ਹਨ। ਚਲੋ ਮਿਉਂਸੀਪੈਲਿਟੀ ਵਾਲਿਆਂ ਦੀ ਡਿਉਟੀ ਲਗਾ ਦੇਵਾਂਗੇ, ਉਹ ਕੁਝ ਕੁੱਤਿਆ ਨੂੰ ਛੱਡ ਜਾਣਗੇ। ਕੁੱਤਿਆਂ ਤੋਂ ਬਿਨਾਂ ਵੀ ਮਹੌਲ ਸੋਗਵਾਰ ਜਿਹਾ ਲਗਦਾ ਹੈ। ਕੁੱਤੇ ਨਾ ਹੋਣ ਤਾਂ ਮਨਹੂਸੀਅਤ ਦਾ ਮਜ਼ਾ ਨਹੀਂ ਆਉਂਦਾ। ਹੋ ਸਕਦਾ ਕਿ ਕੁੱਤੇ ਐਸ ਵਕਤ ਸੁੱਤੇ ਪਏ ਹੋਣ ਤੇ ਸੁਪਨੇ ਲੈ ਰਹੇ ਹੋਣ। ਭਲਾ ਕੁੱਤੇ ਕਿਸ ਤਰ੍ਹਾਂ ਦੇ ਸੁਪਨੇ ਲੈ ਸਕਦੇ ਨੇ। ਮੈਨੂੰ ਅੱਜ ਰਾਤ ਸੁਪਨਾ ਆਇਆ ਕਿ ਸਾਡੇ ਸ਼ਹਿਰ 'ਚ ਸੀਪੀਆਈ ਪਾਰਟੀ ਦਾ ਮਾੜਕੂ ਜਿਹਾ ਜ਼ਿਲ੍ਹਾ ਸੈਕਟਰੀ ਆਪਣੇ ਦਫਤਰ ਵਿੱਚ ਲੱਗ ਗਈ ਦੀਮਕ ਸੱਭ ਨੂੰ ਦਿਖਾ ਰਿਹਾ ਸੀ। ਉਹ ਪਹਿਲੀ ਵਾਰ ਮੈਂ ਪਾਰਟੀ ਦਫਤਰ ਦੀ ਚਿੰਤਾ ਵਿੱਚ ਦੇਖਿਆ। ਨਹੀਂ ਤਾਂ ਸਾਰੀ ਉਮਰ ਓਸਨੂੰ ਧੀਆਂ ਪੁੱਤਾਂ ਦੀ ਚਿੰਤਾ ਹੀ ਖਾਂਦੀ ਰਹੀ ਹੈ। ਇਹ ਪਾਰਟੀ ਦਫਤਰ ਦੀ ਚਿੰਤਾ ਦਾ ਰਾਜ ਸਮਝ ਨਹੀਂ ਆ ਰਿਹਾ। ਇਹਦੇ ਵਿੱਚ ਸਮਝਣੇ ਵਾਲੀ ਕਿਹੜੀ ਗੱਲ ਹੈ, ਇਹ ਤਾਂ ਸੁਪਨਾ ਹੈ। ਸੁਪਨਾ ਤਾਂ ਤੁਹਾਡੇ ਮਨ ਦੀ ਖਵਾਹਿਸ਼ ਦਾ ਹਿੱਸਾ ਵੀ ਹੋ ਸਕਦਾ, ਤੁਹਾਡੀ ਕੁੰਠਾ ਜਾਂ ਨਫਰਤ ਵੀ ਹੋ ਸਕਦੀ ਹੈ।

ਖੈਰ, ਮੈਂ ਅੱਗੇ ਵਧਿਆ ਹਾਂ। ਐਸ ਕੋਨੇ ਜਿਹੇ ਵਿੱਚ ਠੇਕੇ ਦੇ ਨਾਲ ਹੀ ਅਹਾਤਾ ਹੈ। ਐਸ ਅਹਾਤੇ 'ਚ ਬੜੀ ਅਜੀਬ ਤਰ੍ਹਾਂ ਦੇ ਪੀਣ ਵਾਲੇ ਆ ਕੇ ਬੈਠਦੇ ਨੇ। ਕਮਾਲ ਦੀ ਗੱਲ ਇਹ ਹੈ ਕਿ ਕਿਸੇ ਨੇ ਉਹਨਾਂ ਦੀਆਂ ਅੱਜ ਤੱਕ ਸ਼ਕਲਾਂ ਹੀ ਨਹੀਂ ਵੇਖੀਆਂ। ਐਸ ਵਕਤ ਅਹਾਤਾ ਬੰਦ ਹੈ। ਸ਼ਟਰ ਦੇ ਨਾਲ ਇੱਕ ਗੱਤਾ ਲਟਕ ਰਿਹਾ ਹੈ- ਯਹਾਂ ਕਾਮ ਕਰਨੇ ਵਾਲੇ ਲੜਕੇ ਕੀ ਔਰ ਕੁੱਕ ਕੀ ਜ਼ਰੂਰਤ ਹੈ। ..ਸ਼ੁਕਰ ਰੱਬ ਦਾ ਕਿਤੇ ਕੁੱਤਾ ਨਜ਼ਰੀਂ ਪਿਆ। ਪਰ ਇਹ ਵੀ ਆਪਣੀ ਸੁੰਘਣ ਸ਼ਕਤੀ ਗਵਾ ਬੈਠਾ ਲੱਗਦਾ ਹੈ। ਕੁੱਤਿਆਂ ਨੂੰ ਅੱਜਕੱਲ÷ ਭੌਂਕਣਾ ਹੀ ਭੁੱਲ ਗਿਆ ਹੈ। ਨਹੀਂ, ਠੰਡ ਦੇ ਮਾਰੇ ਨਿੱਸਲ ਹੋਏ ਹੋਣੇ ਨੇ। ਏਨੀ ਠੰਡ ਵਿੱਚ ਗਲੀ ਦਾ ਸ਼ੇਰ ਵੀ ਕੋਈ ਮੂਰਖ ਹੀ ਬਣ ਸਕਦਾ ਹੈ। ਪਰ ਆਪਾਂ ਔਹ ਪੀਰ ਦੀ ਬਗੀਚੀ ਵਾਲੀ ਗਲੀ ਵੱਲ ਨਹੀਂ ਜਾਣਾ। ਸੁਣਿਆ ਹੈ ਕਿ ਓਸ ਗਲੀ ਤੋਂ ਲੈ ਕੇ ਨੀਵੀਂ ਚੱਕੀ ਵਾਲੀ ਗਲੀ ਤੱਕ ਪੰਜ ਮੁੰਡੇ ਪੈਂਦੇ ਨੇ। ਰਾਤ 12 ਵਜੇ ਤੋਂ ਲੈ ਕੇ ਤੜਕੇ ਪੰਜ ਵਜੇ ਤੱਕ ਇਹ ਨਸ਼ੇੜੀ ਮੁੰਡੇ ਐਸੇ ਇਲਾਕੇ ਵਿੱਚ ਵਾਰਦਾਤਾਂ ਕਰਦੇ ਹਨ। ਆਪਾਂ ਵੀ ਓਸ ਗਲੀ ਵਿੱਚ ਨਹੀਂ ਜਾਣਾ, ਚਲੋ ਪਤਲੀ ਗਲੀ ਥਾਣੀਂ ਹੋ ਨਿਕਲਦੇ ਹਾਂ× ..।

**ਕਿ ਦਿਲ ਅਭੀ ਭਰਾ ਨਹੀਂ**

ਆਪਾਂ ਜਿਹੜੇ ਪਾਤਰ ਤੋਂ ਨਾਵਲ ਸ਼ੁਰੂ ਕੀਤਾ ਸੀ, ਉਹੀ ਜਿਹੜਾ ਗੰਨੇ ਦਾ ਰਸ ਲੈਣ ਜਾਂਦਾ ਹੈ, ਪਿਛਲਖੁਰੀ ਦਫਤਰ ਜਾਂਦਾ ਹੈ, ਓਸੇ ਦੀ ਅਜੋਕੀ ਹਾਲਤ ਦੇਖ ਲੈਂਦੇ ਹਾਂ। ਵਾਰੀ-ਵਾਰੀ ਰਾਉਂਡ ਆਉਂਦੇ ਰਹਿਣਗੇ ਤੇ ਸਾਡੇ ਹੁਣ ਤੱਕ ਡਿਸਕਸ ਕੀਤੇ ਸਾਰੇ ਪਾਤਰਾਂ ਦੀ ਜ਼ਿੰਦਗੀ ਤੇ ਡਰਾਮੇਬਾਜ਼ੀ ਸਾਡੇ ਸਾਹਮਣੇ ਸਾਕਾਰ ਹੁੰਦੀ ਰਹੇਗੀ। ਸੱਭ ਤੋਂ ਪਹਿਲਾਂ ਮੈਂ ਇਹ ਦੱਸ ਦਿਆਂ ਕਿ ਇਹ ਪਾਤਰ ਇੱਕ ਕਾਰਪੋਰੇਟ ਸੈਕਟਰ ਦੀ ਅਖਬਾਰ ਵਿੱਚ ਕੰਪਿਉਟਰ ਇੰਜਨੀਅਰ ਹੈ। ਪੰਜ-ਛੇ ਮੁੰਡਿਆਂ ਦੇ ਸਿਰ ਉੱਤੇ ਪੈਰ ਰੱਖਕੇ ਇੱਥੇ ਤੱਕ ਪਹੁੰਚ ਗਿਆ ਕਿ ਹੁਣ ਪੂਰੇ ਪ੍ਰਦੇਸ ਵਿੱਚ ਇਹਦਾ ਰਾਜ਼ ਹੈ। ਟੇਢਾ ਬੋਲਦਾ ਹੈ, ਪਰ ਕਿਸੇ

ਦੇ ਸਾਹਮਣੇ ਨਹੀਂ। ਸਾਰਿਆਂ ਨੂੰ ਭਾਜੀ ਤੋਂ ਘੱਟ ਗੱਲ ਨਹੀਂ ਕਰਦਾ। ਪਿੱਠ ਹੁੰਦਿਆਂ ਸਾਰ ਹੀ ਛੁਰਾ ਮਾਰ ਦਿੰਦਾ ਹੈ। ਕਿਸੇ ਵੀ ਡਿਪਾਰਟਮੈਂਟ ਦਾ ਬੰਦਾ ਹੋਵੇ, ਇਹਦੀ ਮਾਰ ਤੋਂ ਨਹੀਂ ਬਚ ਸਕਦਾ। ਇਹਨੂੰ ਲੋਕਾਂ ਨੂੰ ਪਰੇਸ਼ਾਨ ਦੇਖਣ ਦਾ ਅਜੀਬ ਠਰਕ ਹੈ। ਕੋਈ ਨਾ ਕੋਈ ਅੜ੍ਹੇਸ ਖੜ੍ਹੀ ਹੀ ਰੱਖਦਾ ਹੈ। ਦੂਸਰਾ ਵੀ ਅੱਗਿਓ ਇਹਦੀ ਨਸਲ ਦਾ ਨਿਕਲ ਆਵੇ ਤਾਂ ਡਰ ਜਾਂਦਾ ਹੈ। ਵੈਸੇ ਇਹੋ ਜਿਹੀ ਮਾਨਸਿਕਤਾ ਵਾਲੇ ਬਹੁਤ ਬੰਦੇ ਤੁਹਾਨੂੰ ਮਿਲ ਜਾਂਦੇ ਨੇ। ਸਾਡਾ ਇੱਕ ਯਾਰ ਹੈ, ਕਾਲੇਜ ਅਧਿਆਪਕ ਹੈ। ਉਹਨੂੰ ਵੀ ਐਸੇ ਤਰ੍ਹਾਂ ਦੀ ਬਿਮਾਰੀ ਹੈ। ਉਹ ਜਦੋਂ ਵੀ ਤੁਹਾਡੇ ਨਾਲ ਦਾਰੂ ਪੀਵੇਗਾ, ਆਪ ਸਰਵ ਕਰੇਗਾ। ਸਰਵ ਕਾਹਦਾ ਬੱਸ ਉਲੱਦ ਦੇਵੇਗਾ। ਫਿਰ, ਚੁੱਕੋ-ਚੁੱਕੋ। ਬਸ ਫਿਰ ਉਲੱਦ ਦੇਵੇਗਾ। ਫਿਰ, ਚੁੱਕੋ-ਚੁੱਕੋ। ਬਸ ਪੀਵੀ ਜਾਓ। ਬੰਦਾ ਦਸਾਂ ਮਿੰਟਾਂ ਬਾਅਦ ਲੁੜਕ ਜਾਵੇਗਾ। ਉਹਨੂੰ ਲੁੜਕੇ ਹੋਏ ਬੰਦੇ ਨੂੰ ਵੇਖਕੇ ਅਨੰਦ ਆਉਂਦਾ ਹੈ। ਇੱਕ ਹੋਰ ਪ੍ਰੋਫੈਸਰ ਹੈ। ਨਵੀਂ ਤੋਂ ਨਵੀਂ ਕੁੜੀ ਪੱਟ ਲਵੇਗਾ। ਕਾਲੇਜ ਵੈਸੇ ਐਸ ਗੱਲ ਦੀ ਮੌਜ ਹੁੰਦੀ ਆ। ਪਰ ਬੰਦਾ ਕਾਢੂ ਹੋਣਾ ਚਾਹੀਦਾ। ਉਹ ਪੂਰਾ ਕਾਢੂ ਹੈ। ਕੁੜੀ ਨੂੰ ਮਨਾ ਕੇ ਇੱਕ ਹੋਟਲ ਵਿੱਚ ਲੈ ਜਾਵੇਗਾ। ਆਪ ਦਾਰੂ ਪੀਵੇਗਾ। ਉਹਨੂੰ ਪੀਣ ਲਈ ਮਜਬੂਰ ਕਰੇਗਾ। ਨਹੀਂ ਪੀਵੇਗੀ, ਤਾਂ ਉਹਦੇ ਨੰਗੇ ਬਦਨ ਉੱਤੇ ਡੋਲ÷ ਦੇਵੇਗਾ। ਉਹਨੂੰ ਚਰੂੰਡੇਗਾ ਤੇ ਛੱਡ ਦੇਵੇਗਾ। ਕੁੜੀ ਆਪਣੀਆਂ ਛਾਤੀਆਂ ਉਤਲੇ ਜ਼ਖਮ ਦੇਖਕੇ ਝੂਰੇਗੀ, ਰੋਏਗੀ। ਉਹ ਮਜ਼ੇ ਨਾਲ ਬੈਠਾ ਉਹਨੂੰ ਦੇਖਦਾ ਰਹੇਗਾ। ਇਹ ਜਿਸ ਹੋਟਲ ਵਿੱਚ ਕੁੜੀਆਂ ਲੈ ਕੇ ਜਾਂਦਾ ਹੈ, ਉਹਦਾ ਮੈਨੇਜਰ ਵੀ ਸਾਲਾ ਐਸੇ ਤਰ੍ਹਾਂ ਦਾ ਕਰੂਅਲ ਆਦਮੀ ਹੈ। ਪਿੰਪ ਲਗਦਾ ਹੈ ਸ਼ਕਲ ਤੋਂ ਹੀ। ਉਹ ਕਈ ਵਾਰ ਤਾਂ ਆਦਮੀ ਦੇ ਕਮਰੇ ਵਿੱਚ ਬੈਠਕੇ ਅਰਾਮ ਨਾਲ ਨਾਲੇ ਤਾਂ ਲਾਈਵ ਫਿਲਮ ਦੇਖਦਾ ਹੈ, ਨਾਲੇ ਮੁਫਤ ਦੀ ਦਾਰੂ ਪੀਂਦਾ ਹੈ। ਪੂਰੇ ਸ਼ਹਿਰ ਦੀਆਂ ਟੈਕਸੀਆਂ ਤੇ ਗਾਹਕਾਂ ਬਾਰੇ ਓਸਨੂੰ ਖਬਰ ਹੈ। ਪੱਤਰਕਾਰਾਂ ਨੂੰ ਕਿੰਨੇ ਵਿੱਚ ਖਰੀਦਣਾ ਹੈ। ਕੌਣ ਹੈ ਜਿਹਨੂੰ ਉਧਾਰ ਵੀ ਦੇ ਦੇਣਾ ਹੈ। ਕਿਹੜੀ ਪਾਰਟੀ ਨੂੰ ਕਿੰਨਾ ਕੁ ਰਿਗਾਡ ਦੇਣਾ ਹੈ। ਕਿਹਦੇ ਨਾਲ ਕਿੰਨੇ ਫੁਕਰੇ ਆਉਂਦੇ ਨੇ, ਉਹ ਸੱਭ ਜਾਣਦਾ ਹੈ। ਓਸੇ ਤਰ੍ਹਾਂ ਦੀ ਡੀਲਿੰਗ ਹੋਵੇਗੀ, ਨਾਪੀ ਤੋਲੀ ਹੋਈ। ਸਾਲੇ ਦੇ ਅੰਦਰ ਬਾਹਮਣਵਾਦ ਬਹੁਤ ਹੈ। ਹਰ ਗੱਲ ਨਾਲ ਆਪਣੇ ਬ੍ਰਾਹਮਣ ਹੋਣ ਦੀ ਡੀਂਗ ਹੁੰਦੀ ਹੈ। ਵੇਦਾਂ ਦੀਆਂ ਉਦਾਹਰਨਾ ਦੇਵੇਗਾ। ਸੰਸਕ੍ਰਿਤ ਦੇ ਸ਼ਲੋਕ ਬੋਲੇਗਾ। ਹਰ ਸਾਲ ਕਾਲੀ ਪੂਜਾ ਉੱਤੇ ਆਪਣੇ ਸ਼ਹਿਰ ਚਲੇ ਜਾਂਦਾ ਹੈ। ਬੰਗਾਲੀ ਹੈ। ਸ਼ਕਲ ਥੋੜ੍ਹੀ ਜਿਹੀ ਵਿੰਗੀ ਹੈ। ਐਨਕਾ ਬੇਢਬੀਆਂ। ਚਲੋ, ਉਹਦੀ ਗੱਲ ਕੀ ਕਰਨੀ ਬਹੁਤੀ ਸਾਲੇ ਚੋਰ ਜਿਹੇ ਦੀ।

ਆਪਣੇ ਇੰਜਨੀਅਰ ਸਾਹਬ ਦੀ ਗੱਲ ਮੈਂ ਤਾਂ ਛੂਹੀ ਸੀ, ਕਿਉਂਕਿ ਉਹ ਅੱਜਕੱਲ÷ ਪਰੇਸ਼ਾਨ ਨੇ। ਕੰਪਨੀ ਨੇ ਆਈ ਟੀ ਨੂੰ ਆਉਟ ਸੋਰਸਿੰਗ ਕਰਨ ਦੀ ਸਕੀਮ ਬਣਾ ਲਈ ਹੈ। ਇਹਨਾਂ ਦੀ ਨੌਕਰੀ ਖਤਰੇ ਵਿੱਚ ਹੈ। ਇਹਦਾ ਜੀਵਨ ਫਲਸਫਾ ਕਿ ਪਹਿਲਾਂ ਆਪਣੇ ਆਪ ਨੂੰ ਸੈੱਟ ਕਰੋ, ਫਿਰ ਪਰਿਵਾਰ ਨੂੰ ਵਧੀਆ ਸੈੱਟ ਕਰੋ, ਫਿਰ ਆਪਣਾ ਭਵਿੱਖ ਸੈੱਟ ਕਰੋ, ਇੱਥੇ ਆ ਕੇ ਫੇਲ੍ਹ ਹੋ ਗਿਆ ਲਗਦਾ ਹੈ। ਇਹਨੇ ਆਪਣੇ ਬਾਪ ਨਾਲ ਦੁੱਖ ਸਾਂਝਾ ਕੀਤਾ, ਤਾਂ ਉਹਨਾਂ ਨੇ ਜੋ ਫਲਸਫਾ ਇਹਨੂੰ ਦਿੱਤਾ, ਉਹਦੇ ਨਾਲ ਕੁਝ ਢਾਰਸ ਮਿਲਿਆ ਇਹਨੂੰ। ਉਹਨਾਂ ਕਿਹਾ ਕਿ ਤੂੰ ਸਮੇਂ ਦੇ ਮੁਤਾਬਿਕ ਆਪਣੇ ਆਪ ਨੂੰ ਢਾਲ ਲੈਣ ਵਾਲਾ ਏਂ। ਤੈਨੂੰ ਕੋਈ ਬਹੁਤਾ ਫਰਕ ਨਹੀਂ ਪੈਣਾ, ਕਿਤੇ ਹੋਰ ਨੌਕਰੀ ਵੀ ਮਿਲ ਜਾਵੇਗੀ ਜਾਂ ਤੂੰ ਥੋੜ੍ਹੀ ਵਿੱਚ ਵੀ ਗੁਜ਼ਾਰਾ ਕਰ ਲਵੇਂਗਾ। ਥੈਂਕ ਗਾਡ, ਮੇਰੀ ਤਾਂ ਜਾਨ ਹੀ ਨਿਕਲ ਗਈ ਸੀ। ਕਮਾਲ ਐਸ ਬੰਦੇ ਦੀ ਦੇਖੋ ਕਿ ਇਹਨੇ ਇੱਕ ਟਾਈਪਿਸਟ ਕੁੜੀ ਦੇ ਕੰਪਿਊਟਰ ਉੱਤੇ ਬਿਨਾਂ ਕਿਸੇ ਨੂੰ ਇਤਲਾਹ ਕੀਤੇ ਇੰਟਰਨੈਟ ਚਲਾ ਦਿੱਤਾ ਹੈ, ਜਿਹਨੂੰ ਬਿੱਗ ਅੱਡਾ ਡਾਟ ਕਾਮ ਉੱਤੇ ਪਰਦੇ ਨਾਲ ਫਿਲਮਾਂ ਦੇਖਣ ਦਾ ਸ਼ੌਕ ਹੈ। ਇਹਨੂੰ ਐਸ ਗੱਲ ਦੀ ਬਿੜਕ ਹੈ। ਉਹਨੇ ਇਹਨੂੰ ਸੁਲਾਹ ਮਾਰੀ, ਇਹ ਨਿਰਾਸ਼ਾ ਦੂਰ ਕਰਨ ਲਈ ਆਪਣੀ ਖੇਡ ਸ਼ੁਰੂ ਕਰ ਕੇ ਬੈਠ ਗਿਆ। ਹੁਣ ਉਹਦਾ ਕੰਪਿਉਟਰ ਠੀਕ ਕਰਨ ਦੇ ਬਹਾਨੇ ਉਹਨੂੰ ਬਿੱਗ ਅੱਡਾ ਦੀਆਂ ਸਾਰੀਆਂ ਬਾਰੀਕੀਆਂ ਸਮਝਾਉਂਦਾ ਰਹਿੰਦਾ ਹੈ। ਉਹ ਕੁੜੀ ਵੀ ਅੱਜ-ਕੱਲ÷ ਦਫਤਰ ਰੈਗੁਲਰ

ਹੋ ਗਈ ਹੈ ਤੇ ਸਮੇਂ ਤੋਂ ਪਹਿਲਾਂ ਹੀ ਪਹੁੰਚ ਜਾਂਦੀ ਹੈ। ਸੱਭ ਨੂੰ ਖਬਰ ਹੈ, ਪਰ ਇਹਦੇ ਦਿਮਾਗ ਨੂੰ ਨੌਕਰੀ ਜਾਣ ਦੇ ਖਤਰੇ ਤੋਂ ਥੋੜ੍ਹੀ ਦੇਰ ਲਈ ਜੋ ਵਿਹਲ ਮਿਲਦੀ ਹੈ, ਉਹਦਾ ਸੁੱਖ ਬਹੁਤ ਹੈ। ਐਸ ਲਈ ਲਗੇ ਰਹੋ ਮੁੰਨਾ ਬਾਈ।

**ਜ਼ੇਰੇ ਇਲਾਜ਼ ਨੇ ਉਹ - ਜਿਹੜੀ ਨਰਸ ਕੁੜੀ ਮੈਨੂੰ ਕਚਹਿਰੀ ਵਿੱਚ ਮਿਲੀ ਸੀ, ਅੱਜਕੱਲ÷ ਬਹੁਤ ਹੀ ਉਦਾਸ ਰਹਿਣ ਲੱਗੀ ਹੈ। ਇੱਕ ਦਿਨ ਮੇਰੇ ਕੋਲ ਆਈ ਸੀ, ਥੋੜ੍ਹੀ ਦੇਰ ਬੈਠੀ, ਫੇਰ ਪਤਾ ਨਹੀਂ ਕਿਉਂ ਮਨ ਕਾਹਲਾ ਜਿਹਾ ਪਿਆ ਤੇ ਉਹ ਚਲੇ ਗਈ। ਆਪਣੀ ਕਿਸੇ ਸਹੇਲੀ ਕੋਲ ਰਾਤ ਰਹੀ। ਮੈਂ ਉਹਨੂੰ ਕਿਸੇ ਥਾਂ ਇੱਕਲ ਵਿੱਚ ਮਿਲਣਾ ਚਾਹੁੰਦਾ ਸਾਂ, ਪਰ ਫਿਰ ਉਹਦੇ ਰਿਸ਼ਤੇ 'ਚੋਂ ਭਰਾ-ਭਰਜਾਈ ਆ ਗਏ। ਤਿੰਨ ਦਿਨ ਰਹੇ ਉਹ, ਇਹਦਾ ਜੀਅ ਲੱਗ ਗਿਆ, ਮੈਨੂੰ ਫੋਨ ਕਰਕੇ ਇਹਨੇ ਦਸ ਦਿੱਤਾ ਸੀ। ਵੈਸੇ ਜਦੋਂ ਰਾਤ ਨੂੰ ਮੈਂ ਫੋਨ ਕੀਤਾ, ਤਾਂ ਅੱਗਿਓਂ ਮਰਦਾਵੀਂ ਅਵਾਜ਼ ਨੇ ਮੈਨੂੰ ਹੈਰਾਨ ਕਰ ਦਿੱਤਾ ਸੀ। ਮੈਂ ਇਹਦੇ ਬਾਰੇ ਪੁਛਿਆ ਤਾਂ ਇਹ ਬਾਥਰੂਮ ਵਿੱਚ ਸੀ। ਮੈਂ ਫਟਾਫਟ ਫੋਨ ਬੰਦ ਕਰ ਦਿੱਤਾ। ਪਤਾ ਨਹੀਂ ਕਿੰਨਾ ਕੁਝ ਇਹਦੇ ਬਾਰੇ ਤੇ ਮਰਦਾਵੀਂ ਆਵਾਜ਼ ਬਾਰੇ ਮਨ ਵਿੱਚ ਚੱਕਰੀਆਂ ਕੱਢਦਾ ਰਿਹਾ। ਫਿਰ ਇਹਦਾ ਫੋਨ ਆ ਗਿਆ ਤੇ ਇਹਨੇ ਮੈਨੂੰ ਦੱਸਿਆ ਕਿ ਮੇਰੇ ਭਰਾ-ਭਰਜਾਈ ਆਏ ਹੋਏ ਨੇ, ਬਾਅਦ ਵਿੱਚ ਗੱਲ ਕਰਦੇ ਹਾਂ। ਚੈਨ ਮਿਲੀ। ਉਹ ਕੋਈ ਤਿੰਨ ਦਿਨ ਇਹਦੇ ਕੋਲ ਰਹੇ। ਇਹਨੇ ਉਹਨਾ ਨਾਲ ਮੱਛੀ ਖਾਧੀ ਤੇ ਬੀਅਰ ਵੀ ਪੀ ਲਈ। ਬੀਅਰ ਨੇ ਬਾਏ ਕਰ ਦਿੱਤੀ। ਇਹ ਮੇਰੇ ਕੋਲ ਆਈ ਤਾਂ ਉਦਾਸੀ ਦੇ ਨਾਲ-ਨਾਲ ਬਿਮਾਰੀ ਵੀ ਚੰਬੇੜੀ ਹੋਈ। ਅੱਖਾਂ ਦੇ ਆਲੇ-ਦੁਆਲੇ ਹਲਕੀ ਸੋਜ਼ਿਸ਼ ਸੀ। ਮੈਨੂੰ ਇੱਕ ਦਮ ਖਿਆਲ ਆਇਆ ਕਿ ਇੱਕ ਜੋਤਸ਼ੀ ਦੇ ਦੱਸਣ ਮੁਤਾਬਿਕ ਇਹਦੇ ਆਇਰਨ ਜਮ੍ਹਾ ਹੋ ਗਿਆ ਹੈ। ਇਹਨੂੰ ਇੱਕ ਨਿੰਬੂ ਲੈ ਕੇ ਆਪਣੇ ਸਿਰ ਤੋਂ ਸੱਤ ਵਾਰੀ ਵਾਰ ਕੇ ਚਾਰ ਟੁਕੜੇ ਕਰਕੇ ਚੌਰਾਹੇ ਵਿੱਚ ਸੁੱਟ ਆਉਣਾ ਚਾਹੀਦਾ ਹੈ। ਮੈਂ ਮਜ਼ਾਕ ਨਾਲ ਇਹਦੀ ਬਿਮਾਰੀ ਬਾਰੇ ਗੱਲ ਕੀਤੀ ਤਾਂ ਇਹ ਮੇਰੇ ਪਿੱਛੇ ਹੀ ਪੈ ਗੀ ਕਿ ਮੈਨੂੰ ਓਸ ਜੋਤਿਸ਼ੀ ਨਾਲ ਜ਼ਰੂਰ ਮਿਲਵਾਓ। ਮੈਂ ਉਹਨੂੰ ਫੋਨ ਕੀਤਾ। ਉਹ ਘਰੇ ਹੀ ਸੀ। ਮੇਰੇ ਮੋਟਰ ਸਾਈਕਿਲ ਉੱਤੇ ਅਸੀਂ ਉਹਦੇ ਕੋਲ ਗਏ। ਇਹਨੇ ਆਪਣੇ ਵਿਆਹ ਬਾਰੇ ਨਜੂਮ ਲਾਉਣ ਲਈ ਕਿਹਾ। ਜੋਤਿਸ਼ੀ ਨੇ ਕੁਝ ਦੇਰ ਸਟਡੀ ਕੀਤੀ। ਫਿਰ ਇਹਨੂੰ ਕਿਹਾ ਕਿ ਆਪਣੇ ਧਰਮ ਮੁਤਾਬਿਕ ਤੁਸੀਂ ਹਰ ਰੋਜ਼ ਇਬਾਦਤ ਕਰਿਆ ਕਰੋ, ਬਹੁਤ ਜਲਦੀ ਤੁਹਾਡਾ ਨਿਕਾਹ ਹੋ ਜਾਵੇਗਾ। ਇਹ ਖੁਸ਼ ਹੋ ਗਈ। ਮੇਰਾ ਹੱਥ ਘੁੱਟ ਕੇ ਧਨਵਾਦ ਕੀਤਾ। ਉੱਥੋਂ ਆ ਕੇ ਅਸੀਂ ਇੱਕ ਬੰਗਾਲੀ ਸਟਾਇਲ ਦੇ ਰੈਸਟੋਰੈਂਟ ਵਿੱਚ ਦਹੀਂ ਬੜਾ ਖਾਧਾ। ਇਹਨੂੰ ਬਹੁਤ ਸਵਾਦ ਲੱਗਿਆ। ਪਰ ਉਦਾਸੀ ਅਜੇ ਆਪਣੇ ਹਲਕੇ ਰੰਗ ਵਿੱਚ ਕਾਇਮ ਸੀ। ਇਹਨੇ ਦੱਸਿਆ ਕਿ ਮੇਰਾ ਮਨ ਕਾਹਲਾ ਪੈਂਦਾ ਹੈ। ਕਿਸੇ ਕੋਲ ਦਸ ਮਿੰਟ ਤੋਂ ਵੱਧ ਨਹੀਂ ਬੈਠਿਆ ਜਾਂਦਾ। ਉਥੋਂ ਭੱਜਦੀ ਹਾਂ, ਦੂਜੇ ਕੋਲ ਜਾਂਦੀ ਹਾਂ ਤਾਂ ਉਥੇ ਵੀ ਇਹੀ ਹਾਲ ਹੁੰਦਾ ਹੈ। ਪਤਾ ਨਹੀਂ ਕੀ ਹੋ ਗਿਆ ਹੈ। ਹਸਪਤਾਲ ਵਿੱਚ ਇੱਕ ਮੁੰਡੇ ਨਾਲ ਇਹਨੂੰ ਇਸ਼ਕ ਹੋ ਗਿਆ ਹੈ। ਉਹਨੂੰ ਦੇਖ ਲੈਂਦੀ ਹੈ ਤਾਂ ਮਨ ਬੇਚੈਨ ਹੋ ਜਾਂਦਾ ਹੈ। ਉਹਦੇ ਨਾਲ ਗੱਲ ਕਰ ਚੁੱਕੀ ਹੈ, ਪਰ ਉਹ ਪੱਲਾ ਹੀ ਨਹੀਂ ਫੜਾ ਰਿਹਾ। ਇਹਨੇ ਉਹਨੂੰ ਕਹਿ ਦਿੱਤਾ ਹੈ ਕਿ ਜੇ ਤੈਨੂੰ ਇਹ ਰਿਸ਼ਤਾ ਮਨਜ਼ੂਰ ਨਹੀਂ, ਤਾਂ ਤੂੰ ਘੱਟੋ-ਘੱਟ ਇਹ ਕੋਸ਼ਿਸ਼ ਕਰਿਆ ਕਰ ਕਿ ਮੈਨੂੰ ਦਿਸਿਆ ਨਾ ਕਰ। ਪਰ ਕੰਮ ਇੱਕ ਜਗ੍ਹਾ ਹੈ, ਤਾਂ ਸਾਹਮਣਾ ਤਾਂ ਹੋ ਹੀ ਜਾਂਦਾ ਹੈ। ਇਹਦੀ ਬਿਹਵਲਤਾ ਵੱਧ ਜਾਂਦੀ ਹੈ। ਇਹ ਤੜਪਦੀ ਹੈ।**

ਇਹਦੀਆਂ ਗੱਲਾਂ ਨੇ ਮੇਰਾ ਕੰਮ ਸੌਖਾਲਾ ਕਰ ਦਿੱਤਾ ਹੈ। ਮੈਂ ਇਹਨੂੰ ਦੱਸਿਆ ਕਿ ਦਰਅਸਲ ਬਹੁਤ ਸਾਰੀ ਨੈਗੇਟਿਵ ਅਨਰਜੀ ਤੇਰੇ ਅੰਦਰ ਜਮ੍ਹਾਂ ਹੋ ਗਈ ਹੈ, ਉਹਦੇ ਕਾਰਨ ਮਨ ਕਾਹਲਾ ਪੈਂਦਾ ਹੈ। ਅੱਜ ਹੀ ਇਹਦਾ ਇਲਾਜ਼ ਕਰ ਦੇਣਾ ਹੈ। ਇਹਨੂੰ ਮੋਟਰ ਸਾਈਕਿਲ ਪਿੱਛੇ ਬਿਠਾ ਲਿਆ ਹੈ ਤੇ ਨੈਗੇਟਿਵ ਅਨਰਜੀ ਨੂੰ ਆਪਣੇ ਅੰਦਰ ਟਰਾਂਸਫਰ ਕਰਨ ਲਈ

ਇਹਨੂੰ ਕਿਹਾ ਹੈ ਕਿ ਆਪਣੀ ਤਲੀ ਮੇਰੀ ਬੱਖੀ ਨਾਲ ਲਗਾ ਲਵੇ। ਰਤਾ ਕੁ ਦਬਾ ਵਧਾ ਕੇ। ਇਹਨੇ ਝੱਟ ਮੇਰਾ ਕਿਹਾ ਮੰਨ ਲਿਆ ਹੈ। ਮੋਟਰ ਸਾਈਕਿਲ ਸ਼ਹਿਰ ਦੀਆਂ ਸੜਕਾਂ 'ਤੇ ਅਵਾਰਾ ਹੋ ਗਿਆ। ਮੇਰੇ ਮਨ ਨੂੰ ਤਸੱਲੀ ਜਿਹੀ ਹੋ ਗਈ ਕਿ ਇਹਨੂੰ ਤੜਫਾਉਣ ਲਈ ਇਹ ਕਾਫੀ ਹੈ। ਹੌਲੀ-ਹੌਲੀ ਟਿਕਾਣੇ ਲੈ ਆਵਾਂਗੇ। ਫਿਰ ਇਹਨੇ ਕਿਹਾ ਕਿ ਮੈਨੂੰ ਲੱਗਦਾ ਮੈਂ ਕੁਝ ਹਲਕੀ ਮਹਿਸੂਸ ਕਰ ਰਹੀ ਹਾਂ। ਮੈਨੂੰ ਵੀ ਲੱਗਾ ਕਿ ਅੱਜ ਲਈ ਏਨਾ ਹੀ ਬਹੁਤ ਹੈ। ਮੈਂ ਦਫਤਰ ਲਿਆ ਕੇ ਇਹਨੂੰ ਉਤਾਰ ਦਿੱਤਾ। ਇਹਨੇ ਕੱਲ੍ਹ ਫੇਰ ਮਿਲਣ ਦਾ ਵਾਧਾ ਕਰਕੇ ਵਿਦਾ ਲੈ ਲਈ, ਪਰ ਕਈ ਦਿਨ ਆਈ ਨਹੀਂ। ਹੁਣ ਤਾਂ ਫੋਨ ਵੀ ਨਹੀਂ ਚੁੱਕ ਰਹੀ। ਇਨ ਬਿਟਵੀਨ ਇਹ ਓਸ ਹਸਪਤਾਲੋਂ ਨੌਕਰੀ ਛੱਡਕੇ ਹੋਰ ਜਗ੍ਹਾ ਜਾ ਲੱਗੀ ਹੈ, ਮੈਨੂੰ ਮੈਸੇਜ ਕਰਕੇ ਦੱਸ ਦਿੱਤਾ ਸੀ। ਮੈਂ ਮੈਸੇਜ ਦਾ ਜਵਾਬ ਨਹੀਂ ਦਿੱਤਾ। ਪਤਾ ਨਹੀਂ ਹੁਣ ਉਹਦੀ ਹਾਲਤ ਕੀ ਹੈ।

ਐਸੇ ਕੁੜੀ ਦੇ ਨਾਲ ਵਾਲੀ ਇੱਕ ਰਾਤ ਚਮਕਦੇ ਸੂਟ ਵਿੱਚ ਦਿਖਾਈ ਦਿੱਤੀ ਸੀ, ਸ਼ਹਿਰ ਦੇ ਇੱਕ 'ਮਾੜੇ ਕੋਨੇ' ਵਿੱਚ। ਕਿਸੇ ਦੀ ਉਡੀਕ ਵਿੱਚ ਲੱਗ ਰਹੀ ਸੀ, ਮੈਂ ਉਹਨੂੰ ਬੁਲਾਉਣਾ ਠੀਕ ਨਹੀਂ ਸਮਝਿਆ। ਦੂਰ ਜਾ ਕੇ ਬਰੇਕ ਮਾਰਕੇ ਉਹਦੀਆਂ ਹਰਕਤਾਂ ਦੇਖਦਾ ਰਿਹਾ। ਉਹ ਕਿਸੇ ਦੀ ਉਡੀਕ ਵਿੱਚ ਸੀ। ਪਤਾ ਨਹੀਂ ਕਿਹਨੂੰ ਉਡੀਕਦੀ ਹੋਵੇਗੀ। ਪਰ ਇਹਨੂੰ ਇਹ ਰਾਤ ਵੇਲੇ ਸ਼ਾਈਨਿੰਗ ਵਾਲਾ ਸੂਟ ਪਾਉਣ ਦੀ ਜੁਗਤ ਕਿਹਨੇ ਦੱਸੀ ਹੋਵੇਗੀ। ਸਾਡੇ ਨਾਲ ਇੱਕ ਵਾਰ ਦਿੱਲੀ ਦੀ ਇੱਕ ਬੀਬੀ ਕਿਤੇ ਟੂਰ ਉੱਤੇ ਗਈ ਸੀ, ਉਹ ਰਾਤ ਵੇਲੇ ਏਦਾਂ ਦੇ ਸੂਟ ਪਾਉਂਦੀ ਹੁੰਦੀ ਸੀ। ਇਹ ਰਾਤ ਨੂੰ ਚਮਕਦੇ ਨੇ। ਕਮਾਲ ਹੋ ਗਈ। ਕਿਹਦੇ ਦਿਮਾਗ਼ ਦੀ ਕਾਢ ਹੋਣਗੇ ਇਹ ਸੂਟ। ਹੁਣ ਐਸ ਸਫਾਈ ਵਾਲੀ ਬੀਬੀ ਦੇ ਵੀ ਕੰਮ ਆ ਰਹੇ ਨੇ। ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ, ਵਾਲਾ ਅੰਗ੍ਰੇਜ਼ੀ ਮੁਹਾਵਰਾ ਪਤਾ ਨਹੀਂ ਕਿੰਨਿਆ ਕੁ ਨੂੰ ਯਾਦ ਹੋਵੇਗਾ। ਹਾਲ ਦੀ ਘੜੀ ਤਾਂ ਹਰ ਚਮਕਦੀ ਚੀਜ਼ ਸੋਨਾ ਹੀ ਲੱਗਦੀ ਹੈ।

**ਪਟਵਾਰਖਾਨਾ- ਕਚਹਿਰੀ ਦੇ ਇੱਕ ਪੋਰਸ਼ਨ ਵਿੱਚ ਜੋ ਪਟਵਾਰਖਾਨਾ ਬਣਿਆ ਹੈ, ਉੱਥੇ ਦੀ ਇੱਕ ਰਿਪੋਰਟ ਆਈ ਹੈ। ਰਿਪੋਰਟ ਬੜੀ ਮਜ਼ੇਦਾਰ ਹੈ। ਓਸ ਵਿੱਚ ਲਿਖਿਆ ਹੈ ਕਿ ਇੱਥੇ ਆ ਰਹੇ ਸੱਤਰ ਫੀਸਦੀ ਪਟਵਾਰੀਆਂ ਨੂੰ ਬਵਾਸੀਰ ਹੈ। ਉਹ ਟਿਕ ਕੇ ਬੈਠ ਕੇ ਕੰਮ ਨਹੀਂ ਕਰ ਸਕਦੇ। ਡੀਸੀ ਸਾਹਬ ਨੇ ਸਰਕੁਲਰ ਜਾਰੀ ਕਰ ਦਿੱਤਾ ਹੈ ਕਿ ਸਾਰੇ ਪਟਵਾਰੀ ਅਪ੍ਰੇਸ਼ਨ ਕਰਵਾ ਕੇ ਆਉਣ। ਹੁਣ ਸਾਰੇ ਪਟਵਾਰੀ ਛੁੱਟੀ ਉੱਤੇ ਚਲੇ ਗਏ ਨੇ ਤੇ ਲੋਕਾਂ ਦਾ ਕੰਮ ਉਵੇਂ ਦਾ ਉਵੇਂ ਚੱਲੀ ਜਾ ਰਿਹਾ ਹੈ। ਇਹ ਕੰਮ ਕੌਣ ਕਰ ਰਿਹਾ ਹੈ, ਕਿਸੇ ਨੂੰ ਸਮਝ ਨਹੀਂ ਆ ਰਹੀ। ਸੀਆਈਡੀ ਵਿਭਾਗ ਦੇ ਤੋਤੇ ਉੱਡੇ ਪਏ ਨੇ। ਚਲੋ ਦੇਖਦੇ ਹਾਂ, ਜਦੋਂ ਪਟਵਾਰੀ ਵਾਪਸ ਆਏ, ਐਸ ਗੱਲ ਦਾ ਵੀ ਭੇਦ ਲੱਗ ਸਕਦਾ ਹੈ।**

**ਇੱਕ ਹੋਰ ਕਰਾਮਾਤੀ- ਲਓ ਜੀ ਇਹ ਨਵਾਂ ਹੀ ਕਰੈਕਟਰ ਆ ਗਿਆ ਹੈ। ਨਾਮ ਹੈ ਪ੍ਰਾਣ ਨਾਥ। ਆਪਾਂ ਇਹਦਾ ਨਾਮ ਬਦਲ ਕੇ ਪ੍ਰਾਣ ਕਾਲੀਆ ਰੱਖ ਲੈਂਦੇ ਹਾਂ। ਇਹ ਦੁਕਾਨਦਾਰਾਂ ਦੇ ਕੋਲ ਬੈਠਾ ਰਹਿੰਦਾ ਹੈ। ਪੂਰੇ ਬਜ਼ਾਰ ਵਿੱਚ ਇਹਦੀ ਉੱਠਣੀ-ਬੈਠਣੀ ਹੈ। ਇਹ ਆਪਣੀ ਹੀ ਕਿਸਮ ਦਾ ਫਿਲਾਸਫਰ ਟਾਈਪ ਬੰਦਾ ਹੈ। ਹਰ ਗੱਲ ਦਾ ਨਿਚੋੜ ਇਹਨੇ ਕੱਢ ਰੱਖਿਆ ਹੈ। ਕਈਆਂ ਨੂੰ ਤਾਂ ਇਹਦੇ ਨਿਚੋੜ ਵਿਵੇਕਾਨੰਦ ਦੇ ਬੋਲਾਂ ਵਾਂਗ ਰਟੇ ਪਏ ਨੇ। ਮਸਲਨ ਇਹਨੇ ਨਿਚੋੜ ਕੱਢਿਆ ਹੈ ਕਿ ਤੀਵੀਂ ਨੂੰ ਬੰਦੇ ਕੋਲੋਂ ਤਿੰਨ ਚੀਜ਼ਾਂ ਚਾਹੀਦੀਆਂ ਨੇ, ਆਦਰ, ਪੈਸਾ ਤੇ ਲਿੰਗ। ਬੰਦੇ ਨੂੰ ਤੀਵੀਂ ਕੋਲੋਂ ਇੱਕ ਚੀਜ਼ ਚਾਹੀਦੀ ਹੈ, ਬਿਨਾਂ ਸ਼ਰਤ ਸਮਰਪਣ। ਆਪ ਭਾਵੇਂ ਉਹ ਕਿਸੇ ਵੀ ਹਾਲਤ ਵਿੱਚ ਹੋਵੇ, ਬੰਦੇ ਨੂੰ ਇਨਕਾਰ ਨਾ ਕਰੇ। ਇਵੇਂ ਹੀ ਇਹਦੀਆਂ ਹੋਰ ਗੱਲਾਂ ਨੇ, ਜਿਨਾਹ ਨੂੰ ਬਹੁਤ ਪਸੰਦ ਕਰਦਾ ਹੈ। ਕਮਲਾ ਮੰਨਦਾ ਹੈ। ਨਿਉ ਕਨਵਰਟਡ ਮੁਸਲਮਾਨ ਓਨੇ ਮਤੱਸਵੀ ਨਹੀਂ ਹੁੰਦੇ ਸਨ, ਇਹਨੇ ਨਿਚੋੜ ਕੱਢਿਆ ਹੈ। ਫੇਰ ਇਹਦਾ ਫਲਸਫਾ ਅੱਗੇ ਚਲਦਾ ਹੈ- ਮੁਸਲਮਾਨ ਸਾਡੇ ਨਾਲ ਮਰਜ-ਵਿਦ ਵਾਲੇ ਰਾਹ ਉੱਤੇ ਖੜ੍ਹੇ ਸਨ, ਮਰਜ-ਇਨ ਟੂ ਵਾਲੀ ਪੁਜ਼ੀਸ਼ਨ**

**ਨਹੀਂ ਸੀ। ਉਹ ਆਪਣੀ ਹੋਂਦ ਨਹੀਂ ਸਨ ਗਵਾਉਣਾ ਚਾਹੁੰਦੇ। ਮਰਜ-ਵਿਦ ਭਾਵ ਬਗਲਗੀਰ ਹੋਣ ਲਈ ਤਿਆਰ, ਪਰ ਮਰਜ-ਇਨ ਟੂ, ਭਾਵ ਵੀਲੀਨ ਹੋਣ ਲਈ ਤਿਆਰ ਨਹੀਂ ਸਨ। ਫੇਰ ਅੰਗ੍ਰੇਜ਼ਾਂ ਨੇ ਕਨਵੈਨਸ਼ਨ ਕੀਤੀ, ਪਾਵਰ ਹੱਥ ਦੇਣ ਲਈ, ਜਿਨਾਹ ਨੂੰ ਸੱਦਿਆ ਨਾ। ਓਸ ਮਰਦ ਦੇ ਬੱਚੇ ਦਾ ਖ਼ੂਨ ਖੌਲ ਉੱਠਿਆ। ਫੇਰ ਤਾਂ ਉਹਨੇ ਲਲਕਾਰ ਹੀ ਦਿੱਤਾ ਕਿ ਅਸੀਂ ਜੰਗ ਲਈ ਤਿਆਰ ਹਾਂ। ਫਸਾਦ ਸ਼ੁਰੂ ਹੋ ਗਏ। ਹਿੰਦੂ ਪਹਿਲਾਂ ਈ ਤਿਆਰ ਬੈਠਾ ਸੀ। ਇਹ ਹਿੰਦੂ ਨੂੰ ਨਿਪੁੰਸਕ ਸਮਝਦੇ ਸੀ, ਉਹ ਹੁੰਦਾ ਅਨ-ਔਪਰੈਸਿਵ ਬਟ ਅਨ-ਯੀਲਡਿੰਗ। ਉਹਨੇ ਅੜਾਟ ਕਢਾ ਦਿੱਤੇ। ਲੱਖਾਂ ਲੋਕ ਕਤਲ ਹੋ ਗਏ। ਮੇਰਾ ਇੱਕ ਦੋਸਤ ਮੁਸਲਮਾਨ ਸੀ, ਬਸਤੀ ਸ਼ੇਖ ਦਾ। ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਇਹਨਾਂ ਨੂੰ ਪ੍ਰਵੋਕ ਨਾ ਕਰੋ। ਉਹ ਕਹਿੰਦਾ ਕੀ ਕਰ ਲੈਣਗੇ? ਲੋਕਾਂ ਨੇ ਕਰਕੇ ਦਿਖਾ ਦਿੱਤਾ। ਮੈਂ ਉਹਨਾਂ ਨੂੰ ਸਮਝਾਇਆ ਕਿ ਮੁਸਲਮਾਨ ਪੈਟਰੋਲ ਹੈ, ਪਰ ਹਿੰਦੂ ਪਾਣੀ ਹੈ। ਜੇ ਪੈਟਰੋਲ ਨੂੰ ਅੱਗ ਪੈ ਜਾਵੇ ਤਾਂ ਬੁਝਾਈ ਜਾ ਸਕਦੀ ਆ, ਪਰ ਜੇ ਪਾਣੀ ਨੂੰ ਅੱਗ ਪੈ ਗਈ ਤਾਂ ਬੁਝਣੀ ਨਹੀਂ। ਨਹੀਂ ਬੁਝੀ ਫੇਰ ਇਹਨਾਂ ਤੋਂ। ਮੈਂ ਜੋ ਕਿਹਾ ਉਹੀ ਸੱਚ ਹੋਇਆ।**

**ਲੇਖਕ ਦੇ ਘਰ ਪਸ਼ੂ ਧਨ**

ਜਿਹੜੇ ਲੇਖਕ ਦੇ ਹੱਥਾਂ ਦੀ ਮੈਂ ਕਠਪੁਤਲੀ ਨਜ਼ਰ ਆ ਰਿਹਾ ਹਾਂ, ਉਹਨੇ ਆਪਣੀ ਬੀਵੀ ਨੂੰ ਅਜੀਬ ਸਜ਼ਾ ਦੇ ਰੱਖੀ ਹੈ। ਉਹ ਅੱਧੀ ਰਾਤ ਨੂੰ ਪਾਲ਼ੇ ਵਿੱਚ ਬੈਠੀ ਉਹਨੂੰ ਪੱਖੀ ਝੱਲਦੀ ਹੈ ਤੇ ਉਹ ਮੂੰਹ ਸਿਰ ਲਪੇਟੀ ਰਜਾਈ ਵਿੱਚ ਵੜਿਆ ਰਹਿੰਦਾ ਹੈ। ਇਹ ਲੇਖਕ ਪਹਿਲਾਂ ਪਿੰਡ ਵਿੱਚ ਰਹਿੰਦਾ ਸੀ, ਹੁਣ ਇਹ ਸ਼ਹਿਰ ਆ ਗਿਆ ਹੈ। ਸ਼ਹਿਰ ਆ ਕੇ ਇਹਨੂੰ ਪਿੰਡ ਦਾ ਮੋਹ ਜਾਗਿਆ ਹੈ। ਉਹੀ ਗੱਲ ਹੋਈ ਹੈ, ਜਿਹੜੀ ਆਪਾਂ ਪਹਿਲਾਂ ਇੱਕ ਦਿਨ ਕਰ ਰਹੇ ਸੀ ਕਿ ਸਪੇਸ ਮਿਲ ਗਈ ਪਿੰਡ ਨੂੰ ਇਹਦੇ ਮਨ ਅੰਦਰ। ਜਦੋਂ ਪਿੰਡ ਸੀ, ਤਾਂ ਮਨ ਵਿੱਚ ਪਿੰਡ ਲਈ ਸਪੇਸ ਨਹੀਂ ਸੀ, ਹੁਣ ਬਾਹਰ ਹੈ ਤਾਂ ਮਨ ਅੰਦਰ ਪਿੰਡ ਲਈ ਜਗ੍ਹਾ ਖਾਲੀ ਹੋ ਗਈ। ਇਹਦੇ ਖਿਆਲਾਂ ਵਿੱਚ ਚੌਵੀ ਘੰਟੇ ਪਿੰਡ ਰਹਿੰਦਾ ਹੈ। ਇੱਕ-ਇੱਕ ਚੀਜ਼ ਵਾਰ-ਵਾਰ ਉੱਭਰਦੀ ਹੈ। ਅੱਜ ਇਹਦੇ ਮਨ ਵਿੱਚ ਪਸ਼ੂ ਗੇੜੇ ਲਾ ਰਹੇ ਨੇ-

ਮਾਂ ਦੁੱਧ ਚੋਣ ਵੇਲੇ ਬਾਲਟੀ ਵਿੱਚ ਪਾਣੀ ਪਾ ਕੇ ਮੱਝ ਨੂੰ ਪਸਮਾਉਂਦੀ ਸੀ। ਕਮਾਲ ਦਾ ਦ੍ਰਿਸ਼ ਹੁੰਦਾ ਸੀ। ਮਾਂ ਹੱਥ ਦੀਆਂ ਉਂਗਲਾ ਦੇ ਪੋਟਿਆਂ ਉੱਤੇ ਥੋੜ੍ਹਾ ਜਿਹਾ ਪਾਣੀ ਬੜੀ ਮੁਹਾਰਤ ਨਾਲ ਚੁੱਕਦੀ ਤੇ ਥਣਾਂ ਉੱਤੇ ਮਾਰਦੀ। ਫਿਰ ਹੱਥ ਨਾਲ ਥਣ ਨੂੰ ਫੜਕੇ ਪੋਲੇ ਦੇਣੀ ਖਿੱਚਦੀ। ਮਾੜਚੂ ਜਿਹਾ ਥਣ ਪਸਮ ਕੇ ਕਾਇਮ ਹੋ ਜਾਂਦਾ। ਫਿਰ ਦੂਜੇ ਦੀ ਵਾਰੀ ਆਉਂਦੀ, ਤੀਜੇ ਦੀ ਤੇ ਚੌਥੇ ਦੀ। ਮੱਝ ਅਰਾਮ ਨਾਲ ਖੜੀ ਹੁੰਦੀ। ਫਿਰ ਚੋਣਾ ਸ਼ੁਰੂ ਕਰ ਦਿੱਤਾ ਜਾਂਦਾ। ਮੈਂ ਤਾਂ ਸਿਰਫ ਤਮਾਸ਼ਾ ਦੇਖਦਾ ਸਾਂ, ਓਸ ਵਕਤ ਮਾਂ ਦੇ ਮਨ ਵਿੱਚ ਪਤਾ ਨਹੀਂ ਕਿਹੜੇ ਖਿਆਲ ਹੁੰਦੇ ਹੋਣਗੇ ਤੇ ਮੱਝ ਦੇ ਵੀ। ਪਰ ਮੈਂ ਦੇਖਿਆ ਕਿ ਦੋਵਾਂ ਦੀਆਂ ਅੱਖਾਂ ਵਿੱਚ ਅਜੀਬ ਕਿਸਮ ਦੀ ਚਮਕ ਹੁੰਦੀ ਸੀ।

************

ਸਾਡੇ ਘਰੇ ਇੱਕ ਗਾਂ ਹੁੰਦੀ ਸੀ। ਉਹਦਾ ਨਾਂ ਮੇਰੀ ਭੈਣ ਨੇ ਦੁਲਾਰੀ ਰੱਖਿਆ ਹੁੰਦਾ ਸੀ। ਉਹਨੇ ਸਾਡੇ ਟੱਬਰ ਨੂੰ ਬੜਾ ਰਿਜ਼ਕ ਦਿੱਤਾ। ਏਨੀ ਕਮਾਲ ਹੁੰਦੀ ਸੀ ਕਿ ਪੁੱਛੋ ਈ ਨਾ। ਉਦੋਂ ਮੇਰਾ ਪਿਓ ਇੱਕ ਕਾਰਖਾਨੇ ਵਿੱਚ ਕੰਮ ਕਰਦਾ ਸੀ। ਉਹਨੇ ਜਦੋਂ ਸ਼ਾਮ ਨੂੰ ਘਰੇ ਆਉਣਾ ਤਾਂ ਤਿੰਨ ਕਿਲੋਮੀਟਰ ਦੂਰ ਹੋਣਾ ਕਿ ਗਾਂ ਨੇ ਰੰਭਣਾ ਸ਼ੁਰੂ ਕਰ ਦੇਣਾ। ਮਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਸਾਡਾ ਪਿਓ ਆਉਣ ਵਾਲਾ ਹੈ। ਪਿਓ ਨੂੰ ਵੀ ਦੂਰੋਂ ਹੀ ਉਹਦੀ ਅਵਾਜ਼ ਸੁਣ ਜਾਂਦੀ ਸੀ। ਉਹਨਾਂ ਆਉਂਦੇ ਸਾਰ

ਸਾਈਕਿਲ ਖੜ੍ਹੀ ਕਰਕੇ ਪਹਿਲਾਂ ਉਹਦੇ ਸਿਰ ਉੱਤੇ ਹੱਥ ਫੇਰਨਾ, ਤਾਂ ਪਾਣੀ ਪੀਣਾ। ਬਸ ਉਹਨਾਂ ਦੋਵਾਂ ਦਾ ਏਨਾ ਹੀ ਰਿਸ਼ਤਾ ਸੀ, ਬਾਕੀ ਮਾਂ ਜਾਣੇ ਜਾਂ ਗਾਂ ਜਾਣੇ।

***********

ਇੱਕ ਵਾਰ ਸਾਡੇ ਪਲੂਣ ਝੋਟੀ ਸੂਈ। ਦੁੱਧ ਦੀਆਂ ਲਹਿਰਾਂ ਲੱਗ ਗਈਆਂ। ਕਈ ਕਰਜ਼ੇ ਉਤਰ ਗਏ। ਖਲ ਨਾਲ ਉਹਦੀ ਖੁਰਲੀ ਭਰੀ ਰਹਿੰਦੀ। ਆਪ ਖਾਓ ਤੇ ਦੂਜਿਆਂ ਨੂੰ ਰਜਾਓ। ਸੱਚੀਂ ਪਹਿਲੀ ਵਾਰ ਪਤਾ ਲੱਗਾ ਸੀ ਕਿ ਖਾਣਾ ਰੱਜ ਕੇ ਖਾਣ ਬਾਅਦ ਕਿਵੇਂ ਮਹਿਸੂਸ ਹੁੰਦਾ ਹੈ। ਹੁਣ ਇੱਕ ਦਿਨ ਇੱਕ ਬਾਹਰੋਂ ਆਇਆ ਦੋਸਤ ਵਧੀਆ ਸ਼ਰਾਬ ਦੀ ਬੋਤਲ ਦੇ ਗਿਆ। ਉਹ ਪੀਤੀ ਤਾਂ ਸੱਚੀਂ ਮਹਿਸੂਸ ਹੋਇਆ ਕਿ ਮਹਿੰਗੀ ਸ਼ਰਾਬ ਮਹਿੰਗੀ ਕਾਹਤੋਂ ਹੁੰਦੀ ਆ। ਖੈਰ, ਉਹ ਝੋਟੀ ਇੱਕ ਦਿਨ ਅਚਾਨਕ ਫੂੜਕ ਕੇ ਡਿੱਗ ਪਈ। ਸਾਡੇ ਘਰੇ ਤਾਂ ਪਿੱਟਣਾ ਪੈ ਗਿਆ। ਪੂਰੇ ਘਰ ਦੀਆਂ ਕੰਧਾਂ ਵਿਲਕ ਉੱਠੀਆਂ। ਮੈਂ ਜੇ ਮੁਕਾਬਲਾ ਕਰਕੇ ਦੇਖਾਂ ਤਾਂ ਇਹ ਕਹਿ ਸਕਦੇ ਹਾਂ ਕਿ ਸਾਡੇ ਘਰੇ ਮਾਂ ਮਰੀ 'ਤੇ ਓਨਾ ਸੋਗ ਨਹੀਂ ਮਨਾਇਆ ਗਿਆ ਹੋਣਾ, ਜਿੰਨਾ ਝੋਟੀ ਮਰੀ 'ਤੇ ਮਨਾਇਆ ਗਿਆ ਸੀ।

**************

ਮਾਂ ਮੇਰੀ ਨੇ ਸਾਰੀ ਉਮਰ ਪਸ਼ੂ ਪਾਲੇ ਨੇ। ਉਹਨੇ ਏਨਾ ਕੰਮ ਕੀਤਾ ਕਿ ਕੋਈ ਅੰਦਾਜ਼ਾ ਵੀ ਨਹੀਂ ਲਾ ਸਕਦਾ। ਜਦੋਂ ਉਹ ਪੱਠਿਆਂ ਦੀ ਪੰਡ ਲਿਆ ਕੇ ਸੁੱਟਦੀ ਸੀ, ਤਾਂ ਕੰਧ ਹਿੱਲ ਜਾਂਦੀ ਸੀ। ਬਾਬੇ ਸਾਡੇ ਕੋਲ ਜਿਹੜੇ ਪਿੰਡ ਦੇ ਬੁੜ੍ਹੇ ਬੈਠੇ ਹੁੰਦੇ ਸਨ, ਅੱਖਾਂ ਨਾਲ ਹੀ ਇੱਕ ਦੂਜੇ ਕੋਲ ਤਰੀਫ ਕਰ ਦਿੰਦੇ ਸਨ। ਪਰ ਬਾਬੇ ਸਾਡੇ ਨੇ ਪਤਾ ਨਹੀਂ ਉਹਦੇ ਤੋਂ ਕਿਹੜੀ ਗੱਲ ਦਾ ਬਦਲਾ ਲਿਆ। ਉਹਨੂੰ ਏਨਾ ਤੰਗ ਕੀਤਾ ਕਿ ਇਹਦਾ ਮੂੰਹ ਵੀ ਨਹੀਂ ਸੀ ਉਹ ਦੇਖਣਾ ਚਾਹੁੰਦੀ। ਪਿਓ ਦਾ ਤਹਿਕ ਏਨਾ ਸੀ ਕਿ ਇਹਦੀ ਸੇਵਾ ਕਰਨੀ ਪਈ। ਚਲੋ ਜ਼ਿੰਦਗੀ ਏਦਾਂ ਈ ਨਿਕਲ ਗਈ, ਇਹਨੇ ਕਿਹੜਾ ਫੇਰ ਆਖਰੀ ਉਮਰੇ ਘੱਟ ਨਰਕ ਭੋਗਿਆ। ਆਖਰ ਇੱਕ ਮੱਝ ਨੇ ਉਹਦੀ ਮੁਕਤੀ ਕਰਵਾਈ। ਰਾਤ ਨੂੰ ਪਤਾ ਨਹੀਂ ਉਹ ਪਸ਼ੂਆਂ ਵੱਲ ਕੀ ਕਰਨ ਗਿਆ ਕਿ ਮੱਝ ਨੇ ਖੁਰਲੀ 'ਚ ਲਿਆ ਧੱਕਿਆ। ਫੇਰ ਮੱਝ ਨੇ ਹੀ ਅੜਾਟ ਪਾ ਕੇ ਸਾਨੂੰ ਜਗਾਇਆ। ਦੇਖਿਆ ਤਾਂ ਇਹਦੀ ਲਾਸ਼ ਉਹਦੇ ਮੂਹਰੇ ਪਈ ਸੀ। ਮੈਨੂੰ ਏਦਾਂ ਲੱਗਾ ਜਿਵੇਂ ਮੱਝ ਮੂਹਰੇ ਕਿਸੇ ਨੇ ਠੀਂਡਾ ਲਿਆ ਕੇ ਰੱਖਿਆ ਹੋਵੇ। ਇਹ ਸਾਰੇ ਰੁਆਸੇਂ ਜਿਹੇ ਹੋ ਗਏ ਤੇ ਮੈਂ ਉੱਚੀ-ਉੱਚੀ ਹੱਸ ਪਿਆ।

***********

ਇੱਕ ਵਾਰੀ ਅਸੀਂ ਆਪਣੀ ਵਹਿੜੀ ਨੂੰ ਨਵੇਂ ਦੁੱਧ ਕਰਵਾਉਣ ਲਈ ਲੈ ਕੇ ਗਏ। ਸਾਨੂੰ ਦੂਜੇ ਪਿੰਡ ਜਾਣਾ ਪੈਂਦਾ ਸੀ। ਉੱਥੇ ਵਲਾਇਤੀ ਸਾਨ੍ਹ ਸੀ। ਮੈਂ ਵਹਿੜੀ ਦੇ ਗਲ 'ਚ ਪਾਵਾ ਬੰਨ੍ਹਿਆ ਤੇ ਲੈ ਤੁਰੇ। ਆਉਂਦੇ ਵੇਲੇ ਮੈਂ ਇਹ ਮੂਰਖਤਾ ਕੀਤੀ ਕਿ ਸੰਗਲ ਨੂੰ ਆਪਣੇ ਗੁੱਟ ਦੁਆਲੇ ਵਲ਼ ਲਿਆ। ਵਹਿੜੀ ਟਰਾਲੀ ਤੋਂ ਡਰ ਗਈ ਤੇ ਵਾਹਣਾ ਵਿੱਚੀ ਮੈਨੂੰ ਘੜੀਸ ਕੇ ਲੈ ਗਈ। ਜੇ ਉਹਦੇ ਗਲ਼ 'ਚ ਪਾਵਾ ਨਾ ਹੁੰਦਾ ਤਾਂ ਮੇਰੇ ਗੁੱਟ ਦੀ ਓਦਣ ਖੈਰ ਨਹੀਂ ਸੀ। ਸਾਡੇ ਪਿੰਡ ਦੇ ਲੱਗਭੱਗ ਪੰਜਾਹ ਬੰਦੇ ਹੋਣਗੇ, ਜਿਹਨਾਂ ਨੂੰ ਡੰਗਰਾਂ ਨੇ ਅਪਾਹਜ ਕੀਤਾ ਹੋਉ। ਅੱਜ ਵੀ ਸੀਨ ਯਾਦ ਕਰਕੇ ਰੂਹ ਕੰਬ ਜਾਂਦੀ ਹੈ। ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਲੁੜਕੇ ਹੋਏ ਹੱਥ ਨਾਲ ਕਿਵੇਂ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਮੇਰਾ ਇੱਕ ਦੋਸਤ ਹੈ। ਬਹੁਤ ਹੀ ਸਿਆਣਾ ਬੰਦਾ। ਉਹਨੂੰ ਪਤਾ ਨਹੀਂ ਕਿਹੜੀ ਨਾਮੁਰਾਦ ਬਿਮਾਰੀ ਚਿੰਬੜੀ ਹੈ ਕਿ ਦਿਨਾਂ ਵਿੱਚ ਹੀ ਉਹਦੀ ਦੋਵੇਂ ਬਾਹਵਾਂ ਲੁੜਕ ਗਈਆਂ। ਉਹਨੂੰ ਇਉਂ ਅਵਾਜ਼ਾਰ ਬੈਠੇ ਨੂੰ ਦੇਖਿਆ ਵੀ ਨਹੀਂ ਜਾ ਸਕਦਾ। ਯਾਰ ਇੰਝ ਵੀ ਹੋ ਸਕਦਾ!

**************

**ਬੇਲੇ ਖੈਰ ਹੋਵੇ**

ਆਪਾਂ ਇਹ ਕਿਹਾ ਸੀ ਕਿ ਕਿਸੇ ਵੀ ਤਰ੍ਹਾਂ ਕੋਈ ਸਾਧ ਜਾਂ ਡੇਰੇਦਾਰ ਏਧਰ ਨਹੀਂ ਫਟਕਣ ਦੇਣਾ, ਪਰ ਅਸੀਂ ਕਿੰਨੇ ਅਵੇਸਲੇ ਹਾਂ ਕਿ ਦਿਨਾਂ ਵਿੱਚ ਹੀ ਇੱਕ ਡੇਰੇਦਾਰ ਨੇ ਆਪਣੇ ਪੈਰ ਜਮਾ ਲਏ ਨੇ। ਡੇਰਾ ਵੀ ਸ਼ਹਿਰ ਦੇ ਓਸ ਇਲਾਕੇ ਵਿੱਚ ਜਿਹੜਾ ਐਸ ਲਈ ਖੁੱਲ੍ਹਾ-ਡੁੱਲ੍ਹਾ ਰੱਖਿਆ ਸੀ ਕਿ ਏਧਰ ਪੁਲਸ ਵਾਲਿਆਂ ਦੀ ਹਾਓਸਿੰਗ ਕਲੋਨੀ ਹੈ ਤੇ ਲੋੜ ਪੈਣ ਉੱਤੇ ਬਾਕੀ ਅਫਸਰਾਂ ਦੇ ਘਰ ਵੀ ਏਧਰ ਹੀ ਬਣਾਏ ਜਾ ਸਕਦੇ ਹਨ। ਹੁਣ ਤਾਂ ਡੇਰੇ ਕਾਰਨ ਏਧਰ ਟਰੈਫਿਕ ਦੀ ਸਮੱਸਿਆ ਏਨੀ ਵਧ ਗਈ ਹੈ ਕਿ ਕੋਈ ਕੰਮ ਵੀ ਨਹੀਂ ਹੋ ਸਕਦਾ। ਪੁਲਸ ਵਾਲਿਆਂ ਨੇ ਇਹਦੇ ਬਾਰੇ ਕਿਸੇ ਕੋਲ ਸ਼ਿਕਾਇਤ ਤਾਂ ਕੀ ਕਰਨੀ ਸੀ, ਸਗੋਂ ਉਹਨਾਂ ਦਾ ਸਾਥ ਦਿੰਦੇ ਨੇ। ਉਹਨਾਂ ਨੇ ਆਪਣੀ ਪੈਰਾ ਮਿਲਟਰੀ ਫੋਰਸ ਵੀ ਆਪ ਹੀ ਬਣਾਈ ਹੋਈ ਹੈ ਤੇ ਟਰੈਫਿਕ ਵੀ ਉਹੀ ਕੰਟਰੋਲ ਕਰਦੇ ਹਨ। ਡਰੈੱਸ ਕੋਡ ਵੀ ਉਹਨਾਂ ਦਾ। ਯਾਰ ਇਹ ਤਾਂ ਪੈਰਲਲ ਇਲਾਕਾ ਬਣਾ ਕੇ ਬੈਠ ਗਏ ਨੇ। ਇਹ ਵੀ ਆਪਣੇ ਆਪ ਵਿੱਚ ਇੱਕ ਪੂਰਾ ਨਾਵਲ ਹੈ। ਇਹਨਾਂ ਦੇ ਵੀ ਆਪਣੇ ਫੰਡੇ ਨੇ, ਕਲਾਸ ਵੰਡ ਹੈ, ਜਾਤ ਹਰਾਰਕੀ ਹੈ। ਕਮਾਲ ਹੈ। ਇਹ ਵੀ ਨਾਵਲ ਆ ਗਿਆ, ਨਵੇਂ ਸਿਰੇ ਤੋਂ। ਪਰ ਆਪਾਂ ਐਸ ਪਾਸੇ ਨਾ ਹੀ ਉਲਝੀਏ। ਇੱਕ ਦੋ ਬੰਦੇ ਇਹਨਾਂ ਦੇ ਟੋਹ ਕੇ ਦੇਖ ਲੈਂਦੇ ਹਾਂ। ਖਬਰ ਲੱਗ ਜਾਵੇਗੀ ਕਿ ਇਹਨਾਂ ਦਾ ਵਰਕਿੰਗ ਦਾ ਕੀ ਢੰਗ ਹੈ ਜਾਂ ਟਾਰਗੈੱਟ ਆਡੀਐਂਸ ਕਿਹੜੀ ਹੈ। ਇਹ ਨਾ ਹੋਵੇ ਕਿ ਸਾਨੂੰ ਸਵਾਲ ਕਰ ਦੇਵੇ ਕਿ ਤੁਹਾਡੇ ਇਲਾਕੇ ਵਿੱਚ ਇਹ ਕੰਮ ਹੁੰਦਾ ਹੈ ਤੇ ਤੁਸੀਂ ਐਸ ਤੋਂ ਬੇਖਬਰ ਹੋਵੋ। ਆਪਾਂ ਬਾਖਬਰ ਹਾਂ, ਐਸ ਲਈ ਇੱਕ ਬੰਦੇ ਦਾ ਪਿੱਛਾ ਕਰਦੇ ਹਾਂ।

ਇਹ ਕੋਈ ਪੇਂਡੂ ਪਰਿਵਾਰ ਜਾਪ ਰਿਹਾ ਹੈ। ਸਕੂਟੀ ਤੋਂ ਜਾਪਦਾ ਹੈ ਕਿ ਮੁੰਡੇ ਦਾ ਕੰਮ ਥੋੜਾ ਜਿਹਾ ਵਧੀਆ ਹੈ। ਪਤਾ ਲੱਗਾ ਕਿ ਇਹ ਕਿਸੇ ਕਾਰਖਾਨੇ ਵਿੱਚ ਕੰਮ ਕਰਦਾ ਹੈ। ਖਰਾਦੀਆ ਹੈ। ਮੇਹਨਤੀ ਬਹੁਤ ਹੈ। ਬਾਪ ਇਹਦਾ ਪਿੰਡ ਦੇ ਸਟੋਰ ਨੇੜੇ ਚਾਹ ਦਾ ਖੋਖਾ ਚਲਾਉਂਦਾ ਸੀ। ਉਹ ਚਿਰਾਂ ਤੋਂ ਬਿਮਾਰ ਹੈ। ਮਾਂ ਇਹਦੀ ਥੋੜੇ ਦਿਨ ਬਿਮਾਰ ਰਹੀ ਤੇ ਚੱਲ ਵੱਸੀ। ਇਹ ਤਿੰਨ ਭਰਾ ਨੇ। ਵੱਡਾ ਬਦੇਸ਼ ਚਲਾ ਗਿਆ ਤਾਂ ਰਤਾ ਕੁ ਸੌਖਾ ਗਿਆ। ਇਹਨਾਂ ਦੀ ਕੋਈ ਮਦਦ ਨਹੀਂ ਕਰਦਾ। ਉਹਦੀ ਔਲਾਦ ਵੀ ਕੰਮ ਕਾਰ ਕਰਦੀ ਹੈ। ਉਹਨੇ ਪਿੰਡੋਂ ਬਾਹਰ ਮਕਾਨ ਬਣਾ ਲਿਆ ਹੈ। ਇਹਦਾ ਦੂਜਾ ਭਰਾ ਬਚਪਨ ਵਿੱਚ ਚੇਚਕ ਕਾਰਨ ਅੱਖਾਂ ਗਵਾ ਚੁੱਕਿਆ ਹੈ। ਉਹਨੂੰ ਬਹੁਤ ਹੀ ਘੱਟ ਦਿਸਦਾ ਹੈ। ਸ਼ਕਲ ਵੀ ਖਰਾਬ ਹੋ ਗਈ ਸੀ। ਬਹੁਤ ਦੇਰ ਗਰਮੀਆਂ ਵਿੱਚ ਕੁਲਫੀਆਂ ਵੇਚਦਾ ਰਿਹਾ ਤੇ ਸਿਆਲਾਂ ਵਿੱਚ ਮੂੰਗਫਲੀ ਦੀ ਵਾਰੀ ਆ ਜਾਂਦੀ। ਉਹਨੂੰ ਖੁਰਲੀ ਜਿਹੀ ਵਰਗਾ ਇੱਕ ਕਮਰਾ ਦੇ ਦਿੱਤਾ ਗਿਆ। ਕਿਸੇ ਨੇ ਤਰਸ ਕਰਕੇ ਉਹਦਾ ਵਿਆਹ ਕਰ ਦਿੱਤਾ। ਉਹਦੇ ਘਰ ਵਾਲੀ ਪੋਲੀਓ ਦੀ ਮਾਰੀ ਹੈ। ਦੋਵੇਂ ਵਕਤ ਦੇ ਮਾਰੇ ਹੁਣ ਇੱਕ ਦੂਸਰੇ ਦਾ ਆਸਰਾ ਨੇ। ਸਾਰੇ ਪਿੰਡ ਵਿੱਚ ਇਹਨਾਂ ਦੇ ਘਰ ਨੂੰ ਛੱਡ ਕੇ ਕਿਸੇ ਦੇ ਵੀ ਚੁੱਲ੍ਹਾ ਨਹੀਂ ਬਲਦਾ, ਸੱਭ ਕੋਲ ਗੈਸ ਹੈ। ਜਿਹੜੇ ਮੁੰਡੇ ਨੇ ਓਸ ਡੇਰੇਦਾਰ ਨੂੰ ਗੁਰੂ ਧਾਰਨ ਕੀਤਾ ਹੈ, ਸੁਭਾਅ ਦਾ ਬਹੁਤ ਵਧੀਆ ਹੈ। ਉਹਦੀ ਘਰ ਵਾਲੀ ਵੀ ਬਹੁਤ ਸੁੱਘੜ ਔਰਤ ਹੈ। ਇਹਨਾਂ ਦੇ ਦੋ ਨਿਆਣੇ ਨੇ, ਮੁੰਡਾ ਤੇ ਕੁੜੀ। ਬੱਚੇ ਪੜ੍ਹਨ ਨੂੰ ਹੁਸ਼ਿਆਰ ਹਨ। ਐਸ ਔਰਤ ਨੇ ਛੋਟੀਆਂ-ਛੋਟੀਆਂ ਕਮੇਟੀਆਂ ਪਾ ਕੇ ਆਪਣੇ ਘਰ ਦਾ ਤੋਰਾ ਤੋਰਿਆ ਹੋਇਆ ਹੈ। ਕਿਸ਼ਤਾਂ ਉੱਤੇ ਲਈ ਸਕੂਟੀ ਦਾ ਸਾਰਾ ਕਰਜ਼ ਇਹਨਾਂ ਉਤਾਰ ਦਿੱਤਾ ਹੈ। ਆਪਣੀ ਮਿਹਨਤ ਕਰਦੇ ਨੇ, ਪਰ ਕੁਦਰਤ ਤੋਂ ਡਰਦੇ ਹਨ, ਐਸੇ ਲਈ ਇਹ ਗੁਰੂ ਇਹਨਾਂ ਦਾ ਸਹਾਰਾ ਬਣੇ ਨੇ। ਕਈ ਵਧੀਆ ਲੋਕਾਂ ਨਾਲ ਇਹਨਾਂ ਦਾ ਮੇਲ ਮਿਲਾਪ ਹੋਇਆ ਹੈ। ਉਹ ਇਹਨਾਂ ਨੂੰ ਗੁਰਭਾਈ ਵਾਲੀ ਇੱਜ਼ਤ ਦਿੰਦੇ ਨੇ। ਬੰਦਾ ਕਿੰਨੀਆਂ ਛੋਟੀਆਂ-ਛੋਟੀਆਂ ਇੱਛਾਵਾਂ ਨਾਲ ਜਿਉਂਦਾ ਹੈ।

ਐਸੇ ਡੇਰੇ ਦਾ ਦੂਜਾ ਬੰਦਾ, ਜੋ ਸਾਡੇ ਅੜਿੱਕੇ ਚੜ੍ਹਿਆ ਉਹ ਇੱਕ ਪਿੰਡ ਦਾ ਸਰਪੰਚ ਹੈ। ਪਿੰਡ ਰਿਜ਼ਰਵ ਹੋ ਗਿਆ, ਤਾਂ ਇਹਦਾ ਦਾਅ ਲੱਗ ਗਿਆ। ਬਹੁਤਾ ਪੜ੍ਹਿਆ ਲਿਖਿਆ ਤਾਂ ਨਹੀਂ ਹੈ, ਪਰ ਚਾਲੂ ਬਹੁਤ ਹੈ। ਆਪਣੇ ਪਿੰਡ ਦੇ ਹੀ ਕਈ ਲੋਕਾਂ ਨੂੰ ਗੁਰੂ ਵਾਲੇ ਬਣਾ ਦਿੱਤਾ ਹੈ। ਦਿਨਾਂ ਵਿੱਚ ਹੀ ਪਿੰਡ ਦੇ ਕਈ ਪ੍ਰੋਜੈਕਟ ਸ਼ੁਰੂ ਹੋ ਗਏ। ਸਰਕਾਰੀ ਗਰਾਂਟ ਸੱਭ ਤੋਂ ਪਹਿਲਾਂ ਲੈ ਗਿਆ। ਪਹਿਲਾਂ ਆਪਣੇ ਆਪ ਨੂੰ ਬਸਪਾ ਦਾ ਲੀਡਰ ਦੱਸਦਾ ਰਿਹਾ, ਚੋਣ ਜਿੱਤ ਜਾਣ ਤੋਂ ਬਾਅਦ ਕਾਂਗਰਸ ਦੀ ਝੋਲੀ ਚਲਿਆ ਗਿਆ। ਕਾਂਗਰਸ ਦਾ ਰਾਜ ਸੀ, ਇਹਦੇ ਵਾਰੇ-ਨਿਆਰੇ ਹੋ ਗਏ। ਛੱਪੜ ਪੂਰ ਕੇ ਪਾਰਕ ਬਣਾ ਦਿੱਤਾ ਗਿਆ। ਇੱਕ ਕੋਲ ਪੰਚਾਇਤੀ ਜ਼ਮੀਨ ਠੇਕੇ ਉੱਤੇ ਸੀ, ਛੁਡਵਾ ਕੇ ਆਪਣੇ ਬੰਦੇ ਨੂੰ ਦੇ ਦਿੱਤੀ। ਬਸ ਵੈਰ ਸ਼ੁਰੂ। ਹੌਲੀ-ਹੌਲੀ ਰਾਜਨੀਤੀ ਗਰਮ ਹੁੰਦੀ ਜਾ ਰਹੀ ਹੈ। ਇਹਦਾ ਡੇਰੇ ਉੱਤੇ ਵੀ ਦਬਦਬਾ ਵੱਧ ਰਿਹਾ ਹੈ। ਬਹੁਤ ਸਾਰੇ ਮੋਹਰੀ ਬੰਦੇ ਇਹਦੀ ਸਲਾਹ ਲੈ ਕੇ ਚੱਲਦੇ ਹਨ। ਕਿਉਂਕਿ ਇਹਨੂੰ ਅਖਬਾਰਾਂ ਵਾਲੇ ਵੀ ਬਹੁਤ ਜਾਣਦੇ ਹਨ, ਐਸ ਲਈ ਡੇਰੇ ਦੀ ਪਬਲੀਸਿਟੀ ਦਾ ਜ਼ਿੰਮਾ ਵੀ ਇਹਦਾ ਹੋ ਗਿਆ ਹੈ। ਇਹਨੂੰ ਫੋਨ ਕਰੋ ਤਾਂ ਕਾਲਰ ਟਿਊਨ  ਵੱਜਦੀ ਹੈ- ਸ਼ਾਮਾਂ ਢਲ ਆਈਆਂ, ਰਾਂਝਾ ਨਹੀਂ ਆਇਆ, ਬੇਲੇ ਖ਼ੈਰ ਹੋਵੇ। ਆਪਾਂ ਇਹਦੇ ਉੱਤੇ ਨਿਗਾਹ ਰੱਖਾਂਗੇ। ਹਾਲ ਦੀ ਘੜੀ ਏਨੀ ਇਨਫਾਰਮੇਸ਼ਨ ਬਹੁਤ ਹੈ। ਬਾਕੀ ਬੰਦਿਆਂ ਦਾ ਇਹ ਪ੍ਰਤੀਨਿਧਿਤਵ ਕਰਨਗੇ। ਜੈ ਬਾਬੇ ਦੀ।

***********

**ਇੱਕ ਹੋਰ ਉਧਾਰਾ ਜ਼ਖਮ**

ਕਲਾਸੀਕਲ ਦੇ ਸ਼ੌਦਾਈ ਐਸ ਐਸ ਮੀਂਹਮਲ ਦੀ ਆਪਾਂ ਪਹਿਲਾਂ ਗੱਲ ਕਰ ਆਏ ਹਾਂ। ਉਹੀ ਜਿਹਦਾ ਪੁੱਤ ਮੰਦਬੁੱਧੀ ਹੈ। ਉਹਦੀ ਇੱਕ ਹੋਰ ਕਰਤੂਤ ਜੇ ਤੁਹਾਨੂੰ ਦੱਸ ਦਿਆਂ ਤਾਂ ਆਪਾਂ ਸਮੇਂ ਦੀ ਨਬਜ਼ ਵੀ ਪਹਿਚਾਣ ਸਕਾਂਗੇ। ਆਪਾਂ ਨੂੰ ਆਪਣੇ ਖੁਦ ਬਸਾਏ ਸ਼ਹਿਰ ਦੀ ਨੀਂਹ ਦੀ ਇੱਟ ਮਿਲ ਜਾਵੇਗੀ। ਵੈਸੇ ਇੱਕ ਗੱਲ ਚੰਗੀ ਇਹ ਹੈ ਕਿ ਅਸੀਂ ਪਹਿਲਾਂ ਵਸੇ ਹੋਏ ਸ਼ਹਿਰ ਨੂੰ ਹੀ ਨਵੀਂ ਤਰਤੀਬ ਦੇ ਲਈ, ਨਹੀਂ ਤਾਂ ਨਵਾਂ ਬਨਾਉਣ ਵਿੱਚ ਹੀ ਸਾਰੀ ਅਨਰਜੀ ਜ਼ਾਇਆ ਹੋ ਜਾਣੀ ਸੀ। ਅੱਜਕੱਲ÷  ਤਾਂ ਵੈਸੇ ਵੀ ਕਰੇ-ਕਰਾਏ ਦਾ ਰਿਵਾਜ਼ ਹੈ। ਹੋਟਲ ਜਾਵੋ ਤੇ ਪਰ ਪਲੇਟ ਬੁੱਕ ਕਰਵਾ ਕੇ ਨਿਸ਼ਚਿੰਤ ਹੋ ਜਾਵੋ। ਚਿੰਤਾ ਵਾਲੀ ਕੋਈ ਗੱਲ ਨਹੀਂ। ਮਕਾਨ ਬਣਿਆ ਬਣਾਇਆ ਲੈ ਲਵੋ। ਬਸ ਗ੍ਰਹਿ ਪ੍ਰਵੇਸ਼। ਪਾਠ ਕੀਤਾ ਕਰਾਇਆ ਮਿਲ ਜਾਂਦਾ ਹੈ। ਹਵਨ ਕੀਤਾ ਕਰਾਇਆ ਮਿਲ ਜਾਂਦਾ ਹੈ। ਸੱਭ ਧਰਮ ਫਿਰਾਖ ਦਿਲ ਹੋ ਗਏ ਨੇ। ਹੁਣ ਕੋਈ ਕੱਟੜਤਾ ਨਹੀਂ ਹੈ। ਤੁਸੀਂ ਹਿੰਦੂ ਹੋ ਤਾਂ ਕੀ ਹੈ, ਤੁਸੀਂ ਪਾਠ ਕੀਤਾ ਕਰਾਇਆ ਲੈ ਲਵੋ। ਗੱਲ ਤਾਂ ਗ੍ਰਹਿ ਪ੍ਰਵੇਸ਼ ਦੀ ਹੀ ਹੈ।

ਖੈਰ ਆਪਾਂ ਗੱਲ ਮੀਂਹਮਲ ਦੀ ਕਰ ਰਹੇ ਸੀ। ਉਹਨੀਂ ਦਿਨੀ ਇਹ ਆਪਣੇ ਆਪ ਨੂੰ ਕਾਮਰੇਡ ਕਹਾਉਂਦਾ ਹੁੰਦਾ ਸੀ। ਆਪਣੇ ਸ਼ਹਿਰ ਦਾ ਸੀ ਪੀ ਆਈ ਦਾ ਜ਼ਿਲ੍ਹਾ ਸੈਕਟਰੀ ਜਿਹੜਾ, ਉਹ ਵੀ ਇਹਦੇ ਨਾਲ ਹੁੰਦਾ ਸੀ। ਇਹਨਾਂ ਦੀ ਪੰਜ-ਸੱਤ ਬੰਦਿਆਂ ਦੀ ਜੁੰਡਲੀ ਸੀ। ਇਹਨਾਂ ਨੇ ਉਦੋਂ ਮਿਲ ਕੇ ਇੱਕ ਪ੍ਰੈਸ ਲਾਈ। ਨਾਮ ਰੱਖਿਆ- ਸਾਮਜਵਾਦੀ ਕੋਅਪਰੇਟਿਵ ਪ੍ਰਿੰਟਿੰਗ ਪ੍ਰੈਸ। ਕੰਮ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਕੰਮ ਚੱਲ ਨਿਕਲਿਆ। ਏਨਾ ਕੰਮ ਕਿ ਪੰਜਾਹ ਤੋਂ ਉੱਤੇ ਵਰਕਰ ਹੋ ਗਏ। ਕੰਪੋਜ਼ਿਟਰ, ਡਿਸਟੀਬਿਊਟਰ, ਮਸ਼ੀਨਮੈਨ, ਪੇਪਰਮੈਨ, ਇੰਕਮੈਨ, ਹੈੱਡ ਸਾਹਬ ਤੇ ਸੇਵਾਦਾਰ। ਕਮਾਲ ਹੋ ਗਈ। ਅਠਾਅਠ, ਅਠਾਅਠ। ਕੰਮ ਤੇਜ਼। ਫਿਰ ਹਰ ਹੀਲਾ ਵਰਤਿਆ ਕੰਮ ਲਈ। ਸਾਰੇ ਧੰਨ-ਧੰਨ ਕਰਵਾ ਦਿੱਤੀ। ਫਿਰ ਦੌਰ ਆ ਗਿਆ ਕੰਪਿਊਟਰ ਦਾ। ਹੈਰਾਨੀ ਵਾਲੀ ਗੱਲ ਕਿ ਸਵੇਰੇ ਜਦੋਂ ਸਾਰੇ ਕੰਮ ਉੱਤੇ ਪਹੁੰਚੇ ਤਾਂ ਉੱਥੇ ਪੁਲਿਸ ਤੈਨਾਤ ਸੀ। ਕਿਸੇ ਨੂੰ ਵੀ ਕੰਮ ਉੱਤੇ ਲੱਗਣ ਨਹੀਂ ਦਿੱਤਾ ਗਿਆ। ਬਿਨਾਂ ਕਿਸੇ ਨੋਟਿਸ ਦੇ ਸਮਾਜਵਾਦੀ ਪ੍ਰਿੰਟਿੰਗ ਪ੍ਰੈਸ ਬੰਦ। ਸਾਰੇ ਬੇਰੋਜ਼ਗਾਰ। ਅਵਾਕ ਰਹਿ ਗਏ। ਹੁਣ ਕੀ ਹੋਵੇ, ਸੁੱਝੇ ਕੁਝ ਨਾ। ਉੱਥੇ ਕੰਪਿਊਟਰ ਪਹੁੰਚ ਗਏ ਸਨ ਤੇ ਕੰਮ ਕਰਨ ਵਾਲੇ ਨਵੇਂ। ਪੁਲਸ ਦੀ

ਧਾੜ ਪੂਰੇ ਰੌਂਅ ਵਿੱਚ। ਵਰਕਰਾਂ ਨੇ ਇੱਕ ਵਕੀਲ ਨਾਲ ਸਲਾਹ ਕਰਕੇ ਦਫਤਰ ਸਾਹਮਣੇ ਧਰਨਾ ਮਾਰ ਦਿੱਤਾ। ਫਿਰ ਕੇਸ ਚੱਲਿਆ। ਆਪਾਂ ਇਹ ਤਾਂ ਨਹੀਂ ਦੱਸਦੇ ਕਿ ਉਦੋਂ ਕਿਹਦਾ-ਕਿਹਦਾ ਕੀ-ਕੀ ਰੋਲ ਰਿਹਾ, ਪਰ ਏਨਾ ਜ਼ਰੂਰ ਹੈ ਕਿ ਉਦੋਂ ਕੇਂਦਰ ਵਿੱਚ ਸਾਂਝੇ ਮੋਰਚੇ ਦੀ ਸਰਕਾਰ ਸੀ। ਕਿਉਂਕਿ ਇਹਨਾਂ ਨਾਲ ਆਪਾਂ ਬਹੁਤਾ ਵਾਸਤਾ ਨਹੀਂ ਰੱਖਣਾ, ਆਪਾਂ ਤਾਂ ਸਮੇਂ ਦੀ ਨਬਜ਼ ਦੇਖਣੀ ਹੈ ਐਸ ਲਈ ਓਸ ਸਮੇਂ ਨੂੰ ਸਮਝਣ ਲਈ ਇਹ ਉਦਾਹਰਨ ਬਹੁਤ ਮਹੱਤਵਪੂਰਨ ਹੈ। ਆਪਾਂ ਅੱਗੇ ਦੇਖਾਂਗੇ ਕਿ ਸਮਾਂ ਬੰਦੇ ਨੂੰ ਕੀ-ਕੀ ਰੰਗ ਦਿਖਾਉਂਦਾ ਹੈ। ਐਸ ਵਾਸਤੇ ਸਾਨੂੰ ਇਹਨਾਂ ਸਾਰੇ ਵਰਕਰਾਂ ਦੇ ਓਸ ਸਮੇਂ ਦੇ ਹਾਲਾਤ ਤੇ ਉਹਨਾਂ ਦੀ ਲੜਾਈ ਜਾਂ ਕਹਿ ਲਵੋ ਜ਼ਿੰਦਗੀ ਚਲਾਉਣ ਲਈ ਕੀਤੀ ਜਦੋ-ਜਹਿਦ ਸੱਭ ਕੁਝ ਬਾਰੇ ਦੱਸ ਦੇਵੇਗੀ। ਹੁਣ ਆਪਾਂ ਬਿਨਾਂ ਕਿਸੇ ਦੇਰੀ ਇੱਕ-ਇੱਕ ਵਰਕਰ ਕੋਲ ਚਲਦੇ ਹਾਂ।

**ਹੌਟ ਸੀਟ 'ਤੇ ਪ੍ਰੇਮ- ਮਾਪਿਆਂ ਨੇ ਪਤਾ ਨਹੀਂ ਕੀ ਸੋਚ ਕੇ ਇਹਦਾ ਨਾਮ ਪ੍ਰੇਮ ਰੱਖਿਆ ਹੋਵੇਗਾ। ਵੈਸੇ ਇਹਨਾਂ ਲੋਕਾਂ ਦੇ ਘਰੀਂ ਪ੍ਰੇਮ ਨਾਮ ਦੀ ਕੋਈ ਚੀਜ਼ ਹੋ ਨਹੀਂ ਸਕਦੀ। ਸਾਰੀ ਉਮਰ ਤਾਂ ਦੁੱਖ-ਕਲੇਸ਼ ਤੇ ਬੱਚੇ ਪਾਲਣਾ ਹੀ ਹੁੰਦਾ ਹੈ। ਔਰਤ ਸਿਰਫ ਬੱਚੇ ਪੈਦਾ ਕਰਦੀ ਹੈ। ਮਰਦ ਕਦੇ ਉਹਦਾ ਨੰਗ ਨਹੀਂ ਦੇਖ ਸਕਦਾ। ਚੌਵੀ ਘੰਟੇ ਚਉਂ-ਚਉਂ। ਇੱਕੋ ਕਮਰੇ ਵਿੱਚ ਪੰਜ ਜੀਅ ਸੁੱਤੇ ਪਏ ਨੇ। ਫਿਰ ਪ੍ਰੇਮ ਵੱਡਾ ਹੋ ਗਿਆ। ਕੰਮ ਸਿੱਖਣ ਲਈ ਆਪਣੇ ਗਵਾਂਢੀ ਦੇ ਨਾਲ ਇੱਕ ਕੰਪੋਜ਼ਿੰਗ ਹਾਓਸ ਵਿੱਚ ਚਲਿਆ ਗਿਆ। ਅੱਠਵੀਂ ਤੱਕ ਪੜ੍ਹ ਗਿਆ ਸੀ, ਐਸ ਲਈ ਜਲਦੀ ਕੰਮ ਸਿੱਖ ਗਿਆ। ਹੱਥਾਂ ਵਿੱਚ ਬਿਜਲੀ ਸੀ ਉਹਦੇ। ਮਿੰਟਾਂ ਵਿੱਚ ਗੇਲੀ ਤਿਆਰ ਕਰ ਦਿੰਦਾ। ਡਿਸਟੀਬਿਉਸ਼ਨ ਨੂੰ ਵੀ ਹੱਥ ਓਨਾ ਹੀ ਤੇਜ਼। ਆਖਿਰ ਕਿਸੇ ਸਿਫਾਰਸ਼ ਨਾਲ ਸਮਾਜਵਾਦੀ ਪ੍ਰਿਟਿੰਗ ਪ੍ਰੈਸ ਵਿੱਚ ਪਹੁੰਚ ਗਿਆ। ਨੌਕਰੀ ਕਮਾਲ ਦੀ। ਕੰਮ ਰਿੜ੍ਹ ਪਿਆ ਤਾਂ ਵਿਆਹ ਵੀ ਹੋ ਗਿਆ। ਬੱਚੇ ਹੋ ਗਏ। ਪੜ੍ਹਨੇ ਪਾ ਦਿੱਤੇ। ਘਰ ਦਾ ਗੁਜ਼ਾਰਾ ਮੁਸ਼ਕਿਲ, ਪਰ ਚੱਲਦਾ ਗਿਆ। ਮੁੰਡਾ ਜਵਾਨ ਹੋਊਗਾ, ਤਾਂ ਬਥੇਰਾ ਕਮਾ ਲਊਗਾ। ਅਸੀਂ ਤਾਂ ਪੜ੍ਹੇ ਨਹੀਂ, ਪਰ ਇਹਨਾਂ ਨੂੰ ਜ਼ਰੂਰ ਪੜ੍ਹਾਉਣਾ ਹੈ। ਪੜ੍ਹਾਈ ਸਿਖਰ ਵੱਲ ਪਹੁੰਚੀ ਤਾਂ ਨੌਕਰੀ ਤੋਂ ਜਵਾਬ ਹੋ ਗਿਆ। ਕੰਪਿਊਟਰ ਨੇ ਖਾ ਲਈ ਨੌਕਰੀ। ਪ੍ਰੈਸ ਬੰਦ, ਰੋਟੀ ਬੰਦ, ਸੱਭ ਰਾਹ ਬੰਦ।**

ਤੁਸੀਂ ਕਹੋਗੇ ਕਿ ਸੱਭ ਰਾਹ ਕਿਵੇਂ ਬੰਦ। ਲੋਕ ਤਾਂ ਕਹਿੰਦੇ ਨੇ ਕਿ ਇੱਕ ਰਾਸਤਾ ਬੰਦ ਹੋਵੇ ਤਾਂ ਵੀਹ ਹੋਰ ਖੁੱਲ੍ਹ ਜਾਂਦੇ ਨੇ। ਪਰ ਇੱਥੇ ਇਵੇਂ ਹੀ ਹੋਇਆ ਜਨਾਬ। ਕਮਰੇ ਅੰਦਰ ਕੰਮ ਕਰਦੇ ਹੋਣ ਕਰਕੇ ਸੁੱਖ ਰਹਿਣੇ ਹੋ ਗਏ। ਪ੍ਰੇਮ ਨੇ ਸੋਚਿਆ ਕਿ ਸੱਭ ਤੋਂ ਸੌਖਾ ਕੰਮ ਪੇਂਟ ਕਰਨਾ ਹੈ। ਉਹ ਕੰਮ ਸ਼ੁਰੂ ਕਰ ਲਿਆ। ਫਿਲੌਰ ਵਿੱਚ ਇੱਕ ਠੇਕੇਦਾਰ ਦੇ ਨਾਲ ਕੰਮ ਕਰਨ ਲੱਗ ਪਿਆ। ਉੱਥੇ ਵੱਡੇ-ਵੱਡੇ ਚੱਕਿਆਂ ਨੂੰ ਪੇਂਟ ਕਰਨ ਦਾ ਕੰਮ ਮਿਲ ਗਿਆ ਸੀ। ਉਹਨਾਂ ਚੱਕਿਆਂ ਨੂੰ ਪੇਂਟ ਕਰਨ ਲਈ ਏਧਰ-ਓਧਰ ਉਲੱਦਣਾ-ਪੁਲੱਦਣਾ ਪੈਂਦਾ ਸੀ। ਜ਼ੋਰ ਦਾ ਕੰਮ ਸੀ। ਦੋ ਚਾਰ ਦਿਨ ਕੀਤਾ, ਫੇਰ ਔਖਾ ਹੋ ਗਿਆ। ਕੰਮ ਬੰਦ ਕਰਕੇ ਦੌੜ ਆਇਆ। ਕੰਪੋਜ਼ਿੰਗ ਕਰ ਸਕਦਾ ਸੀ, ਪਰ ਸਮੇਂ ਦਾ ਗੇੜ ਕਿ ਸ਼ਹਿਰ ਵਿੱਚ ਸਾਰੇ ਕੰਪੋਜ਼ਿੰਗ ਹਾਓਸ ਕੰਪਿਊਟਰ ਨਾਲ ਕੰਮ ਕਰਨ ਲੱਗੇ ਸਨ। ਕੰਪਿਊਟਰ ਇਹਨਾਂ ਲਈ ਆਫਤ ਬਣ ਗਿਆ। ਫਿਰ ਇੱਕ ਛੋਟਾ ਜਿਹਾ ਕੰਮ ਮਿਲ ਗਿਆ। ਸਲਿੱਪਾਂ ਵਗੈਰਾ ਛਾਪਦਾ ਸੀ ਉਹ, ਬਿੱਲਾ ਕੰਪੋਜ਼ਿੰਗ ਵਾਲਾ। ਉਹਦਾ ਬੰਦਾ ਕਿਤੇ ਚਲਿਆ ਗਿਆ ਤਾਂ ਪ੍ਰੇਮ ਨੂੰ ਕੰਮ ਮਿਲ ਗਿਆ। ਸੁੱਖ ਦਾ ਸਾਹ ਲਿਆ। ਮਹੀਨਾ ਭਰ ਕੰਮ ਕੀਤਾ। ਮਹੀਨੇ ਬਾਦ ਬਿੱਲੇ ਨੇ ਪੈਸੇ ਮਾਰਕੇ ਕੰਮ ਤੋਂ ਜਵਾਬ ਦੇ ਦਿੱਤਾ। ਫਿਰ ਇੱਕ ਫਰਮ ਵਿੱਚ ਚਪੜਾਸੀ ਦੀ ਨੌਕਰੀ ਕਰ ਲਈ। ਰੋਟੀ ਦੇ ਲਾਲੇ ਨੇ ਉਦੋਂ ਤੋਂ। ਤਿੰਨ ਜਗ੍ਹਾ ਨੌਕਰੀ ਬਦਲ ਚੁੱਕਿਆ ਹੈ। ਕੰਪੋਜ਼ਿੰਗ ਹਾਓਸ ਵਿੱਚ ਉਹਨੂੰ ਓਸਤਾਦ ਕਹਿੰਦੇ ਸਨ, ਇੱਥੇ ਦੁਰ-ਦੁਰ ਹੁੰਦੀ ਤਾਂ ਕਲੇਜਾ ਪਾਟਦਾ। ਪਰ ਬੱਚਿਆਂ ਦੇ ਪੇਟ ਨੂੰ ਝੁਲਕਾ ਤਾਂ ਦੇਣਾ ਹੀ ਹੈ, ਸੋ ਬੇਇੱਜ਼ਤੀ ਮਨਜ਼ੂਰ ਹੈ। ਬੇਟੇ ਨੇ ਪੜ੍ਹਾਈ ਛੱਡ ਦਿੱਤੀ ਹੈ। ਉਹ ਕਾਰਪੇਂਟਰ ਦਾ ਕੰਮ ਸਿੱਖ

ਰਿਹਾ ਹੈ। ਪ੍ਰੇਮ ਨੂੰ ਉਮੀਦ ਹੈ ਕਿ ਕਦੇ ਨਾ ਕਦੇ ਤਾਂ ਦਿਨ ਫਿਰਨਗੇ। ਇਹਨਾਂ ਲੋਕਾਂ ਦੀ ਇੱਕ ਖ਼ੂਬੀ ਹੈ ਕਿ ਇਹ ਮਰਦੇ ਨਹੀਂ। ਕਿਸੇ ਨਾ ਕਿਸੇ ਤਰ੍ਹਾਂ ਜ਼ਿੰਦਾ ਰਹਿੰਦੇ ਨੇ। ਖ਼ਬਰੇ ਰੱਬ ਨੂੰ ਦੰਦੀਆਂ ਚਿੜ੍ਹਾਉਣ ਲਈ ਜ਼ਿੰਦਾ ਰਹਿੰਦੇ ਹੋਣ।

ਪਰਗਣ ਸਿੰਘ ਦੀ ਬਲ਼ੀ- ਇਹ ਸਰਦਾਰ ਜੀ ਇੱਥੇ ਡਿਸਟੀਬਿਉਟਰ ਸਨ। ਇੱਕ ਲਾਈਨ ਚੁੱਕਦੇ ਤੇ ਟੈਬ ਛਿਣਾਂ ਵਿੱਚ ਹੀ ਆਪੋ-ਆਪਣੀ ਡੱਬੀ ਵਿੱਚ ਜਾ ਡਿੱਗਦਾ। ਇੰਝ ਲਗਦਾ ਸੀ ਕਿ ਟੈਬ ਨੂੰ ਖ਼ੁਦ ਹੀ ਪਤਾ ਹੈ ਕਿ ਕਿਸ ਖਾਨੇ ਵਿੱਚ ਜਾ ਕੇ ਡਿੱਗਣਾ ਹੈ। ਕਮਾਲ ਦੀ ਮੁਹਾਰਤ। ਜਦੋਂ ਇਹਨਾਂ ਨੂੰ ਨੌਕਰੀ ਤੋਂ ਜਵਾਬ ਹੋਇਆ, ਉਦੋਂ ਇਹਦੀ ਬੀਵੀ ਮੰਜੇ ਨਾਲ ਜੁੜੀ ਹੋਈ ਸੀ ਤੇ ਧੀ ਨੂੰ ਹਿਸਟੀਰੀਏ ਦੇ ਦੌਰੇ ਪੈਂਦੇ ਸਨ। ਉਹਨੀਂ ਦਿਨੀਂ ਇਹ ਆਪਣੇ ਭਰਾ ਨਾਲ ਇੱਕੋ ਹੀ ਘਰ ਵਿੱਚ ਰਹਿੰਦੇ ਸਨ। ਫਿਰ ਭਰਾ ਨੇ ਵੀ ਅੱਡ ਰਹਿਣ ਲਈ ਕਹਿ ਦਿੱਤਾ। ਘਰ ਵੀ ਭਰਾ ਦਾ ਹੀ ਸੀ। ਜੇ ਜੱਦੀ ਹੁੰਦਾ ਤਾਂ ਹਿੱਸਾ ਮੰਗ ਲੈਂਦਾ। ਇਹ ਆਪਣੇ ਸਹੁਰਿਆਂ ਦੇ ਲੁਧਿਆਣੇ ਆ ਗਿਆ। ਕਮਰਾ ਕਿਰਾਏ ਉੱਤੇ ਲੈ ਲਿਆ ਤੇ ਹੌਜਰੀ ਵਿੱਚ ਰੰਗਾਈ ਦੇ ਕੰਮ ਉੱਤੇ ਲੱਗ ਗਿਆ। ਕੁਝ ਮਹੀਨਿਆਂ ਵਿੱਚ ਹੀ ਅਬੀਬ ਕਿਸਮ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ। ਆਖਰ ਆਪ ਤੁਰ ਗਿਆ ਬਿਮਾਰ ਧੀ ਤੇ ਬੀਵੀ ਨੂੰ ਛੱਡ ਕੇ। ਹੁਣ ਉਹਨਾਂ ਦੋਵਾਂ ਦਾ ਕੀ ਹਾਲ ਹੈ ਸਾਨੂੰ ਪਤਾ ਨਹੀਂ। ਵੈਸੇ ਵੀ ਸਾਡੇ ਆਪਣੇ ਸ਼ਹਿਰ ਵਿੱਚ ਏਨੇ ਦੁਖੀ ਲੋਕ ਹਨ, ਅਸੀਂ ਬਿਗਾਨੇ ਸ਼ਹਿਰ ਦੇ ਲੋਕਾਂ ਦਾ ਭਾਰ ਕਿਉਂ ਆਪਣੇ ਸਿਰ ਲਈਏ? ਐਸ ਲਈ ਇਹਨਾਂ ਦੋਵੇਂ ਮਾਂਵਾਂ-ਧੀਆਂ ਨੂੰ ਮਰਨ ਦਿਓ, ਆਪ ਪਤਾਸੇ ਘੋਲ ਕੇ ਪੀਵੋ।

ਬਿੱਲੇ ਦਾ ਕੰਮ ਵਾਹਵਾ ਚੱਲ ਨਿਕਲਿਆ- ਬਿੱਲਾ ਇੱਥੇ ਮਸ਼ੀਨਮੈਨ ਸੀ। ਉਹ ਗਾਂਧੀ ਕੈਂਪ ਵਿੱਚੋਂ ਆਉਂਦਾ ਹੁੰਦਾ ਸੀ। ਐਸ ਮੁਹੱਲੇ ਦੀ ਗੱਲ ਦੱਸ ਦਿਆਂ ਕਿ ਇਹ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਦਾ ਮੁਹੱਲਾ ਹੈ। ਇੱਥੇ ਦੋ-ਦੋ ਮਰਲੇ ਵਿੱਚ ਜਿੰਨੇ ਵੀ ਲੋਕ ਰਹਿੰਦੇ ਨੇ, ਸਾਰੇ ਭਗਤ ਹਨ। ਮੇਘਾਂ ਤੋਂ ਆਰੀਆ ਸਮਾਜੀ ਹੋ ਚੁੱਕੇ ਲੋਕ। ਲਗਭਗ ਸਾਰੇ ਹੀ ਸਿਆਲਕੋਟੀੇ ਹਨ। ਉਜਾੜੇ ਦੌਰਾਨ ਆਪਣੇ ਨਾਲ ਸਰਜੀਕਲ ਤੇ ਖੇਡਾਂ ਦਾ ਸਾਮਾਨ ਤਿਆਰ ਕਰਨ ਦਾ ਹੁਨਰ ਲੈ ਆਏ, ਜਿਹਦੇ ਕਾਰਨ ਹੁਣ ਰੋਟੀ ਜੋਗੇ ਹੋ ਗਏ ਹਨ। ਬਿੱਲਾ ਵੀ ਇਹਨਾਂ ਲੋਕਾਂ ਵਿੱਚੋਂ ਹੀ ਸੀ। ਉਹਦੇ ਹੱਥ ਵਿੱਚ ਫੁੱਟਬਾਲ ਸੀਣ ਦਾ ਹੁਨਰ ਵੀ ਸੀ। ਵਿਹਲਾ ਹੋ ਜਾਣ ਤੋਂ ਬਾਦ ਉਹਨੇ ਫੁੱਟਬਾਲ ਸੀਣੇ ਸ਼ੁਰੂ ਕਰ ਦਿੱਤੇ। ਕੰਮ ਵਾਹਵਾ ਚੱਲ ਨਿਕਲਿਆ। ਫਿਰ ਉਹਨੇ ਨੇੜਲੇ ਪਿੰਡਾਂ ਦੇ ਗ਼ਰੀਬ ਲੋਕਾਂ ਨੂੰ ਫੁੱਟਬਾਲ ਦਾ ਕੰਮ ਦੇਣਾ ਸ਼ੁਰੂ ਕਰ ਦਿੱਤਾ। ਟਾਕੀਆਂ ਦੇ ਆਉਣੀਆਂ ਤੇ ਘੋਪੇ ਉਹਨਾਂ ਤੋਂ ਬਣਵਾ ਲੈਣੇ। ਘੋਪੇ ਆਪ ਜੋੜ ਲੈਣੇ। ਕੰਮ ਸੁਖਾਲਾ ਤੇ ਆਮਦਨ ਜ਼ਿਆਦਾ। ਕਹਿੰਦੇ ਨੇ ਕਿ ਇੱਥੋਂ ਕੰਮ ਤੋਂ ਕੱਢੇ ਜਾਣ ਦਾ ਸੱਭ ਤੋਂ ਵੱਧ ਫਾਇਦਾ ਬਿੱਲੇ ਨੂੰ ਹੋਇਆ। ਉਹਨੂੰ ਉਹ ਰਾਹ ਵੀ ਲੱਭ ਗਏ, ਜਿਹਨਾਂ ਬਾਰੇ ਉਹਨੇ ਕਦੇ ਸੋਚਿਆ ਵੀ ਨਹੀਂ ਸੀ। ਕੰਮ ਨੂੰ ਉਹ ਅੱਗੇ ਹੀ ਅੱਗੇ ਲੈ ਜਾਂਦਾ, ਜੇ ਵਿੱਚ ਚੀਨ ਦੀ ਮਾਰ ਨਾ ਪੈਂਦੀ। ਚੀਨ ਨੇ ਐਸਾ ਮਾਰਕੀਟ ਵਿੱਚ ਆਪਣੇ ਫੁੱਟਬਾਲ ਲਿਆ ਕੇ ਸੁੱਟੇ ਕਿ ਬਿੱਲੇ ਨੂੰ ਇੱਕ ਵਾਰ ਫਿਰ ਸਮਾਜਵਾਦੀ ਪ੍ਰਿੰਟਿੰਗ ਪ੍ਰੈਸ ਵਾਲਾ ਦੌਰ ਯਾਦ ਕਰਵਾ ਦਿੱਤਾ। ਬਿੱਲਾ ਹੁਣ ਹਿੰਮਤ ਹਾਰ ਚੁੱਕਿਆ ਹੈ। ਉਹਦੇ ਕੋਲ ਹੁਣ ਐਸ ਨਵੀਂ ਆਫਤ ਨਾਲ ਲੜਨ ਦੀ ਹਿੰਮਤ ਨਹੀਂ ਹੈ। ਉਹਨੇ ਅੱਜਕੱਲ ਜਗਰਾਤੇ ਵਾਲਿਆਂ ਨਾਲ ਜਾਣਾ ਸ਼ੁਰੂ ਕਰ ਦਿੱਤਾ ਹੈ। ਕੌਲੀ ਵਜਾ ਛੱਡੀ ਤੇ ਡੰਗ ਦੀ ਰੋਟੀ ਦਾ ਹੀਲਾ ਹੋ ਗਿਆ। ਬਾਕੀ ਸੱਭ ਕੁਝ ਹੁਣ ਅੱਲਾਹ ਆਸਰੇ ਹੀ ਹੈ।

ਅਸੀਂ ਰਹਿ ਗਏ ਹੱਥ ਮਲਦੇ- ਬਾਕੀ ਦਿਆਂ ਵਿੱਚੋਂ ਕੋਈ ਕਿਸੇ ਹਸਪਤਾਲ ਵਿੱਚ ਜਾ ਲੱਗਾ, ਕੋਈ ਹੋਟਲ ਦੇ ਬਾਹਰ ਚੌਕੀਦਾਰ ਬਣਕੇ ਬੂਟ ਖੜਕਾਉਣ ਲੱਗ ਪਿਆ, ਇੱਕ ਨੇ ਆਂਡਿਆਂ ਦੀ ਰੇਹੜੀ ਲਾ ਲਈ। ਓਸ ਰੇਹੜੀ ਵਾਲੇ ਕੋਲ ਮੈਂ ਪਿੱਛੇ ਜਿਹੇ ਗਿਆ ਤਾਂ ਉਹਦੀ ਹਾਲਤ ਦੇਖਕੇ ਦੰਗ ਰਹਿ ਗਿਆ। ਉਹ ਏਨੀ ਠੰਢ ਵਿੱਚ ਕੁੰਗੜਿਆ ਜਿਹਾ ਬੈਠਾ ਸੀ। ਮੈਂ ਆਂਡੇ

ਪੁੱਛੇ ਤਾਂ ਕਹਿੰਦਾ ਮੰਗਵਾਏ ਹੀ ਨਹੀਂ। ਕੀ ਕਾਰਣ? ਕਹਿੰਦਾ ਕਿ ਆਂਡੇ ਤਾਜ਼ਾ ਆ ਰਹੇ ਨੇ। ਗਾਹਕ ਨੂੰ ਛਿੱਲ ਕੇ ਦਿੰਦੇ ਹਾਂ ਤਾਂ ਨਾਲ ਹੀ ਸਾਰਾ ਸਮਾਨ ਲੱਥ ਜਾਂਦਾ ਹੈ। ਗਾਹਕ ਕਹਿੰਦਾ ਕਿ ਖਾਈਏ ਕੀ? ਐਸ ਲਈ ਮੰਗਵਾਉਣੇ ਈ ਬੰਦ ਕਰ ਦਿੱਤੇ। ਨਾਲੇ ਐਸ ਸਰਕਾਰ ਨੇ ਤਾਂ ਗ਼ਰੀਬਾਂ ਦਾ ਹੋਰ ਵੀ ਲਹੂ ਪੀ ਲਿਆ। ਵੀਹ ਰੁਪਏ ਦੀ ਮਿੱਟੀ ਦੇ ਤੇਲ ਦੀ ਬੋਤਲ ਮਿਲਦੀ ਆ। ਉਹਦਾ ਖਰਚ ਈ ਮਾਣ ਨਹੀਂ। ਗ਼ਰੀਬ ਤਾਂ ਹੁਣ ਰੇਹੜੀ ਵੀ ਨਹੀਂ ਲਾ ਸਕਦਾ। ਮੈਂ ਬਾਕੀਆਂ ਬਾਰੇ ਸੋਚਣਾ ਹੀ ਬੰਦ ਕਰ ਦਿੱਤਾ। ਯਾਰ ਇਹਨਾਂ ਦੀ ਹਾਲਤ ਦੇਖ ਕੇ ਡਰ ਆਉਂਦਾ ਹੈ। ਵਿਚਾਰੇ ਹੱਥ ਮਲਦੇ ਹੀ ਰਹਿ ਗਏ।

***************

ਸ਼ਹਿਰ ਸੇ ਲਾਪਤਾ ਹੋਤੀ ਲੜਕੀਆਂ

(ਇਹ ਸਾਰਾ ਮਗਜ਼ ਲੇਖਕ ਦਾ ਹੀ ਖਰਚ ਹੋਇਐ)

* ਸ਼ਹਿਰ ਵਿੱਚ ਕੁੱਝ ਸਲੱਮਜ਼ ਰੱਖਣੇ ਬਹੁਤ ਜ਼ਰੂਰੀ ਨੇ। ਇਹਨਾਂ ਸਲੱਮਜ਼ 'ਚ ਜਿਹੜੇ ਲੋਕ ਲੈ ਕੇ ਆਉਣੇ ਨੇ ਉਹ ਪਿੰਡਾਂ ਵਿੱਚੋਂ ਲੈ ਆਉਣੇ ਜਾਂ ਉਹ ਜਿਹਨਾਂ ਨੂੰ ਨਵੀਆਂ ਆਰਥਿਕ ਨੀਤੀਆਂ ਨੇ ਦਸਤਕਾਰੀ ਤੋਂ ਵਿਹਲੇ ਬੇਕਾਰ ਤੇ ਬਦਕਾਰ ਬਣਾ ਦਿੱਤਾ ਹੈ। ਮਸਲਨ ਇੱਕ ਪਿੰਡ ਵਿੱਚੋਂ ਆਪਾਂ ਇੱਕ ਬੰਦਾ ਤੇ ਦੋ ਓਸਦੇ ਮੁੰਡੇ ਲੈ ਆਉਣੇ ਨੇ। ਇਹ ਬੰਦਾ ਸਹੁਰਾ ਬੜਾ ਮਾੜਾ ਨਿਕਲਿਆ। ਗਰੀਬ ਰੱਜ ਕੇ ਸੀ। ਵਿਆਹ ਹੋ ਗਿਆ। ਘਰਵਾਲੀ ਮਧਰੀ ਜਿਹੀ, ਪਰ ਸੋਹਣੀ। ਉਹਨੇ ਆਉਂਦੀ ਨੇ ਘਰ ਤੋਰ ਲਿਆ। ਇੱਕ ਹਸਪਤਾਲ 'ਚ ਜਾ ਲੱਗੀ। ਸਫਾਈ ਕਰ ਦਿਆ ਕਰੇ, ਬਿਸਤਰਿਆਂ ਦੀਆਂ ਚਾਦਰਾਂ ਬਦਲੀ ਕਰ ਦਿੱਤੀਆਂ। ਇਹ ਆਪ ਮਚਲਾ ਹੋ ਗਿਆ, ਸਾਧੂ ਭੇਖ ਪਾ ਲਿਆ। ਫੁੱਲੀਆਂ ਵੰਡਦਾ ਫਿਰਿਆ ਕਰੇ। ਫਿਰ ਇਹਦੇ ਦੋ ਮੁੰਡੇ ਹੋ ਗਏ। ਘਰ ਉਵੇਂ ਹੀ ਗਰੀਬੀ। ਇੱਕ ਦਿਨ ਅਚਾਨਕ ਇਹਦੀ ਤੀਵੀਂ ਬਿਮਾਰ ਹੋ ਗਈ। ਇਲਾਜ ਲਈ ਪੈਸੇ ਕਿੱਥੇ ਸਨ। ਉਹਦੀ ਛਾਤੀ 'ਤੇ ਉਠਾ ਜਿਹਾ ਉੱਠਿਆ। ਮੰਜੇ ਨਾਲ ਮੰਜਾ ਹੋ ਗਈ। ਉਠਾ ਭਰ ਕੇ ਵਗਣ ਲੱਗ ਪਿਆ। ਕੋਈ ਅਤਾ-ਪਤਾ ਲੈਣ ਵੀ ਨਹੀਂ ਗਿਆ। ਇਹ ਆਪ ਹੀ ਓਹੜ-ਪੋਹੜ ਕਰਦਾ ਰਿਹਾ। ਫਿਰ ਉਹ ਜ਼ਖਮ ਬਹੁਤ ਡੂੰਘਾ ਹੋ ਗਿਆ। ਕੀੜੇ ਪੈ ਗਏ। ਤੇ ਕੀੜੇ ਹੌਲੀ-ਹੌਲੀ ਉਹਦਾ ਦਿਲ ਹੀ ਖਾ ਗਏ। ..... ਕਹਾਣੀ ਖਤਮ!

** ਇੱਕ ਮਿਡਲ ਕਲਾਸ ਦੀ ਕੁੜੀ ਵੀ ਇੱਥੇ ਵਸਾਉਣੀ ਹੈ। ਉਹਨੂੰ ਕਿਸੇ ਦਫਤਰ ਵਿੱਚ ਕੰਮ 'ਤੇ ਲਗਵਾ ਦੇਣਾ। ਫਿਰ ਉਹਦੇ ਬੌਸ ਨਾਲ ਰਿਲੇਸ਼ਨ ਕਾਇਮ ਕਰ ਦੇਣੇ। ਲੋਕਾਂ ਕੋਲ ਅਫਵਾਹਾਂ ਪਹੁੰਚਾਵਾਂਗੇ। ਐਸ ਕੰਮ ਲਈ ਕੋਹੜਿਆਂ ਨੂੰ ਐਸਤੇਮਾਲ ਕੀਤਾ ਜਾਵੇਗਾ। ਪਿਛਲਖੁਰੀ ਦਫਤਰ ਜਾਣ ਵਾਲੇ ਐਸ ਨਾਵਲ ਦੇ ਪਾਤਰ ਦੇ ਦਫਤਰ ਹੀ ਸੈੱਟ ਕਰਵਾਉਣਾ ਐਸ ਕੁੜੀ ਨੂੰ। ਉਹ ਵੀ ਡੋਰੇ ਪਾਏ ਇਹਦੇ 'ਤੇ। ਪਰ ਕੁੜੀ ਉਹਦੇ ਹੱਥੋਂ ਮਛਲੀ ਵਾਂਗ ਤਿਲਕ ਜਾਵੇ। ਉਹਦੀ 'ਆਹ!' ਨਿਕਲੇ। ਫਿਰ ਐਸ ਕੁੜੀ ਦਾ ਵਿਆਹ ਹੋ ਜਾਵੇ। ਇਹ ਸਹੁਰੇ ਘਰ ਚਲੀ ਜਾਵੇ। ਪੰਦਰਾਂ-ਵੀਹ ਦਿਨਾਂ 'ਚ ਹੀ ਟੈਂ..ਟੈਂ..ਪੈਂ...ਪੈਂ ਸ਼ੁਰੂ, ਇਹ ਬੇਰੰਗ ਵਾਪਸ। ਓਸੇ ਦਫਤਰ ਦੇ ਓਸੇ ਟੇਬਲ ਉੱਤੇ ਮੱਥਾ ਮਾਰ ਰਹੀ। ਵਿਆਹ ਵਾਲਾ ਸੀਨ ਜਿਵੇਂ ਸੁਪਨਾ ਹੀ ਹੋਵੇ।

ਇੰਞ ਆਪਾਂ ਕੁੜੀਆਂ ਖੁਦਕੁਸ਼ੀ ਵੱਲ ਨਹੀਂ ਤੋਰਨੀਆਂ।

*** ਇੱਕ ਕੁੜੀ ਹੋਰ ਰੱਖਣੀ ਚਾਹੀਦੀ ਹੈ, ਤੀਸਰਾ ਦਰਜਾ ਮੁਲਾਜ਼ਿਮ ਬਾਪ ਦੀ ਧੀ। ਉਮਰ ਉਹਦੀ ਵਿਆਹ ਤੋਂ ਲੰਘਦੀ ਜਾ ਰਹੀ ਹੋਵੇ। ਜਿਹੜਾ ਮੁੰਡਾ ਵੀ ਉਹਦੇ ਉੱਤੇ ਟਰਾਈ ਮਾਰੇ, ਕੁੜੀ ਪਹਿਲਾ ਸਵਾਲ ਹੀ ਇਹ ਕਰੇ ਕਿ ਮੇਰੀ ਫਲਾਣੀ ਜਾਤ ਹੈ, ਤੇਰੇ ਮਾਪੇ ਮੰਨ ਜਾਣਗੇ? ਫੇਰ ਉਹਦੇ ਵਿਆਹੇ ਹੋਏ ਦੋ-ਤਿੰਨ ਕੁਲੀਗਜ਼ ਨਾਲ ਰਿਲੇਸ਼ਨ ਬਨਣਗੇ, ਪਰ

ਆਪਾਂ ਉਹਦਾ ਵਿਹਾਰ ਠੰਡਾ ਹੀ ਰੱਖਣਾ ਹੈ। ਉਹ ਨਹੀਂ ਕਦੇ ਵੀ ਕਿਸੇ ਹਰਕਤ ਦਾ ਹੁੰਗਾਰਾ ਭਰਦੀ। ਬਸ ਵਿਛ ਜਿਹੀ ਜਾਵੇ। ਅਗਲਾ ਬੰਦਾ ਜਦੋਂ ਉਹਨਾਂ 'ਘਸਿਆਰੇ ਪਲਾਂ' ਵਿੱਚੋਂ ਬਾਹਰ ਆਵੇ ਤਾਂ ਸ਼ਰਮਿੰਦਾ ਜਿਹਾ ਹੋਵੇ। ਫੇਰ ਏਸ ਕੁੜੀ ਦਾ ਵਿਆਹ ਹੋ ਜਾਵੇ ਕਿਸੇ ਬਦੇਸ਼ੀ ਨਾਲ। ਮਹੀਨੇ ਬਾਦ ਉਹ ਬਦੇਸ਼ ਵਾਪਸ। ਇਹ ਸੱਸ-ਸਹੁਰੇ ਦੀ ਗੁਲਾਮ। ਇੱਕੋ ਕਮਰੇ 'ਚ ਕੁੱਕੜੀ ਵਾਂਗ ਤੜੀ ਰਹੇ। ਨੌਕਰੀ ਨਹੀਂ ਕਰਨੀ। ਸੱਸ-ਸਹੁਰੇ ਦੀ ਪੈਨਸ਼ਨ ਆਉਂਦੀ ਹੈ ਇੰਗਲੈਂਡੋਂ। ਖਾਣ-ਪੀਣ ਸੌਖਾ। ਪਰ ਇਹ ਜਿਹਨੇ ਪੰਦਰਾਂ ਸਾਲ ਨੌਕਰੀ ਕੀਤੀ ਹੈ, ਉਹ ਤਾੜ ਹੋ ਕੇ ਕਿਵੇਂ ਰਹੇ? ਫੇਰ ਇਹਦੇ ਘਰਵਾਲੇ ਦਾ ਇਹਨੂੰ ਫੋਨ ਆਉਣੋਂ ਹੀ ਬੰਦ। ਆਲੇ-ਦੁਆਲੇ ਰਿਸ਼ਤੇਦਾਰੀ 'ਚੋਂ ਖਬਰ ਮਿਲੇ ਕਿ ਉਹਨੇ ਤਾਂ ਉੱਥੇ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾ ਰੱਖਿਆ ਹੈ। ਫੇਰ ਇਹਦੇ ਰੋਸੇ। ਸੰਕਟ। ਪਰ ਇਹ ਰੋਂਦੀ ਨਹੀਂ ਕਦੇ ਵੀ। ਪੱਥਰ ਜਿਹੀ ਹੋ ਗਈ। ਫੇਰ ਇਹ ਬਾਪ ਘਰ ਆ ਬੈਠੇ। ਬਸ!

ਇਵੇਂ ਦੀਆਂ ਆਪਾਂ ਨਾਵਲ ਵਿੱਚ ਕਈ ਕੁੜੀਆਂ ਰੱਖਣੀਆਂ ਨੇ। ਇਹ ਬਹੁਤ ਜ਼ਰੂਰੀ ਨੇ। ਨਹੀਂ ਤਾਂ ਸਮਾਜ ਦੀ ਤਸਵੀਰ ਪੂਰੀ ਦਿਖਾਈ ਨਹੀਂ ਦੇਣੀ।

**** ਇੱਕ ਕੁੜੀ ਆਪਾਂ ਗਰੀਬ ਬੁੱਕ ਬਾਈਂਡਰ ਦੀ ਰੱਖਣੀ ਆ। ਉਹ ਤਿੰਨ ਭੈਣਾਂ ਹੋਣਗੀਆਂ। ਜਿਹੜੀ ਸੱਭ ਤੋਂ ਛੋਟੀ ਹੋਵੇਗੀ, ਉਹਦੇ ਡੋਲੀ ਵਾਲੀ ਕਾਰ ਵਿੱਚ ਬੈਠਣ ਵੇਲੇ ਜੋ ਕਲੇਸ਼ ਹੋਵੇਗਾ, ਉਹ ਸੀਨ ਫਿੱਟ ਕਰਾਂਗੇ। ਨੌਕਰੀ ਕਰਦਿਆਂ ਉਹਦੇ ਸੰਬੰਧ ਆਪਣੇ ਓਸ ਕੁਲੀਗ ਨਾਲ ਬਣ ਜਾਣਗੇ, ਜਿਹੜਾ ਖੁਦ ਇੱਕ ਬੱਚੇ ਦਾ ਪਿਓ ਹੈ ਤੇ ਤਲਾਕਸ਼ੁਦਾ ਵੀ। ਇਹਨਾਂ ਦੇ ਸੰਬੰਧ ਸਿਖਰ ਛੂਹ ਜਾਣਗੇ। ਕੁੜੀ ਨਿਧੜਕ ਉਹਦੇ ਕਿਰਾਏ ਵਾਲੇ ਕਮਰੇ ਵਿੱਚ ਜਾਵੇਗੀ। ਰਾਤ ਵੀ ਰਹੇਗੀ। ਫੇਰ ਉਹਦੇ ਵਿਆਹ ਦਾ ਦਿਨ ਆਵੇਗਾ ਤਾਂ ਇਹ ਬੰਦਾ ਕਲੇਸ਼ ਖੜ੍ਹਾ ਕਰ ਦੇਵੇਗਾ। ਆਪ ਸਾਹਮਣੇ ਨਹੀਂ ਆਵੇਗਾ। ਬੱਸ ਮੋਬਾਇਲ ਫੋਨ 'ਤੇ ਹੀ ਧਮਕੀਆਂ ਦਈ ਜਾਵੇਗਾ। ਕੁੜੀ ਮੋਬਾਇਲ ਬੰਦ ਵੀ ਨਹੀਂ ਕਰੇਗੀ। ਡੋਲੀ ਵਾਲੀ ਕਾਰ 'ਚ ਬੈਠਦਿਆਂ ਹੀ ਮੈਸੇਜ ਬਹੁਤ ਜ਼ਿਆਦਾ ਆਉਣ ਲੱਗਣਗੇ। ਕੁੜੀ ਤਾਂ ਵੀ ਮੋਬਾਇਲ ਬੰਦ ਨਹੀਂ ਕਰੇਗੀ। ਓਸਤੋਂ ਬਾਦ ਕੀ ਹੋਇਆ, ਕੀ ਨਹੀਂ, ਪਰ ਉਹ ਕੁੜੀ ਹੁਣ ਆਪਣੇ ਬੱਚਿਆਂ ਦੀਆਂ ਫੋਟੋ ਫੇਸਬੁੱਕ ਉੱਤੇ ਅਪਲੋਡ ਕਰਦੀ ਹੈ। ਓਸਦੀ ਪ੍ਰੋਫਾਈਲ ਫੋਟੋ ਦੱਸਦੀ ਹੈ ਕਿ ਉਹ ਬਿੰਦੀ ਲਾ ਕੇ ਰੱਖਦੀ ਹੈ। ਚਿਹਰਾ ਸਹਿਜ ਹੈ।

ਉਹਦੀ ਘਰ-ਗ੍ਰਿਹਿਸਤੀ ਵਧੀਆ ਤੁਰ ਪਈ ਲੱਗਦੀ ਹੈ!

ਲੇਖਕ ਦੀ ਡਾਇਰੀ : ਤੁਮਹੇਂ ਹਮ ਵਲੀ ਸਮਝਤੇ

ਮੈਂ ਹੈਰਾਨ, ਉਹ ਦਫਤਰ ਪਹੁੰਚ ਗਈ ਸੀ। ਮੈਂ ਨਹੀਂ ਸੀ ਚਾਹੁੰਦਾ ਕਿ ਉਹ ਏਥੇ ਆਵੇ। ਪਰ ਉਹ ਤਾਂ ਆ ਧਮਕੀ। ਕਈ ਕੁੱਝ ਮੇਰੇ ਜ਼ਿਹਨ ਵਿੱਚ ਦੀ ਲੰਘ ਗਿਆ। ਜ਼ਖਮ ਵੀ ਕਰ ਗਿਆ। ਮੇਰੇ ਨਾਲ ਵਾਲੀ ਕੁਰਸੀ 'ਤੇ ਆ ਕੇ ਉਹ ਬੈਠ ਗਈ। ਮੈਂ ਸਰਸਰੀ ਜਿਹਾ ਸਵਾਗਤ ਕੀਤਾ ਤੇ ਆਪਣੀ ਨਿਗਾਹ ਕੰਪਿਉਟਰ 'ਤੇ ਗੱਡ ਦਿੱਤੀ। ਕੁੱਝ ਟਾਈਪ ਕਰਨ ਲੱਗਾ, ਇਹ ਦੱਸਣ ਵਾਸਤੇ ਕਿ ਤੁਸੀਂ ਆ ਤਾਂ ਗਏ ਹੋ, ਪਰ ਮੈਂ ਕੁੱਝ ਵਿਅਸਤ ਹਾਂ। ਮੇਰੇ ਸਾਰੇ ਐਕਸ਼ਨ ਇਹੀ ਕਹਿ ਰਹੇ ਸਨ, ਹਾਲਾਂਕਿ ਪਤਾ ਨਹੀਂ ਉਹ ਐਸ ਸੁਨੇਹੇ ਨੂੰ ਪੜ÷ ਸਕੀ ਸੀ ਜਾਂ ਨਹੀਂ। ਪਰ ਓਸਨੂੰ ਪੜ÷ ਲੈਣਾ ਚਾਹੀਦਾ, ਆਖਿਰ ਉਹ ਵੀ ਇੱਕ ਲੇਖਕ ਹੈ। ਸ਼ਬਦ ਦੇ ਬੰਦੇ ਨੇ ਤਾਂ ਸਿਰਫ ਇਸ਼ਾਰਾ ਹੀ ਫੜਨਾ ਹੁੰਦਾ। ਖੈਰ!

'ਕੀ ਹੋਇਆ ਸੀ ਤੁਹਾਨੂੰ?'

ਮੈਂ ਨਹੀਂ ਸੀ ਚਾਹੁੰਦਾ ਕਿ ਉਹ ਇਹ ਸਵਾਲ ਕਰੇ। ਪਰ ਉਹਨੇ ਤਾਂ ਦੋ ਹਰਫੀ ਇਹੋ ਸਵਾਲ ਕੀਤਾ। ਮੈਂ ਆਪਣੇ ਅੰਦਰਲੇ ਕਪਟ ਨੂੰ ਕੱਸ ਕੇ ਫੜ ਲਿਆ। 'ਪਤਾ ਹੀ ਨਹੀਂ ਲੱਗਿਆ। ਤੁਹਾਡੀਆਂ ਕਵਿਤਾਵਾਂ ਨੇ ਅਸਰ ਹੀ ਏਨਾ ਕਰਤਾ। ਮੈਨੂੰ ਤਾਂ ਸਮਝ ਹੀ ਕੁੱਝ ਨਹੀਂ ਆਇਆ।'

'ਮੈਂ ਵੀ ਕਹਾਂ ਕਿ ਇਹ ਏਨੇ ਹਾਈਪਰ ਕਿਵੇਂ ਹੋ ਗਏ? ਚਲੋ ਕੋਈ ਨਾ। ਮੈਨੂੰ ਵੈਸੇ ਗੱਲਾਂ ਕਰਨੀਆਂ ਚੰਗੀਆਂ ਲਗਦੀਆਂ ਨੇ। ਮੈਂ ਤੁਹਾਡੇ ਕੋਲ ਕੁੱਝ ਦੇਰ ਰੁਕਾਂਗੀ। ਮੇਰਾ ਮਨ ਕਰਦੈ। ਪਾਣੀ ਪਿਲਾ ਦੇਵੋਗੇ? ਬਾਹਰ ਤਾਂ ਗਰਮੀ ਬਹੁਤ ਹੈ। ਮੈਂ ਰਿਕਸ਼ੇ ਵਾਲੇ ਨੂੰ ਕਿਹਾ ਕਿ ਏਧਰ ਵਾਲੀ ਗਲੀ ਪਾ ਲੈ, ਉਹ ਤਾਂ ਮਰ ਜਾਣਾ ਹੋਰ ਹੀ ਰਸਤੇ ਲੈ ਗਿਆ। ਪਰ ਮੰੈ ਫੇ ਟੋਕਿਆ ਨਹੀਂ। ਧੁੱਪ ਵੀ ਬਾਹਲੀ ਹੈ ਅੱਜ। ਪਾਣੀ ਤੁਸੀਂ ਦਫਤਰ ਨਹੀਂ ਰੱਖਿਆ? ਹੋਰ ਕੋਈ ਨਹੀਂ ਤੁਹਾਡੇ ਨਾਲ ਦਫਤਰ?' ਮੈਂ ਜੋ ਨਹੀਂ ਚਾਹੁੰਦਾ, ਉਹੀ ਹੋਈ ਜਾ ਰਿਹਾ ਹੈ। ਮੇਰੇ ਅੰਦਰਲਾ ਚੋਰ ਹੋਰ ਮਚਲਾ ਹੋ ਰਿਹੈ।

'ਮੈਂ ਨਾ ਜ਼ਿੰਦਗੀ 'ਚ ਬਹੁਤ ਦੁੱਖ ਦੇਖਿਆ ਹੈ। ਮੇਰੀ ਇੱਕ ਮੁੰਡੇ ਨਾਲ ਗੱਲਬਾਤ ਹੋ ਗੀ ਜਵਾਨੀ ਵੇਲੇ। ਮੈਂ ਉਹਦੇ ਨਾਲ ਵਿਆਹ ਕਰਵਾ ਲਿਆ। ਵਿਆਹ ਤੋਂ ਹਫਤਾ ਬਾਦ ਹੀ ਉਹਦੀ ਮਾਂ ਨੇ ਸਾਨੂੰ ਘਰੋਂ ਬਾਹਰ ਕਰਤਾ। ਅਸੀਂ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗ ਪਏ। ਹਫਤਾ ਬਾਦ ਤੋਂ ਹੀ ਉਹਨੇ ਮੈਨੂੰ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ। ਬਹੁਤ ਕੁੱਟਦਾ ਸੀ। ਮੈਂ ਸੋਚਿਆ ਚਲੋ ਠੀਕ ਹੋਜੂ। ਪਰ ਉਹ ਕਿੱਥੇ। ਫੇਰ ਮੇਰੇ ਬੇਟਾ ਪੈਦਾ ਹੋ ਗਿਆ। ਮੈਂ ਆਪਣੀ ਭੈਣ ਦੇ ਘਰ ਆ ਗਈ। ਤਿੰਨ ਕੁ ਮਹੀਨਿਆਂ ਮਗਰੋਂ ਵਾਪਸ ਗਈ ਤਾਂ ਪਤਾ ਲੱਗਾ ਕਿ ਉਹ ਤਾਂ ਮਹੀਨਾ ਪਹਿਲਾਂ ਮਰ ਗਿਆ। ਉਹਦੇ ਘਰਦਿਆਂ ਮੈਨੂੰ ਸੁਨੇਹਾ ਤੱਕ ਨਾ ਦਿੱਤਾ। ਫਿਰ ਮੇਰੇ ਬੁਰੇ ਹਾਲਾਤ ਸ਼ੁਰੂ ਹੋ ਗਏ। ਮੈਂ ਕਿਤੇ ਹੋਰ ਜਗ÷ ਾ ਕਮਰਾ ਕਿਰਾਏ ਉੱਤੇ ਲੈ ਲਿਆ। ਪਿਓ ਮੇਰਾ ਭਾਰ ਚੁੱਕਣ ਜੋਗਾ ਹੈ ਨਹੀਂ ਸੀ। ਪਰ ਇਹ ਸਾਰੇ ਹਿੱਲ ਗਏ ਮੇਰੇ ਨਾਲ ਹੋਈ ਸੁਣ ਕੇ। ਮੇਰੇ ਕੋਲ ਮੰਜਾ ਖਰੀਦਣ ਲਈ ਜਾਂ ਚਾਦਰ ਖਰੀਦਣ ਲਈ ਵੀ ਪੈਸੇ ਨਹੀਂ ਸਨ। ਮੈਂ ਆਪਣੀ ਸਹੇਲੀ ਦੇ ਘਰੋਂ ਮੰਜਾ ਤੇ ਚਾਦਰ ਲੈ ਕੇ ਆਈ। ਤਿੰਨ ਦਿਨ ਭੁੱਖੀ ਹੀ ਰਹੀ। ਬੱਚੇ ਨੂੰ ਵੀ ਦੁੱਧ ਨਾ ਦੇ ਸਕੀ। ਫੇਰ ਹਿੰਮਤ ਕਰਕੇ ਆਪਣੀ ਭੈਣ ਕੋਲੋਂ ਕੁੱਝ ਪੈਸੇ ਲੈ ਕੇ ਆਈ। ਉਹਨੀਂ ਵੀ ਅੱਖਾਂ ਫੇਰ ਲਈਆਂ ਸਨ। ਪਰ ਪਤਾ ਨਹੀਂ ਕਿਵੇਂ ਇੱਕ ਵਾਰ ਪੈਸੇ ਦੇ ਦਿੱਤੇ। ਮੁੜਕੇ ਕਦੇ ਪੈਸੇ ਮੰਗਣ ਦੀ ਮੇਰੀ ਹਿੰਮਤ ਈ ਨਹੀਂ ਪਈ। ਉਹ ਉਦੋਂ ਦੇ ਈ ਮਿਲਣੋਂ ਹਟੇ ਹੋਏ ਨੇ। ਮਿਲਦੇ ਈ ਨਹੀਂ। ਖੈਰ ਜੀ ਮੈਂ ਇੱਕ ਅਖਬਾਰ ਵਿੱਚ ਜਾ ਲੱਗੀ। ਇੱਕ ਕੁੜੀ ਰੱਖ ਲਈ ਬੱਚਾ ਸੰਭਾਲਣ ਲਈ। ਆਪ ਦੇਰ ਰਾਤ ਨੌਕਰੀ ਤੋਂ ਆਉਣਾ। ਮਾੜੇ ਦਿਨ ਸਨ। ਪੰਜਾਬ ਦੇ ਹਾਲਾਤ ਵੀ ਠੀਕ ਨਹੀਂ ਸਨ। ਫੇਰ ਜੀ ਇੱਕ ਦਿਨ ਰਿਕਸ਼ੇ ਵਾਲੇ ਨੇ ਹੀ ਰਾਤ ਨੂੰ ਮੇਰੇ ਨਾਲ ਗਲਤ ਹਰਕਤ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਹਦੇ ਰਿਕਸ਼ੇ 'ਚੋਂ ਉਤਰ ਗਈ। ਸਮਝ ਲਵੋ ਦੌੜ ਕੇ ਈ ਜਾਨ ਬਚਾਈ। ਅੱਧੀ ਰਾਤ ਦਾ ਵੇਲਾ। ਘਰ ਆਈ ਤਾਂ ਉਹ ਕੁੜੀ ਵਿਚਾਰੀ ਵੀ ਘਬਰਾ ਗਈ। ਫੇਰ ਮੈਂ ਦੂਜੇ ਦਿਨ ਅਖਬਾਰ ਦੇ ਮਾਲਿਕ ਨਾਲ ਗੱਲ ਕੀਤੀ ਤਾਂ ਉਹਨੇ ਕਿਹਾ ਕਿ ਪਹਿਲਾਂ ਦੱਸਣਾ ਸੀ। ਫਿਰ ਜੀ ਉਹਨਾਂ ਨੇ ਰਾਤ ਨੂੰ ਮੈਨੂੰ ਘਰ ਛੱਡਣ ਵਾਸਤੇ ਜੀਪ ਭੇਜ ਦਿਆ ਕਰਨੀ।' ਇਹ ਨਾਨ-ਸਟਾਪ ਬੋਲੀ ਜਾ ਰਹੀ ਹੈ।

'ਫੇਰ ਜੀ ਮੈਨੂੰ ਉਹ ਨੌਕਰੀ ਛੱਡਣੀ ਪੈ ਗਈ। ਮੈਂ ਟਰਾਂਸਲੇਸ਼ਨ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਂ ਕਿਤਾਬਾਂ ਵਾਲੀਆਂ ਦੁਕਾਨਾਂ ਉੱਤੇ ਤੁਰੀ ਫਿਰਨਾ। ਕਦੇ ਕੰਮ ਮਿਲ ਜਾਣਾ ਕਦੇ ਨਾ ਮਿਲਣਾ। ਇੱਕ ਜੋਤਿਸ਼ ਦੀਆਂ ਕਿਤਾਬਾਂ ਛਾਪਣ ਵਾਲੀ ਦੁਕਾਨ ਸੀ। ਉਹਦਾ ਮਾਲਕ ਲਾਲਾ ਬਹੁਤ ਗੰਦਾ ਸੀ। ਉਹ ਕੱਛਾ ਬਨੈਣ ਪਾ ਕੇ ਗੱਦੀ ਉੱਤੇ ਬੈਠਾ ਪੱਦ ਮਾਰਦਾ ਰਹਿੰਦਾ। ਉਹਦੇ ਕੋਲੋਂ ਬਹੁਤ ਗੰਦੀ ਹਵਾੜ ਆਉਂਦੀ ਸੀ। ਉਹਨੇ ਬਿਠਾਉਣਾ ਵੀ ਬਿਲਕੁਲ ਕੋਲ ਈ। ਮੈਨੂੰ ਜ਼ਰੂਰਤ ਸੀ, ਮੈਂ ਬੈਠੀ ਰਹਿਣਾ। ਸ਼ਾਮ ਜਿਹੀ ਨੂੰ ਉਹਨੇ ਕਹਿਣਾ ਕਿ 'ਹੁਣ ਆਹ ਕਿਤਾਬ ਲੈ ਜਾ ਤੇ ਟਰਾਂਸਲੇਟ ਕਰਕੇ ਲੈ ਆਵੀਂ।' ਫਿਰ

ਉਹਨੇ ਮਰ ਜਾਣੇ ਨੇ ਇੱਕ ਦਿਨ ਕਿਹਾ ਕਿ ਤੂੰ ਮੇਰੇ ਘਰੇ ਆ ਜਾਇਆ ਕਰ। ਮੈਂ ਇਕੱਲਾ ਈ ਰਹਿੰਦਾ ਆਂ। ਮੈਂ ਉਹਦੀ ਰਗ਼ ਸਮਝ ਗਈ। ਕੀ ਕਰ ਸਕਦੀ ਸੀ। ਮੁੜ ਉਹਦੀ ਦੁਕਾਨ ਉੱਤੇ ਕਦੇ ਪੈਰ ਨਾ ਪਾਇਆ। ਉਹਨੇ ਮੇਰੇ ਰਹਿੰਦੇ ਪੈਸੇ ਮਾਰ ਈ ਲਏ। ਇੱਕ ਦਿਨ ਮੈਂ ਉਹਦੀ ਦੁਕਾਨ 'ਤੇ ਜਾ ਕੇ ਉਹ ਲਾਹ-ਪਾਹ ਕੀਤੀ ਕਿ ਸਾਰੀ ਜ਼ਿੰਦਗੀ ਯਾਦ ਰੱਖੂ। ਨਾਲੇ ਪੈਸੇ ਲੈ ਕੇ ਆਈ। ਓਸ ਦਿਨ ਪਤਾ ਨਹੀਂ ਮੈਨੂੰ ਕੀ ਹੋ ਗਿਆ। ਮੈਂ ਗਈ ਤਾਂ ਕਿਤੋਂ ਹੋਰ ਕੰਮ ਫੜਨ ਵਾਸਤੇ ਸਾਂ, ਪਰ ਉੱਥੇ ਵੀ ਕੰਮ ਨਾ ਮਿਲਿਆ। ਮੇਰਾ ਹੱਥ ਤੰਗ ਬਹੁਤ ਸੀ। ਮੈਂ ਓਸ ਲਾਲੇ ਵੱਲ ਨੂੰ ਹੋ ਗਈ। ਰੋਹ ਪਤਾ ਨਹੀਂ ਕਿੱਥੋਂ ਚੜ÷ ਆਇਆ ਸੀ ਓਸ ਦਿਨ ਮੈਨੂੰ।' ਇਹਨੇ ਨਹੀਂ ਚੁੱਪ ਕਰਨਾ। ਮੈਨੂੰ ਈ ਕੁੱਝ ਕਰਨਾ ਪੈਣਾ। ਮੈਂ ਆਪਣੇ ਬਹੁਤ ਜ਼ਿਆਦਾ ਵਿਅਸਤ ਹੋਣ ਦਾ ਐਂਗਲ ਕਰੀਏਟ ਕਰ ਲਿਆ। ਏਨਾ ਖੁੱਭ ਗਿਆ ਕੰਪਿਉਟਰ ਵਿੱਚ ਕਿ ਦੇਖਣ ਵਾਲਾ ਚੰਗੀ ਤਰ÷ ਾਂ ਸਮਝ ਸਕਦਾ ਹੈ ਕਿ ਹੁਣ ਇਹਦੇ ਤੋਂ ਬਾਦ ਤਾਂ ਚਲਿਆ ਹੀ ਜਾਣਾ ਚਾਹੀਦਾ। ਪਰ ਉਹ ਕਿੱਥੇ। ਉਹ ਤਾਂ ਬੋਲੀ ਹੀ ਤੁਰੀ ਜਾ ਰਹੀ ਸੀ, ' ਮੈਂ ਵੈਸੇ ਗੱਲਬਾਤ ਕਰਨ ਨੂੰ ਚੰਗਾ ਸਮਝਦੀ ਆਂ। ਤੁਸੀਂ ਗੱਲਾਂ ਕਰ ਲਿਆ ਕਰੋ। ਮੈਨੂੰ ਵੀ ਚੰਗਾ ਈ ਲੱਗੂ। ਹੁਣ ਦੇਖੋ ਨਾ ਉਹ ਆਪਣਾ ਕਵੀ ਜਿਹੜਾ ਹੈ, ਉਹ ਸਾਡੇ ਘਰੇ ਆਉਂਦਾ ਸੀ। ਮੇਰੇ ਬੱਚਿਆਂ ਨੂੰ ਵੀ ਪਤਾ ਸੀ ਉਹਦੇ ਬਾਰੇ। ਉਹ ਹੁਣ ਮੂੰਹ ਈ ਫੇਰ ਗਿਆ। ਖੈਰ ਕੀ ਕਿਹਾ ਜਾ ਸਕਦਾ ਕਿਸੇ ਨੂੰ।'

ਹੁਣ ਮੈਂ ਏਨਾ ਤੰਗ ਆ ਗਿਆ ਹਾਂ ਕਿ ਕਹਿ ਹੀ ਦਿੱਤਾ ਹੈ ਪਈ ਤੁਸੀਂ ਅੱਜ ਇੱਥੋਂ ਚਲੇ ਜਾਓ, ਫੇਰ ਕਿਸੇ ਦਿਨ ਆਪਾਂ ਬੈਠਾਂਗੇ। ਉਹ ਚਲੇ ਗਈ ਤਾਂ ਮੈਂ ਗਜ਼ ਲੰਮਾਂ ਹੌਕਾ ਮਾਰਿਆ।

ਪ੍ਰੇਮ ਲਤਾ ਨੂੰ ਮਰਦ ਫੋਬੀਆ

1. ਪ੍ਰੇਮ ਲਤਾ ਦੀ ਵਾਲ ਤੋਂ-

ਸਰੂਪਨਖ਼ਾ ਨੇ ਅਜਿਹਾ ਕਿਹੜਾ ਅਪਰਾਧ ਕਰ ਦਿੱਤਾ ਕਿ ਓਸਦਾ ਨੱਕ ਵੱਢ ਦਿੱਤਾ ਗਿਆ। ਓਸਨੂੰ ਇੱਕ ਮਰਦ ਨਾਲ ਪ੍ਰੇਮ ਹੋ ਗਿਆ ਸੀ, ਤੇ ਓਸਨੇ ਐਸ ਪ੍ਰੇਮ ਦਾ ਇਜ਼ਹਾਰ ਕਰ ਦਿੱਤਾ ਸੀ।

ਹੁਣ ਜੇਕਰ ਵਿਆਹੇ-ਵਰੇ ਬੰਦੇ ਨਾਲ ਪ੍ਰੇਮ ਕਰਨਾ ਏਨਾ ਈ ਪਾਪ ਹੈ ਤਾਂ ਰਾਮ ਦੇ ਪਿਓ ਦੀਆਂ ਤਿੰਨ-ਤਿੰਨ ਤੀਵੀਆਂ ਕਿਉਂ ਸਨ?

ਕੁਮੈਂਟਸ-

ਮਿਸ਼ਰਾ- ਤੁਸੀਂ ਵੀ ਕੀ ਜੇ.ਐੱਨ.ਯੂ ਤੋਂ ਹੋ?

ਗੁਪਤਾ- ਇਜ਼ਹਾਰ ਤੇ ਜ਼ਿੱਦ ਦੋ ਅਲੱਗ-ਅਲੱਗ ਚੀਜ਼ਾਂ ਨੇ।

ਬੋਸ- ਲਤਾ ਜੀ, ਕੀ ਰਾਮ ਕਥਾ ਇਤਿਹਾਸ ਹੈ? ਜਾਂ ਸਿਰਫ ਕਲਪਨਾ?

2. ਪ੍ਰੇਮ ਲਤਾ ਦੀ ਵਾਲ ਤੋਂ-

ਸੀਤਾ ਦਾ ਅਸਲੀ ਪ੍ਰੇਮੀ ਕੌਣ ਸੀ? ਉਹ ਰਾਵਣ ਜਿਸਨੇ ਉਹਦੀ 'ਹਾਂ' ਦਾ ਇੰਤਜ਼ਾਰ ਕੀਤਾ ਕਿ ਜਾਂ ਉਹ ਰਾਮ ਜਿਸਨੇ ਓਸ 'ਤੇ ਵਿਸ਼ਵਾਸ ਹੀ ਨਹੀਂ ਕੀਤਾ?

ਕੁਮੈਂਟਸ-

ਸੰਤੋਸ਼- ਸੀਤਾ ਦੇ ਪ੍ਰੇਮ ਦੇ ਅਭਿਲਾਸ਼ੀ ਤਾਂ ਸਵੰਬਰ ਵਿੱਚ ਪਹੁੰਚੇ ਸਾਰੇ ਰਾਜੇ ਸਨ।

ਸਿੰਘ- ਰਾਵਣ ਵੀ ਨਹੀਂ ਸੀ, ਓਸਨੇ ਕਿਹਾ ਸੀ ਕਿ ਤੇਰੇ ਕੋਲ ਮੇਰੀ ਚੋਣ ਤੋਂ ਇਲਾਵਾ ਕੋਈ ਰਾਹ ਹੀ ਨਹੀਂ ਹੈ। ਮੈਂ ਤੇਰੀ ਉਡੀਕ ਕਰਾਂਗਾ।

ਸ਼ਰਨ- ਪ੍ਰੇਮ ਦੀ ਤਲਾਸ਼ ਕਰਦੀ ਹੀ ਕਿਉਂ ਹੈ ਔਰਤ?

ਪਠਾਣ-ਰਾਵਣ।

3. ਪ੍ਰੇਮ ਲਤਾ ਦੀ ਵਾਲ ਤੋਂ-

ਸੀਤਾ ਕਿੰਨੀ ਤੰਗ ਆ ਚੁੱਕੀ ਹੋਵੇਗੀ ਰਾਮ ਤੋਂ ਅਤੇ ਮਰਦਾਂ ਦੀ ਦੁਨੀਆ ਤੋਂ। ਉਹਨਾਂ ਦੇ ਸ਼ੱਕ, ਹੰਕਾਰ,ਦਮਨ,ਤਾਕਤ ਤੇ ਚਾਲੂਪੁਣੇ ਤੋਂ, ਜਦੋਂ ਉਹਨੂੰ ਕਹਿਣਾ ਪਿਆ ਹੋਊ, 'ਧਰਤੀ ਮਾਤਾ ਮੈਨੂੰ ਵਿਹਲ ਦੇ ਦਿਓ। ਮੈਂ ਤੇਰੇ ਅੰਦਰ ਸਮਾਅ ਜਾਣਾ ਚਾਹੁੰਦੀ ਹਾਂ।'

ਕਹਾਣੀ ਹੀ ਖ਼ਤਮ।

ਕੁਮੈਂਟਸ-

ਸਰਘੀ- ਲਤਾ, ਤੂੰ ਸੀਤਾ ਵਾਲੀ ਫਾਈਲ ਰੀਓਪਨ ਕਰ ਲਈ।

ਸਦੀਕੀ- ਕਾਹੇ ਪੰਗਾ ਲੇ ਰਹੀ ਹੈ ਰਾਸ਼ਟਰਵਾਦੀਓਂ ਸੇ?

ਅ. ਕੌਰ- ਸੀਤਾ ਅੱਜ ਵੀ ਧਰਤੀ 'ਚ ਸਮਾਅ ਜਾਂਦੀ ਹੈ।

4. ਪ੍ਰੇਮ ਲਤਾ ਦੀ ਵਾਲ ਤੋਂ-

ਅਸੀਂ ਸਾਰੇ ਆਪਣੀਆਂ ਲੜਾਈਆਂ 'ਚ ਕਿੰਨੇ ਇਕੱਲੇ ਹਾਂ। ਓਸ ਵਕਤ ਇੱਕ ਅਜੀਬ ਜਿਹੀ ਲਹਿਰ ਉੱਠੀ ਸੀ ਅੰਦਰੋਂ ਦੁੱਖ ਦੀ, ਜਦੋਂ ਇਰੋਮ ਸ਼ਰਮੀਲਾ ਨੇ ਕਿਹਾ ਸੀ ਕਿ ਉਹ ਵਿਆਹ ਕਰਨਾ ਚਾਹੁੰਦੀ ਹੈ।

ਕੁਮੈਂਟਸ-

ਅਰਵਿੰਦ- ਵਿਆਹ ਤਾਂ ਕਰਨਾ ਹੀ ਚਾਹੀਦਾ ਮੈਮ, ਆਪਣੇ ਆਪ ਨੂੰ ਬਦਲਨੇ ਦਾ ਸੁਖਦ ਅਨੁਭਵ। ਮੇਰਾ ਨਿੱਜੀ ਵਿਚਾਰ ਹੈ।

5. ਪ੍ਰੇਮ ਲਤਾ ਦੀ ਵਾਲ ਤੋਂ-

ਅਸੀਂ ਇੱਕ ਫਰੇਬੀ,ਲਾਲਚੀ ਤੇ ਮੱਕਾਰ ਦੇਸ਼ ਹਾਂ। ਕਿਤਾਬਾਂ 'ਚ ਪੜ÷ ਾਉਂਦੇ ਨੇ ਕਿ ਦੁੱਖ, ਘਾਟਾਂ, ਪਰੇਸਾਨੀਆਂ ਆਤਮਾ ਦਾ ਸਾਬਣ ਹੈ। ਤਕਲੀਫਾਂ ਸਾਨੂੰ ਨਿਖਾਰਦੀਆਂ ਨੇ। ਪਰੰਤੂ ਐਸ ਦੇਸ਼ ਦੀ ਗੁਲਾਮੀ,ਗਰੀਬੀ ਨੇ ਸਾਨੂੰ ਫਰੇਬੀ ਤੇ ਲਾਲਚੀ ਬਣਾਇਆ ਹੈ। ਨਹੀਂ ਅਸੀਂ ਸੱਚੇ-ਸੁੱਚੇ ਲੋਕ ਨਹੀਂ।

ਕੁਮੈਂਟਸ-

ਬਿੰਦੂ- ਹਮੇਸ਼ਾ ਸੱਭਿਆਤਾਵਾਂ ਨੂੰ ਭਾਰਤ ਦੇ ਪਤਨ ਦਾ ਦੋਸ਼ ਦੇ ਕੇ ਮਹਾਨਤਾ ਦੀ ਦੁਹਾਈ ਦੇਣ ਵਾਲੇ ਅਸੀਂ ਆਪਣੇ ਨੈਤਿਕ ਚਰਿੱਤਰ ਦੇ ਗਲਮੇਂ 'ਚ ਝਾਕ ਨਹੀਂ ਸਕੇ।

6. ਪ੍ਰੇਮ ਲਤਾ ਦੀ ਵਾਲ ਤੋਂ-

ਹੁਣੇ-ਹੁਣੇ ਕਿਸੇ ਦੋਸਤ ਨੇ ਗੱਲਾਂ-ਗੱਲਾਂ ਵਿੱਚ ਦੱਸਿਆ ਕਿ ਹੁਣ ਸਲੀਪਿੰਗ ਬਰਾਅ ਵੀ ਆ ਗਈ ਹੈ ਮਾਰਕੀਟ ਵਿੱਚ। ਸੌਂਦੇ ਵਕਤ ਪਹਿਨਣ ਲਈ। ਬਿਨਾਂ ਵਾਇਰ-ਟਾਇਰ ਵਾਲੀ।

ਮੈਂ ਸਿਰ ਪਿੱਟ ਲਿਆ ਆਪਣਾ। ਹੁਣ ਸੌਂਦੇ ਵਕਤ ਵੀ ਨਹੀਂ ਚੈਨ ਲੈਣ ਦੇਣਗੇ ਕਿ?

ਕੁਮੈਂਟਸ-

ਮੀਨਾ-ਡਾਕਟਰ ਤਾਂ ਮਨ੍ਹਾਂ ਕਰਦੇ ਨੇ ਪਹਿਨਣੋਂ।

ਕਾਇਆ- ਬਾਜ਼ਾਰ।

ਮੋਨਿਕਾ- ਕੰਪਨੀ ਵਾਲੇ ਸਵੇਰੇ-ਸ਼ਾਮ, ਰਾਤ-ਦਿਨ, ਗਰਮੀ,ਬਸੰਤ,ਸਰਦੀ,ਬਾਰਿਸ਼, ਸੱਭ ਮੌਸਮਾਂ ਲਈ ਬਹੱਤਰ ਤਰ੍ਹਾਂ ਦੀਆਂ ਬਰਾਅ ਬਣਾਈ ਬੈਠੇ ਨੇ। ਸਲੀਪਿੰਗ ਬਰਾਅ ਤਾਂ ਹੱਦ ਈ ਹੋਗੀ!

7. ਪ੍ਰੇਮ ਲਤਾ ਦੀ ਵਾਲ ਤੋਂ-

ਪਤਨੀ ਨੂੰ ਕੁੱਟਣਾ ਕਦੋਂ ਬੰਦ ਕਰੋਗੇ?

ਇਹ ਤਾਂ ਇੰਝ ਹੀ ਹੋਇਆ ਨਾ ਕਿ ਗਾਂ ਗੋਹਾ ਕਰਨੋਂ ਕਦੋਂ ਬੰਦ ਕਰੇਗੀ? ਔਰਤ ਨੂੰ ਕੁੱਟਣਾ ਦਾਲ-ਸਬਜ਼ੀ ਹੈ, ਰੋਜ਼-ਮਰਾ ਦਾ ਕੰਮ, ਤੇ ਦਾਲ-ਸਬਜ਼ੀ ਖਾਣਾ ਅਸੀਂ ਕਦੋਂ ਬੰਦ ਕਰ ਸਕਦੇ ਹਾਂ!

ਕੁਮੈਂਟਸ-

ਮੰਜ਼ਰੀ- ਲਾਹਨਣਤ ਭੇਜੋ ਇਹਨਾਂ ਨੂੰ।

ਮਿਨਾਕਸ਼ੀ- ਹਰ ਰੋਜ਼ ਦੀ ਖਬਰ। ਹੁਣ ਤਾਂ ਇਹਨਾਂ ਨੂੰ ਸ਼ਰਮ ਵੀ ਬੰਦ ਹੋ ਗਈ ਆਉਣੀ।

8. ਪ੍ਰੇਮ ਲਤਾ ਦੀ ਵਾਲ ਤੋਂ-

ਕਿਸੇ ਦੋਸਤ ਨੇ ਪੁੱਛਿਆ,' ਤੂੰ ਨਹੀਂ ਸਮਝਦੀ ਕਿ ਪਿਆਰ ਇੱਕ ਰਮਣੀਕ ਸੜਕ ਹੈ, ਜਿਸ 'ਤੇ ਚੱਲਿਆ ਜਾਣਾ ਤਾਹੀਦਾ ਹੈ?' ਮੈਂ ਕਿਹਾ,'ਹਾਂ, ਇਹ ਸੱਚ ਹੈ। ਪਰ ਮੈਂ ਜਦੋਂ ਵੀ ਐਸ ਉੱਤੇ ਚੱਲੀ ਹਾਂ, ਅੱਧ ਵਿਚਕਾਰ ਜਾ ਕੇ ਇਕੱਲੀ ਰਹਿ ਗਈ ਤੇ ਆਪਣਾ ਘਰ ਵੀ ਦੂਰ ਛੱਡ ਆਈ।.. ਐਸੇ ਕਰਕੇ ਮੈਂ ਐਸ ਯਾਤਰਾ ਤੋਂ ਪਰ੍ਹਾਂ ਹਾਂ ਤੇ ਆਪਣੇ ਘਰ ਮੁੜਨਾ ਚਾਹੁੰਦੀ ਹਾਂ।'

ਕੋਈ ਕੁਮੈਂਟ ਨਹੀਂ।

9. ਪ੍ਰੇਮ ਲਤਾ ਦੀ ਵਾਲ ਤੋਂ-

ਪੁਰਸ਼ ਸੁਭਾਅ ਵੱਸ ਹਿੰਸਕ ਹੁੰਦੇ ਨੇ। ਇਹ ਮਾਮਲਾ ਹਾਰਮੋਨਲ ਨਹੀਂ, ਸੋਸ਼ਲ ਹੈ। ਇਤਿਹਾਸ ਅਤੇ ਪਰਵਰਿਸ਼ ਦਾ ਨਤੀਜਾ।

ਕੋਈ ਕੁਮੈਂਟ ਨਹੀਂ।

10. ਪ੍ਰੇਮ ਲਤਾ ਦੀ ਵਾਲ ਤੋਂ-

ਸੋਚਦੀ ਹਾਂ ਕਿ ਨੌਕਰੀ ਛੱਡ ਕੇ ਕੋਈ ਆਪਣਾ ਕੰਮ ਕਰਾਂ। ਕੋਈ ਬਿਜ਼ਨਸ। ਜਿਵੇਂ ਕਿ ਬਿਊਟੀ ਪਾਰਲਰ ਹੀ ਖੋਲ੍ਹ ਲਵਾਂ। ਆਪਣੀ ਦੁਕਾਨ, ਆਪਣਾ ਸਮਾਨ। ਨਾ ਕੋਈ ਨੈੱਟਵਰਕਿੰਗ ਦੀ ਜ਼ਰੂਰਤ, ਨਾ ਸੈਟਿੰਗ ਦੀ। ਅਤੇ ਮਰਦਾਂ ਦਾ ਤਾਂ ਨਾਮੋ-ਨਿਸ਼ਾਨ ਈ ਨਹੀਂ।

ਉਹ ਕਹਿਣ ਲੱਗੀ, ਰਹਿਣ ਦੇ। ਤੇਰੇ ਕੋਲੋਂ ਨਹੀਂ ਹੋ ਪਾਉਣਾ। ਕੀ ਪਤਾ, ਬਿਊਟੀ ਟ੍ਰੀਟਮੈਂਟ ਕਰਨ ਦੀ ਥਾਂ ਤੂੰ ਔਰਤਾਂ ਨੂੰ ਬਿਊਟੀ ਮਿੱਥ ਪੜ੍ਹਾਉਣ ਲੱਗੇਂ। ਕੋਈ ਔਰਤ ਆਈ ਆਪਣੇ ਮੱਕਾਰ ਪਤੀ ਨੂੰ ਰਿਝਾਉਣ ਲਈ ਆਪਣੀ ਦੇਹ ਦੇ ਵਾਲ਼ ਸਾਫ ਕਰਾਉਣ, ਤੇ ਤੂੰ ਉਹਨੂੰ ਗਿਆਨ ਦੇਣ ਬਹਿ ਜਾਵੇਂ ਕਿ ਕੀ ਅਸੀਂ ਔਰਤਾਂ ਪਲਾਸਟਿਕ ਦੀਆਂ ਹਾਂ ਜੋ ਸਾਡੀ ਦੇਹ ਉੱਪਰ ਵਾਲ਼ ਨਹੀਂ ਹੋਣੇ ਚਾਹੀਦੇ? ਬਿਕਨੀ ਵੈਕਸ ਦਾ ਤਾਂ ਨਾਂਅ ਸੁਣਕੇ ਈ ਤੇਰੇ ਕੰਨ ਗਰਮ ਹੋ ਜਾਣੇ ਨੇ। ਤੂੰ ਤੁਰੰਤ

ਬਿਊਟੀ ਮਿੱਥ ਦਾ ਪੰਨਾ ਨੰਬਰ 242 ਖੋਲ੍ਹ ਕੇ ਓਸਨੂੰ ਦੱਸਣ ਲੱਗੇਂ ਕਿ 'ਔਰਤ ਦੇ ਸਰੀਰ ਦਾ ਕਿਹੜਾ ਅੰਗ ਹੈ, ਜਿਹੜਾ ਇਹਨਾਂ ਕਮੀਨੇ ਮਰਦਾਂ ਨੇ ਨਹੀਂ ਵੇਚਿਆ? ਤੇ ਤੂੰ ਵੀ ਓਸੇ ਟ੍ਰੈਪ 'ਚ ਫਸ ਰਹੀ ਏਂ।'

ਰਹਿਣ ਦੇ, ਤੇਰੇ ਕੋਲੋਂ ਨਹੀਂ ਹੋਣਾ।

ਕੁਮੈਂਟਸ-

ਅਰਪਨਾ- ਖੋਲ÷ ੋ ਦੀਦੀ, ਔਰਤਾਂ ਤਨ ਤੋਂ ਸੁੰਦਰ ਹੋਣ ਆਉਣਗੀਆਂ ਤੇ ਤੁਹਾਡੀਆਂ ਗੱਲਾਂ ਨਾਲ ਮਨ ਵੀ ਸੁੰਦਰ ਕਰਕੇ ਜਾਣਗੀਆਂ।

ਵਿਸ਼ਾਲ- ਹਾ ਹਾ ਹਾ ਹਾ ਹਾ ਹਾ!!!

## ਵੀਲ੍ਹ ਚੇਅਰ ਦਾ ਜਨਮ

ਵੀਲ੍ਹ ਚੇਅਰ ਜਿਸ ਦਿਨ ਜੰਮੀ ਸੀ, ਇਹਦੀ ਉਮਰ 60 ਵਰ੍ਹੇ ਦੀ ਸੀ। ਜਦੋਂ ਤੱਕ ਇਹ ਜੰਮੀ ਇਹਦਾ ਹੇਠਲਾ ਹਿੱਸਾ ਪੈਰਾਲਾਈਸਿਸ ਨੇ ਖਾ ਲਿਆ ਸੀ। ਜ਼ੁਬਾਨ ਵੀ ਖਾ ਲਈ ਸੀ। ਅੰਗ ਇਹਦੇ ਸਿੱਥਲ ਹੋ ਗਏ ਸਨ। ਸਿਰਫ ਇਹਦੀਆਂ ਅੱਖਾਂ ਦੀਆਂ ਪੁਤਲੀਆਂ ਹੀ ਏਧਰ ਓਧਰ ਘੁੰਮਦੀਆਂ ਸਨ ਜਾਂ ਫਿਰ ਇਸ਼ਾਰੇ ਨਾਲ ਦੱਸਦੀਆਂ ਸਨ ਕਿ ਵੀਲ੍ਹ ਚੇਅਰ ਨੂੰ ਕੀ ਚਾਹੀਦਾ ਹੈ। ਇਹ ਸਾਰਾ ਦਿਨ ਕਮਰੇ ਦੇ ਇੱਕ ਕੋਨੇ ਵਿੱਚ ਪਈ ਰਹਿੰਦੀ। ਬਿਟਰ ਬਿਟਰ ਝਾਕਦੀ ਜਾਂ ਸਿਰਫ ਸਾਹ ਲੈਂਦੀ। ਜਾਂ ਸੁੱਤੀ ਹੋਈ ਅਰਧ ਬੇਹੋਸ਼ ਜਿਹੀ। ਜਾਂ ਫਿਰ ਕਦੇ-ਕਦੇ ਕੋਈ ਇਹਦੇ ਮੂੰਹ ਨੂੰ ਨਿੱਪਲ ਲਾ ਦਿੰਦਾ ਤੇ ਵੀਲ੍ਹ ਚੇਅਰ ਗਟਾਗਟ ਚਾਹ ਜਾਂ ਦੁੱਧ ਪੀ ਜਾਂਦੀ। ਉਦੋਂ ਲੱਗਦਾ ਕਿ ਇਹ ਮਰਨਾ ਬਿਲਕੁੱਲ ਨਹੀਂ ਚਾਹੁੰਦੀ। ਫਿਰ ਘੰਟੇ ਕੁ ਬਾਦ ਇਹਦਾ ਡਾਈਪਰ ਚੇਂਜ ਕਰ ਦਿੱਤਾ ਜਾਂਦਾ। ਇਹ ਬਹੁਤ ਘ੍ਰਿਣਤ ਦ੍ਰਿਸ਼ ਹੁੰਦਾ, ਐਸੇ ਕਰਕੇ ਇਹਦੀ ਨੂੰਹ ਨੇ ਐਸ ਕੰਮ ਤੋਂ ਚਿਰੋਕਣਾ ਛੁਟਕਾਰਾ ਪਾ ਲਿਆ ਸੀ ਤੇ ਇਹ ਕੰਮ ਹੁਣ ਇਹਦੀ ਬੇਟੀ ਹੀ ਕਰਦੀ ਸੀ। ਐਸੇ ਕਾਲ ਦੇ ਚੱਕਰਵਿਊ 'ਚ ਜਿਉਂ ਰਹੀ ਨੂੰ ਇਹਨੂੰ ਗਿਆਰਾਂ ਸਾਲ ਬੀਤ ਗਏ ਨੇ। ਇਹਦਾ ਜਨਮ ਨਹੀਂ ਸੀ ਹੋਇਆ ਤਾਂ ਗਰਭ ਜੂਨ ਵਿੱਚ ਵੀ ਇਹਦਾ ਮੰਦਾ ਹਾਲ ਹੀ ਰਿਹਾ ਹੈ। ਬਚਪਨ ਮੁਸਲਮਾਨ ਜੱਟਾਂ ਨਾਲ ਸੀਰ ਕਰਦਿਆਂ ਬੀਤਿਆ। ਗੋਡੇ-ਗੋਡੇ ਤੱਕ ਗੰਦ ਵਿੱਚ ਖੁੱਭੇ ਰਹਿਣਾ ਹਰ ਵਕਤ। ਫਿਰ ਦੇਸ਼ ਵੰਡ ਹੋ ਗਈ ਤਾਂ ਕਿਸੇ ਹੋਰ ਜੱਟ ਦਾ ਸੀਰੀ ਜਾ ਰਲਿਆ। ਤਿੰਨ ਧੀਆਂ, ਇੱਕ ਪੁੱਤ। ਘਰ ਨਰਕ। ਤੀਵੀਂ ਅੱਥਰੀ ਏਨੀ ਕਿ ਪੁੱਛੋ ਕੁੱਝ ਨਾ। ਪਰ ਇਹਨੇ ਜੀਣਾ ਨਹੀਂ ਛੱਡਿਆ। ਧੀਆਂ ਤੋਰੀਆਂ। ਪੁੱਤ ਕਹਿਣੇ ਤੋਂ ਬਾਹਰ, ਘਰੋਂ ਵੀ ਬਾਹਰ। ਚੋਰ ਉਚੱਕਿਆਂ ਨਾਲ ਜਾ ਰਲਿਆ। ਨਿੱਤ ਪੁਲਿਸ ਇਹਨਾਂ ਦੇ ਘਰੇ ਦਬਿਸ਼ 'ਤੇ। ਕਲੇਸ਼ ਵਧ ਗਿਆ। ਹਰ ਵੇਲੇ ਘਰ ਕਿਰਪਾਨਾਂ ਦੇ ਸਾਏ ਹੇਠ ਰਹਿਣ ਲੱਗਾ। ਫਿਰ ਸਥਿਰ ਹੋ ਗਿਆ। ਇਹਦੇ ਸਿਰ ਬਾਬੇ ਨੇ ਪਹਿਰਾ ਸ਼ੁਰੂ ਕਰ ਦਿੱਤਾ। ਗੁੱਗਲ ਨੇ ਘਰ ਮੱਲ ਲਿਆ। ਅਜੀਬ ਦਹਿਸ਼ਤ ਦਾ ਮਾਹੌਲ। ਐਸੇ ਮਾਹੌਲ ਨੇ ਇੱਕ ਦੋਹਤੇ ਨੂੰ ਕਾਬੂ ਕਰ ਲਿਆ। ਉਹਦੀ ਬਿਮਾਰੀ ਦਾ ਇਲਾਜ ਈ ਨਹੀਂ ਲੱਭਾ ਕਿਸੇ ਡਾਕਟਰ ਨੂੰ। ਇਹਦੇ ਘਰਵਾਲੀ ਨੇ ਹਸਪਤਾਲ ਕੋਈ ਨਹੀਂ ਛੱਡਿਆ। ਆਖਿਰ ਰੱਬ ਦਾ ਭਾਣਾ ਮੰਨ ਕੇ ਬੈਠ ਗਏ। ਓਸ ਮੁੰਡੇ ਦੀ ਮਾਂ ਨੂੰ ਵੀ ਪੌਣ ਆਉਣ ਲੱਗ ਪਈ। ਉਹਨਾਂ ਦੇ ਘਰ ਦਾ ਹਾਲ ਵੀ ਇਹਨਾਂ ਵਾਲਾ ਹੀ ਹੋ ਗਿਆ। ਇਹਦੀ ਆਪਣੀ ਹਾਲਤ ਵੀ ਦਿਨੋਂ ਦਿਨ ਮਾੜੀ ਹੋਣ ਲੱਗੀ। ਮੁੰਡਾ ਇਹਦਾ ਕਿਤੇ ਬਾਹਰ ਹੀ ਵਿਆਹ ਕਰਕੇ ਸਮੇਤ ਟੱਬਰ ਘਰੇ ਆ ਗਿਆ ਅਚਾਨਕ। ਇਹ ਨਾ ਖੁਸ਼ੀ ਮਨਾਉਣ ਜੋਗੇ ਤੇ ਨਾ ਗਮੀ। ਫਿਰ ਕਲੇਸ਼ ਨੇ ਹੋਰ ਰੂਪ ਲੈ ਲਿਆ। ਹੁਣ ਇਹਦੇ ਘਰਵਾਲੀ ਮੁੰਡੇ ਵੱਲ ਤੇ ਇਹ ਇਕੱਲਾ ਰਹਿ ਗਿਆ। ਆਖਿਰ ਇਹਦੀ ਇਕੱਲਤਾ ਦੇਖ ਪੈਰਾਲਾਈਸਿਸ

ਨੂੰ ਮੌਕਾ ਮਿਲ ਗਿਆ, ਉਹਨੇ ਇਹਨੂੰ ਆ ਹੱਥ ਪਾਇਆ। ਜੰਮਣ ਤੋਂ ਪਹਿਲਾਂ ਇਹ ਗਰਭ ਵਿੱਚ ਹੀ ਤਿੰਨ ਸਾਲ ਪੈਰਾਲਾਈਸਿਸ ਨਾਲ ਦੋ-ਚਾਰ ਹੁੰਦੀ ਰਹੀ ਹੈ।

ਵੀਲ੍ਹ ਚੇਅਰ ਨੂੰ ਨਾ ਖਬਰ ਲੱਗੇ ਬਈ..

ਇਹਦੇ ਮੁੰਡੇ ਦੀ ਕਿਸੇ ਭਿਆਨਕ ਬਿਮਾਰੀ ਨਾਲ ਮੌਤ ਹੋ ਗਈ ਹੈ। ਘਰ ਵਿੱਚ ਸੋਗ ਨਾਲ ਕੰਧਾਂ ਪਾਟਣੀਆਂ ਆਈਆਂ ਹੋਈਆਂ ਨੇ। ਮੁੰਡੇ ਦੀ ਤੀਵੀਂ ਦਾ ਰੋਣਾ ਝੱਲਿਆ ਨਹੀਂ ਜਾ ਰਿਹਾ। ਬੱਚੇ ਵੀ ਛੋਟੇ-ਛੋਟੇ ਨੇ। ਇਹਦੇ ਮੂਹਰੇ ਪਹਾੜ ਜਿੱਡੀ ਉਮਰ ਐ। ਬਿਮਾਰੀ ਨੇ ਜਿਹੜੇ ਚਾਰ ਪੈਸੇ ਸਨ, ਉਹ ਵੀ ਖਾ ਲਏ। ਹੁਣ ਸਾਰਿਆਂ ਦੇ ਮਨਾਂ ਵਿੱਚ ਪਤਾ ਨਹੀਂ ਕੀ ਰਿੱਝ ਰਿਹਾ ਹੈ। ਇਹ ਕਿਵੇਂ ਹੋ ਸਕਦਾ ਕਿ ਏਡਾ ਰੌਲਾ ਉਹਨੂੰ ਨਾ ਸੁਣਦਾ ਹੋਊ। ਹਰ ਕੋਈ ਜਦੋਂ ਵੀ ਉਹਦੇ ਕਮਰੇ ਵੱਲ ਜਾਂਦਾ ਏ, ਦਰਵਾਜ਼ੇ ਨੂੰ ਟੋਹ ਕੇ ਜ਼ਰੂਰ ਦੇਖਦਾ ਏ ਕਿ ਪੂਰੀ ਤਰ੍ਹਾਂ ਬੰਦ ਈ ਏ ਨਾ। ਤਸੱਲੀ ਕਰਕੇ ਫੇਰ ਵਾਪਸ ਆ ਬਹਿੰਦਾ ਹੈ। ਮੁੰਡੇ ਦੀ ਬਿਮਾਰੀ ਬਾਰੇ ਵੀਲ੍ਹ ਚੇਅਰ ਨੂੰ ਕਦੇ ਕਿਸੇ ਨੇ ਕੁੱਝ ਨਹੀਂ ਦੱਸਿਆ। ਉਹ ਬੱਸ ਅੰਦਰੋ ਅੰਦਰ ਖੁਰ ਰਿਹਾ ਸੀ। ਉਹਦਾ ਇਲਾਜ ਕਰਵਾਇਆ ਜਾ ਰਿਹਾ ਸੀ। ਵੀਲ੍ਹ ਚੇਅਰ ਨੇ ਇੱਕ ਦੋ ਵਾਰ ਅੱਖਾਂ ਦੀਆਂ ਪੁਤਲੀਆਂ ਕਿਸੇ ਸ਼ੱਕ ਅਧੀਨ ਕੁੱਝ ਪੁੱਛਣ ਲਈ ਘੁਮਾਈਆਂ ਵੀ ਸਨ, ਪਰ ਇਹਨਾਂ ਨੇ ਇਗਨੋਰ ਮਾਰ ਦਿੱਤਾ। ਉਹਨੀਂ ਦਿਨੀਂ ਵੀਲ੍ਹ ਚੇਅਰ ਦੀ ਸੇਵਾ ਸੰਭਾਲ ਵੀ ਬਹੁਤ ਘਟ ਗਈ ਸੀ। ਇਹਦੇ ਕੋਲੋਂ ਬਹੁਤ ਭਿਆਨਕ ਡਾਡ ਆਉਣੀ ਸ਼ੁਰੂ ਹੋ ਗਈ ਸੀ। ਆਂਢ-ਗੁਆਂਢ ਦੀ ਜ਼ੁਬਾਨ ਬੱਸ ਏਨਾ ਕੁ ਕਹਿੰਦੀ,' ਆਪਣੀਆਂ ਕੀਤੀਆਂ ਭੁਗਤਣੀਆਂ ਪੈ ਜਾਂਦੀਆਂ ਨੇ।' ਹਾਂ, ਇੱਕ ਸਿਰ ਸੀ ਉਹਨਾਂ ਦੇ ਸ਼ਰੀਕੇ ਦੇ ਟੱਬਰ 'ਚੋਂ, ਉਹ ਇਹਦੀ ਬਿਮਾਰੀ ਦੀ ਹਰ ਰਗ਼ ਜਾਣਦਾ ਸੀ। ਉਹ ਸਿਰ ਬੋਲਦਾ ਕਿ ਹੁਣ ਇਹਦਾ ਫਲਾਂ ਅੰਗ ਮਰੇਗਾ। ਦੂਸਰੇ ਦਿਨ ਉਹੀ ਅੰਗ ਬੰਨੇ। ਫਿਰ ਉਹ ਕਹਿੰਦਾ ਕਿ ਹੁਣ ਮਗਜ਼ ਵਿੱਚ ਪਟਾਕੇ ਪੈਣਗੇ। ਪਏ। ਪਿਸ਼ਾਬ ਰੁਕੇਗਾ। ਰੁਕਿਆ। ਦਿਲ ਵੀ ਫੇਲ੍ਹ। ਫੇਲ੍ਹ। ਹੁਣ ਬਚਣ ਦੀ ਕੋਈ ਆਸ ਨਹੀਂ। ਇਹਦੇ ਸਵਾਸ ਪੂਰੇ। ਹੁਣ ਓਸ ਸਿਰ ਦਾ ਕਿਸੇ ਨੂੰ ਕੋਈ ਭੇਦ ਨਹੀਂ, ਜਿਹੜਾ ਇਹਦਾ ਹਰ ਭੇਦ ਜਾਣਦਾ ਸੀ। ਇਹਦੇ ਅੰਦਰ ਘਟਣ ਵਾਲੇ ਬਾਰੇ ਭਵਿੱਖ ਦ੍ਰਿਸ਼ਟਾ ਸੀ। ਹਾਂ, ਇਹ ਜ਼ਰੂਰ ਹੈ ਕਿ ਕਿਹਾ ਜਾਂਦਾ ਏ ਕਿ ਉਹਨੇ ਇਹਦੇ ਸਾਰੇ ਜੀਵਨ ਦੀ ਇੱਕ ਡਾਇਰੀ ਕਾਇਮ ਕਰ ਰੱਖੀ ਸੀ ਤੇ ਹਰ ਹਰਕਤ ਦਾ ਹਿਸਾਬ ਓਸ ਕੋਲ ਸੀ। ਇਹ ਵੀ ਭੇਤ ਹੀ ਏ ਕਿ ਕੋਈ ਇੰਝ ਵੀ ਕਿਸੇ ਦਾ ਕਿਆਫਾ ਲਗਾ ਸਕਦਾ ਹੈ, ਠੀਕ ਓਸੇ ਤਰ੍ਹਾਂ ਜਿਵੇਂ ਹਰ ਕਿਸੇ ਨੂੰ ਲੱਗਦਾ ਹੈ ਕਿ ਪੁੱਤ ਦੀ ਮੌਤ ਬਾਰੇ ਵੀਲ੍ਹ ਚੇਅਰ ਨੂੰ ਕੋਈ ਖਬਰ ਹੀ ਨਹੀਂ ਹੈ।

ਵੀਲ੍ਹ ਚੇਅਰ ਨੂੰ ਬੁਲਾਓ ਬਈ..

ਆਖਿਰ ਇਹਦੀ ਘਰਵਾਲੀ ਵੀ ਮਰ ਹੀ ਗਈ। ਮਰ ਗਈ, ਵੀਲ੍ਹ ਚੇਅਰ ਲਈ ਜਨਮ ਤੋਂ ਪਹਿਲਾਂ ਇਹ ਸੁਖਦ ਸ਼ਬਦ ਸੀ, ਪਰ ਹੁਣ ਘੋਰ ਨਰਕ ਦੀ ਦਸਤਕ। ਪਹਿਲਾਂ ਮਰ ਜਾਂਦੀ। ਇੰਝ ਵੀ ਸੋਚ ਨਹੀਂ ਹੋਣਾ। ਵੀਲ੍ਹ ਚੇਅਰ ਦੀਆਂ ਪੁਤਲੀਆਂ ਕੁੱਝ ਕਹਿ ਰਹੀਆਂ ਨੇ। ਕਿਸੇ ਗੁੱਝੇ ਭੇਤ ਨੂੰ ਨਸ਼ਰ ਕਰ ਰਹੀਆਂ ਨੇ ਸ਼ਾਇਦ। ਨਹੀਂ ਇਹ ਸਥਿਲ ਜਾਪ ਰਹੀਆਂ ਨੇ। ਕੋਈ ਕਹਿ ਗਿਆ ਹੈ,'ਹੁਣ ਨਹਾ ਰਹੇ ਨੇ। ਫੇਰ ਤੁਹਾਨੂੰ ਲੈ ਕੇ ਜਾਂਦੇ ਹਾਂ। ਬੀਬੀ ਤੁਹਾਡੀ ਚਿੰਤਾ ਕਰਦੀ ਹੀ ਪੂਰੀ ਹੋਈ ਆ। ਉਹਦੀ ਰੂਹ ਤੁਹਾਡੇ 'ਚ ਈ ਅਟਕੀ ਹੋਈ ਸੀ।' ਵੀਲ੍ਹ ਚੇਅਰ ਦਾ ਕੋਈ ਰਿਐਕਸ਼ਨ ਨਹੀਂ। ਫਿਰ ਨਹਾ ਦਿੱਤਾ ਗਿਆ ਮੁਰਦਾ ਸਰੀਰ। ਨੀਲਾ ਪੈ ਗਿਆ ਸੀ। ਚਿਹਰਾ ਵੀ ਕਾਲਾ ਹੋ ਗਿਆ ਸੀ। ਇਹਦੇ ਅੰਦਰ ਪਤਾ ਨਹੀਂ ਕਿੰਨੇ ਕੁ ਜ਼ਖਮ ਸਨ। ਪਤਾ ਨਹੀਂ ਕਿੰਨਾ ਕੁੱਝ ਅੰਦਰੋ ਅੰਦਰ ਜਜ਼ਬ ਕਰੀ ਬੈਠੀ ਸੀ। ਕਿੰਨਾ ਕੁੱਝ ਰਿੱਝਦਾ ਰਹਿੰਦਾ ਹੋਊ ਇਹਦੇ ਅੰਦਰ ਚੌਵੀ ਘੰਟੇ। ਇਹ ਤੌੜੀ ਨਹੀਂ ਰਿੱਝਣੋ ਹਟਦੀ। ਕਦੇ ਤੇਜ਼ ਅਗਨ ਉੱਤੇ ਤੇ ਕਦੀ ਮੰਦ-ਮੰਦ ਅਗਨ ਉੱਤੇ। ਸਾਰਾ ਜੀਵਨ ਇਹ ਤੌੜੀ ਰਿੱਝਦੀ ਹੈ। 'ਆਜੋ, ਹੁਣ ਉਹਨੂੰ ਸਿਵਿਆਂ ਨੂੰ ਲੈ ਕੇ ਜਾਣਾ। ਤੁਸੀਂ ਹੀ ਤੋਰੋ।' ਵੀਲ÷ ਚੇਅਰ ਕੋਨੇ ਤੋਂ ਬਾਹਰ ਵੱਲ ਤੁਰੀ ਹੈ।

ਅੱਜ ਰਤਾ ਕੁ ਤੇਜ਼ ਹੈ। ਮਰੀ ਹੋਈ ਘਰਵਾਲੀ ਦੇ ਕੋਲ ਠਹਿਰ ਗਈ ਹੈ। ਪੁਤਲੀਆਂ ਹਿੱਲੀਆਂ ਨੇ। ਪਤਾ ਨਹੀਂ ਕੀ ਕਹਿ ਰਹੀ ਹੈ। ਧਾਹਾਂ ਉੱਚਾ ਉੱਠੀਆਂ ਨੇ। ਕਿਸੇ ਨੇ ਦੁਹੱਥੜ ਮਾਰਿਆ ਹੈ। ਇੱਕ ਚੀਕ ਨੇ ਅਸਮਾਨ ਚੀਰ ਦਿੱਤੈ।

ਵੀਲ੍ਹ ਚੇਅਰ ਦੇ ਮੁੜਦਿਆਂ ਹੀ ਚਾਰ ਮੁੰਡਿਆਂ ਨੇ ਜਨਾਜ਼ਾ ਚੁੱਕ ਲਿਆ ਹੈ। ਇੱਕ ਬੁੱਢੀ ਅਵਾਜ਼ ਸਰਕੀ ਹੈ,'ਇਹ ਭਲੀ ਸੀ, ਸੁਹਾਗਣ ਮਰੀ ਐ।'

ਰੁਪੱਈਏ ਦਾ ਪੰਜ ਕਿੱਲੋ!

ਇਹਦੇ ਨਾਮ ਦਾ ਪਤਾ ਨਹੀਂ। ਚਾਲੀ ਪਾਰ ਕਰ ਚੁੱਕਾ ਹੈ। ਮਧਰਾ ਤੇ ਮੋਟਾ ਹੈ। ਰੰਗ ਕਾਲਾ ਹੈ। ਅੱਖਾਂ ਵਿੱਚ ਸੁਰਮਾ ਪਾ ਕੇ ਰੱਖਦਾ ਹੈ। ਹਰ ਰੋਜ਼ ਭਬੂਤੀ ਦਾ ਟਿੱਕਾ ਲਗਾਉਂਦਾ ਹੈ। ਸ਼ੇਵ ਕਰਦਾ ਹੈ, ਤਿੱਖੀ ਮੁੱਛ ਰੱਖੀ ਹੋਈ ਹੈ। ਰੇਹੜੀ ਲਾਉਂਦਾ ਹੈ। ਸਿਫਤ ਐਸਦੀ ਇਹ ਹੈ ਕਿ ਇਹਨੇ ਪਿਓ ਦੇ ਪੁੱਤ ਨੇ ਸਿਰਫ ਤੇ ਸਿਰਫ ਕੋਈ ਇੱਕ ਚੀਜ਼ ਹੀ ਲਾਉਣੀ ਹੁੰਦੀ ਹੈ। ਸੀਜ਼ਨ ਮੁਤਾਬਿਕ ਚੀਜ਼ਾਂ ਦੀ ਵੰਡ ਕਰ ਲੈਂਦਾ ਹੈ। ਮੌਸਮ ਹੈ ਤਾਂ ਨਿਬੂੰਆਂ ਦੀ ਬੋਰੀ ਵਿਚਕਾਰੋਂ ਪਾੜ ਕੇ ਰੇਹੜੀ ਉੱਤੇ ਰੱਖ ਲਊ। 'ਰੁਪੱਈਏ ਦੇ ਪੰਜ ਕਿੱਲੋ.. ਰੁਪੱਈਏ ਦੇ ਪੰਜ ਕਿੱਲੋ..!' ਕਦੇ ਸੰਘਾੜਿਆਂ ਦੀ ਬੋਰੀ ਉਲੱਦੀ ਹੋਵੇਗੀ। 'ਰੁਪੱਈਏ ਦੇ ਪੰਜ ਕਿੱਲੋ.. ਰੁਪੱਈਏ ਦੇ ਪੰਜ ਕਿੱਲੋ..!' ਹੁਣ ਅੰਬਾਂ ਦਾ ਮੌਸਮ ਹੈ ਤਾਂ ਅੰਬ ਆ ਗਏ, ਫਿਰ ਖੀਰੇ ਮੱਲ ਲੈਣਗੇ ਆਪਣੀ ਜਗ÷ ਾ। ਇਹਦੀ ਇੱਕ ਹੋਰ ਸਿਫਤ ਹੈ ਕਿ ਇਹ ਬੰਦੇ ਦੀ ਅੱਖ ਪਛਾਣ ਜਾਂਦਾ। ਤਦੇ ਹੀ ਕਦੇ ਵੀ ਇਹਦਾ ਸਮਾਨ ਵਿਕਣੋਂ ਨਹੀਂ ਰਹਿੰਦਾ। ਇਹ ਸੂਰਜ ਛਿਪਣ ਤੋਂ ਪਹਿਲਾਂ ਪਹਿਲਾਂ ਰੇਹੜੀ ਵਿਹਲੀ ਕਰ ਲੈਂਦੈ। ਜਦੋਂ ਇਹਨੇ ਬੀੜੀ ਪੀਣੀ ਹੋਵੇ, ਪੂਰੀ ਨਿਸ਼ਾ ਨਾਲ ਪੀਂਦਾ ਹੈ। ਰੂਹ ਨਾਲ। ਉਦੋਂ ਇਹਦੀ ਅੱਖ ਦੀ ਲਿਸ਼ਕ ਤੇ ਸੁਰਮਾਂ ਦੋਵੇਂ ਹੀ ਇੱਕ ਖਾਸ ਤਰ÷ ਾਂ ਦਾ ਸਰੂਰ ਪੈਦਾ ਕਰ ਰਹੇ ਹੁੰਦੇ ਨੇ। ਦੇਖਣ ਵਾਲਾ ਵੀ ਨਸ਼ਿਆ ਜਾਂਦਾ। ਸਾਡਾ ਲੇਖਕ ਬੀੜੀ ਪੀਣ ਨੂੰ ਪਸੰਦ ਨਹੀਂ ਕਰਦਾ, ਪਰੰਤੂ ਇਹਨੂੰ ਬੀੜੀ ਪੀਂਦੇ ਨੂੰ ਨਿਹਾਰਦਾ ਰਹਿੰਦਾ। ਇਹਨੇ ਉਹਨੂੰ ਵੀ ਸਮਾਨ ਚੁਕਾਉਣਾ ਹੁੰਦਾ ਹੈ। ਹਰ ਵਾਰ ਉਹਨੂੰ ਇਹਨੇ ਕਿਸੇ ਨਾ ਕਿਸੇ ਤਰੀਕੇ ਫਾਹ ਹੀ ਲੈਣਾ ਹੁੰਦਾ। ਉਹਦੇ ਕੋਲ ਪੈਸੇ ਨਾ ਵੀ ਹੋਣ ਤਾਂ ਵੀ ਉਹਨੂੰ ਚੁਕਾ ਦਿੰਦਾ ਸਮਾਨ। ਇਹੀ ਇਹਦੀ ਕਰਾਮਾਤ ਹੈ। ਇੱਕ ਦਿਨ ਲੇਖਕ ਨੇ ਹੀ ਇਹਦੇ ਗੁਣਾ ਬਾਰੇ ਬੜੀ ਗੁੱਝੀ ਗੱਲ ਦੱਸੀ ਕਿ ਇਹ ਜਦੋਂ ਹੋਕਾ ਲਾਉਂਦਾ ਹੈ ਕਿ ਰੁਪੱਈਏ ਦੇ ਪੰਜ ਕਿੱਲੋ, ਤਾਂ ਉਹਦਾ ਮਤਲਬ ਹੁੰਦਾ ਕਿ ਚੀਜ਼ ਬਹੁਤ ਵਧੀਆ ਹੈ ਤੇ ਹੁਣ ਟਕਿਆਂ ਦੇ ਭਾਅ ਮਿਲ ਰਹੀ ਹੈ। ਇਹਦੇ ਤੋਂ ਵਧੀਆ ਮੌਕਾ ਨਹੀਂ ਜੇ ਖਰੀਦਣ ਲਈ ਮਿਲਣਾ। ਇਹ ਲੋਕਾਂ ਦੀ ਸਾਈਕਾਲੋਜੀ ਉੱਪਰ ਵਾਰ ਕਰਦਾ ਹੈ। ਲੋਕਾਂ ਦੇ ਮਨ ਨੂੰ ਪੜ÷ ਚੁੱਕਿਆ ਹੈ। ਐਸੇ ਗੁਣ ਨਾਲ ਹੀ ਇਹ ਸੌਦਾ ਵੇਚ ਜਾਂਦਾ।

.. ਪਰ ਇੱਕ ਗੱਲ ਅਜੇ ਤੱਕ ਲੇਖਕ ਦੇ ਗੇੜ ਵਿੱਚ ਵੀ ਨਹੀਂ ਆਈ ਕਿ ਆਖਿਰ ਏਡਾ ਕਲਾਕਾਰ ਬੰਦਾ ਅਜੇ ਤੱਕ ਛੜਾ ਕਿਉਂ ਹੈ..? ਉਹਨੇ ਐਸ ਗੱਲ ਦੀ ਘੋਖ ਲਈ ਇਹਦਾ ਅੱਗਾ-ਪਿੱਛਾ ਤੇ ਆਲਾ-ਦੁਆਲਾ ਛਾਣਿਆ। ਅੱਗੇ-ਪਿੱਛੇ ਸਿਰਫ ਮਾਂ ਹੈ। ਇਕਲੌਤੀ ਔਲਾਦ। ਆਲ਼ਾ-ਦੁਆਲ਼ਾ ਮੁਹੱਲਾ ਉਹੀ ਜਿਹਨੂੰ ਸਾਰੇ ਫਾਇਨਾਂਸਰਾਂ ਤੇ ਬੈਂਕਾ ਨੇ ਬਲੈਕ ਲਿਸਟ ਕੀਤਾ ਹੋਇਆ ਹੈ। ਐਸੇ ਮੁਹੱਲੇ ਵਿੱਚੋਂ ਸੱਭ ਤੋਂ ਪਹਿਲਾਂ ਦੋ ਬੰਦੇ ਨਿਕਲਦੇ ਨੇ ਤੜਕਸਾਰ। ਹੱਥਾਂ ਵਿੱਚ ਬਠਲੇ, ਬਾਂਸੀ ਬਹਾਰੀਆਂ ਬਹੁਤ ਛੋਟੀਆਂ-ਛੋਟੀਆਂ, ਬਰਸ਼ ਜਿਹੇ ਕੰਧਾਂ ਸਾਫ ਕਰਨ ਵਾਲੇ। ਕੁੱਝ ਹੋਰ ਵੀ ਨਿਕਸੁੱਕ ਜਿਹਾ। ਇਹ ਸੁਨਿਆਰਿਆਂ ਵਾਲੇ ਲਾਲ ਬਜ਼ਾਰ ਦੀਆਂ ਨਾਲੀਆਂ ਵਿੱਚੋਂ ਸੋਨੇ-ਚਾਂਦੀ ਦੇ ਕਤਰੇ ਪੁਣਦੇ ਨੇ। ਫਿਰ ਕੁੱਝ ਬੀਬੀਆਂ ਤੇ ਬੰਦੇ ਨਿਕਲਦੇ ਨੇ ਸਫਾਈ ਮਜ਼ਦੂਰ। ਫਿਰ ਹੌਲੀ-ਹੌਲੀ ਘੁਸਰ-ਮੁਸਰ ਸ਼ੁਰੂ ਅਤੇ ਫਿਰ ਸਾਡਾ ਸ਼ੇਰ ਮੈਦਾਨ ਵਿੱਚ ਗੱਜਦਾ ਹੈ, ਆਪਣੀ ਰੇਹੜੀ ਲੈ ਕੇ।

ਐਨ ਤਿਆਰ ਬਰ ਤਿਆਰ। ਸੁਰਮਾ ਪਾ ਕੇ, ਸ਼ੇਵ ਤਾਜ਼ਾ ਕਰਕੇ, ਮੁੱਛਾਂ ਐਨ ਠੀਕ-ਠਾਕ ਕਰਕੇ। ਬੋਦਾ ਵਾਹ ਕੇ। ਪਰ ਇਹਦਾ ਵਿਆਹ ਕਾਹਤੋਂ ਨਹੀਂ ਹੋਇਆ? ਕੰਮ-ਕਾਰ ਵਾਲਾ ਬੰਦਾ, ਗੁਜਾਰੇ ਜੋਗਾ ਘਰ ਵੀ ਹੈਗਾ। ਵਿਆਹ ਦੇ ਵੀ ਵੈਸੇ ਅਜੀਬ ਬੰਧਨ ਨੇ। ਸਾਡੇ ਲੇਖਕ ਦੇ ਪਿੰਡੋਂ ਇੱਕ ਵਾਰ ਬੜੀ ਭਿਆਨਕ ਖਬਰ ਆਈ ਵਿਆਹ ਬਾਰੇ। ਹੋਇਆ ਇੰਞ ਕਿ ਇਹਨਾਂ ਦੇ ਮੁਹੱਲੇ ਦਾ ਇੱਕ ਬੰਦਾ। ਛੋਟੇ ਹੁੰਦੇ ਨੇ ਜਦੋਂ ਹਰੀ ਕ੍ਰਾਂਤੀ ਦੇ ਦੌਰ ਵਿੱਚੋਂ ਪੰਜਾਬ ਲੰਘ ਰਿਹਾ ਸੀ, ਉਹਨੇ ਖੇਤੀਬਾੜੀ ਦੇ ਔਜਾਰ ਬਨਾਉਣੇ ਸਿੱਖੇ। ਜਲਦੀ ਹੀ ਆਪਣਾ ਛੋਟਾ ਜਿਹਾ ਕਾਰਖਾਨਾ ਬਣਾ ਲਿਆ। ਮਿਹਨਤੀ ਬਹੁਤ ਸੀ, ਚੱਲ ਸੋ ਚੱਲ। ਕਾਰਖਾਨਾ ਵੱਡਾ ਹੋ ਗਿਆ। ਤਿੰਨ ਚਾਰ ਪਲਾਟ ਖਰੀਦ ਲਏ। ਭਰਾਵਾਂ ਨੂੰ ਐਡਜਸਟ ਕਰਵਾ ਦਿੱਤਾ। ਕਾਰਖਾਨਾ ਫੈਕਟਰੀ ਬਣ ਗਿਆ। ਫਿਰ ਉਹਦਾ ਪੁੱਤ ਜਵਾਨ ਹੋ ਗਿਆ। ਵਿਆਹ ਧਰ ਦਿੱਤਾ। ਕਹਿੰਦੇ ਨੇ ਕਿ ਉਹ ਕੁੜੀ ਕਿਸੇ ਬਿਮਾਰੀ ਕਾਰਣ ਮਰ ਗਈ ਤਾਂ ਉਹਦੇ ਕੁੜਮਾਂ ਨੇ ਛੋਟੀ ਕੁੜੀ ਉਹਦੇ ਮੜ÷ ਦਿੱਤੀ ਕਿ ਅਖੇ ਵਿਆਹ ਦੀ ਗੱਲ ਤਾਂ ਐਸੇ ਦੀ ਹੀ ਹੋਈ ਸੀ। ਖੈਰ ਦਿਨ ਰੱਖ ਦਿੱਤੇ। ਵਿਆਹ ਤੋਂ ਦੋ ਦਿਨ ਪਹਿਲਾਂ ਮੁੰਡਾ ਬਿਮੰਾਰ ਹੋ ਗਿਆ। ਇਹਨਾਂ ਕੁੜੀ ਵਾਲਿਆਂ ਨੂੰ ਕਿਹਾ ਕਿ ਵਿਆਹ ਅੱਗੇ ਪਾ ਲਵੋ, ਪਰ ਉਹ ਨਹੀਂ ਮੰਨੇ, ਅਖੇ ਜੇ ਵਿਆਹ ਤੋਂ ਬਾਦ ਹੋ ਜਾਂਦਾ ਬਿਮਾਰ ਫੇਰ ਕੀ ਕਰਦੇ। ਖੈਰ ਜੀ ਮਸਾਂ ਵਿਆਹ ਭੁਗਤਾਇਆ। ਮੁੰਡਾ ਹੋਰ ਦਾ ਹੋਰ ਬਿਮਾਰ। ਬਿਮਾਰੀ ਦਾ ਕੋਈ ਥਹੁ ਪਤਾ ਈ ਨਾ ਲੱਗੇ। ਕਦੇ ਕਿਸੇ ਹਸਪਤਾਲ, ਕਦੇ ਕਿਸੇ। ਬੋਬੇ ਲੱਗਦੇ ਗਏ, ਪਲਾਟ ਵਿਕਦੇ ਗਏ। ਆਖਿਰ ਵਰਕਸ਼ਾਪ ਵੀ ਗਈ। ਕਰਜ਼ਾ ਚੜ੍ਹ ਗਿਆ। ਮੁੰਡਾ ਮਰ ਗਿਆ। ਹੁਣ ਕੁੜੀ ਰੰਡੀ ਸਹੁਰਿਆਂ ਘਰ ਹੈ। ਉਫ!

.. ਪਰ ਇਹਦਾ ਮਤਲਬ ਇਹ ਤਾਂ ਨਹੀਂ ਕਿ ਇਹਦਾ ਵਿਆਹ ਨਹੀਂ ਹੋਣਾ ਚਾਹੀਦਾ? ਹਾਂ, ਇਹਦੇ ਨਾਲ ਕਿਹੜਾ ਉਹੀ ਘਟਨਾ ਘਟ ਸਕਦੀ ਹੈ। ਫਿਰ ਇਹਦਾ ਵਿਆਹ ਕਿਉਂ ਨਹੀਂ ਹੋ ਰਿਹਾ। ਚਲੋ, ਇਹਦਾ ਮੈਡੀਕਲ ਚੈਕਅਪ ਹੀ ਕਰਵਾ ਲੈਂਦੇ ਹਾਂ। ਆਪਣੇ ਤਰੀਕੇ ਦਾ ਚੈਕਅਪ। ਇੱਕ ਗੱਲ ਹੈ ਕਿ ਅਜਿਹੇ ਹੀ ਕਈ ਮੈਡੀਕਲ ਚੈਕਅਪ ਆਪਾਂ ਆਪਣੇ ਪਾਤਰਾਂ ਦੇ ਕਰਾਉਂਦੇ ਰਹਾਂਗੇ। ਕਿਉਂਕਿ ਇਹ ਬਹੁਤ ਜ਼ਰੂਰੀ ਨੇ। ਸਮੇਂ ਦੀ ਹੀ ਮਾਰ ਕਹੋ ਕਿ ਅੱਜਕੱਲ÷ ਜਿਹਨਾਂ ਡਾਕਟਰਾਂ ਦੀਆਂ ਦੁਕਾਨਾਂ ਚੱਲਦੀਆਂ ਨੇ, ਉਹ ਜਾਂ ਤਾਂ ਮਰਦਾਵੀਂ ਦਵਾਈ ਵਾਲੇ ਨੇ ਤਾਂ ਜਾਂ ਫਿਰ ਬਾਂਝਪਨ ਦਾ ਇਲਾਜ ਕਰਨ ਵਾਲੇ। ਐਸ ਵਾਸਤੇ ਅਸੀਂ ਅਜਿਹੇ ਲੋਕਾਂ ਦੀ ਭਰਮਾਰ ਹੈ , ਲਿਹਾਜ਼ਾ ਸਾਡੇ ਵੀ ਕਈ ਪਾਤਰ ਅਜਿਹੇ ਹੋਣ ਦਾ ਖਦਸ਼ਾ ਹੈ। ਬਲਕਿ ਹੋਣਗੇ ਹੀ। ਖੈਰ, ਐਸ ਕੰਮ ਵਾਸਤੇ ਹੁਣ ਆਪਣੀਆਂ ਕੁਸ਼ਟ ਆਸ਼ਰਮ ਵਾਲੀਆਂ ਬੀਬੀਆਂ ਕੰਮ ਆਉਣਗੀਆਂ, ਜਿਹੜੀਆਂ ਤੜਕਸਾਰ ਆਪਣੇ ਟਿਕਾਣਿਆਂ ਉੱਤੇ ਆ ਬੈਠਦੀਆਂ ਨੇ ਤੇ ਸਾਡੇ ਲਈ ਉਹ ਇਹ ਜਸੂਸੀ ਵਾਲਾ ਕੰਮ ਕਰਨਗੀਆਂ। ਕਮਾਲ ਦੀ ਗੱਲ ਇਹ ਹੈ ਕਿ ਉਹਨਾਂ ਨੇ ਬਿਨਾਂ ਕਿਸੇ ਸ਼ਰਤ ਇਹ ਕੰਮ ਕਰਦੇ ਰਹਿਣ ਦੀ ਹਾਮੀ ਭਰ ਦਿੱਤੀ ਹੈ। ਇਹ ਪਾਤਰ ਜਿੱਥੇ ਰੇਹੜੀ ਲਾਉਂਦਾ ਹੈ, ਉਹ ਇੱਕ ਹਸਪਤਾਲ ਦਾ ਕੋਨਾ ਹੈ। ਹਸਪਤਾਲ ਕੋਈ ਬਹੁਤਾ ਵੱਡਾ ਨਹੀਂ। ਜਾਂ ਕਹੋ ਓਸ ਕਿਸਮ ਦਾ ਹਸਪਤਾਲ ਨਹੀਂ, ਨਹੀਂ ਤਾਂ ਇਹਨੂੰ ਰੇਹੜੀ ਕਿਹੜੇ ਨੇ ਲਾਉਣ ਦੇਣੀ ਸੀ। ਇਹ ਹਸਪਤਾਲ ਸਵੇਰੇ ਖੁਲ੍ਹਦਾ ਹੈ ਤੇ ਰਾਤ ਨੂੰ ਬੰਦ। ਮਰੀਜ਼ ਦਾਖਲ ਨਹੀਂ ਕੀਤੇ ਜਾਂਦੇ। ਡਾਕਟਰ ਬਹੁਤ ਸਿਆਣਾ ਹੈ। ਹਸਪਤਾਲ ਦੇ ਖੁਲ੍ਹਣ ਤੋਂ ਪਹਿਲਾਂ ਇੱਕ ਕੁਸ਼ਟ ਆਸ਼ਰਮ ਵਾਲੀ ਬੀਬੀ ਇਹਦੇ ਕੋਨੇ ਜਿਹੇ ਵਿੱਚ ਬੈਠਦੀ ਹੈ। ਉਹਦੇ ਗਾਹਕ ਉਹ ਨੇ ਜਿਹੜੇ ਇੱਥੋਂ ਰਤਾ ਕੁ ਬਾਦ ਆਉਂਦੇ ਗੁਰਦੁਆਰੇ ਹੋ ਕੇ ਜਾ ਰਹੇ ਹੁੰਦੇ ਨੇ। ਉਹਨਾਂ ਵਿੱਚੋਂ ਹੀ ਬਹੁਤ ਸਾਰੇ ਐਸਨੂੰ ਪਰਸ਼ਾਦ ਵੀ ਦੇ ਕੇ ਜਾਂਦੇ ਨੇ ਤੇ ਪੈਸੇ ਵੀ। ਹਸਪਤਾਲ ਖੁਲ੍ਹਣ ਤੋਂ ਪਹਿਲਾਂ ਹੀ ਉਹ ਚਲੇ ਜਾਂਦੀ ਹੈ। ਪਰ ਉਦੋਂ ਤੱਕ ਇਹ ਰੇਹੜੀ ਲਾ ਲੈਂਦਾ ਹੈ। ਹੁਣ ਇਹ ਸਾਡੇ ਜਸੂਸ ਦਾ ਸ਼ਿਕਾਰ ਹੈ। ਨਹੀਂ ਜਸੂਸ ਤਾਂ ਪਹਿਲਾਂ ਹੀ ਇਹਦੀ ਹਿਸਟਰੀ ਜਾਣਦਾ ਹੈ। ਉਹਦੇ ਮੁਤਾਬਿਕ ਇਹ ਮੈਡੀਕਲੀ ਫਿੱਟ ਜਾਪਦਾ ਹੈ। ਕਿਉਂਕਿ ਇੱਕ ਇਹਦੀ ਗਾਹਕ ਬੀਬੀ ਵਾਹਵਾ ਇਹਦੇ ਨਾਲ ਗੱਲਾਂ ਮਾਰਦੀ ਰਹਿੰਦੀ ਹੈ

ਤੇ ਐਸੇ ਸੜਕ ਦੇ ਰਤਾ ਹਟਵੇਂ ਖੁੱਲ੍ਹੀ ਥਾਂ, ਜਿੱਥੇ ਇੱਕ ਬੀਬੀ ਸੜਕ ਕਿਨਾਰੇ ਹੀ ਸਾਗ ਵੇਚਣ ਬੈਠਦੀ ਹੈ ਉਹਦੇ ਕੋਲੋਂ ਇਹਨੇ ਕਈ ਵਾਰ ਕਿਸੇ ਹੋਰ ਔਰਤ ਦਾ ਫੋਨ ਨੰਬਰ ਲਿਆ ਹੈ। ਸਾਡੇ ਜਸੂਸ ਨੇ ਓਸ ਵੇਲੇ ਇਹਦੀਆਂ ਅੱਖਾਂ ਵਿਚਲੀ ਚਮਕ ਤੋਂ ਭਾਂਪ ਲਿਆ ਹੈ ਕਿ ਦਾਲ 'ਚ ਕਾਲਾ ਹੈ ਤਾਂ ਜ਼ਰੂਰ। ਫਿਰ ਇਹ ਕਈ ਵਾਰ ਸਾਡੇ ਜਸੂਸ ਉੱਤੇ ਵੀ ਲੱਟੂ ਹੋਇਆ ਹੈ। ਹੁਣ ਇਹ ਜਸੂਸ ਉੱਤੇ ਲੱਟੂ ਹੋਣ ਵਾਲੀ ਜਸੂਸ ਸਾਹਬ ਦੀ ਆਪਣੀ ਕਾਢ ਵੀ ਹੋ ਸਕਦੀ ਹੈ, ਇੱਛਾ ਵੀ, ਪਰ ਕੁੱਲ ਮਿਲਾ ਕੇ ਉਹਦਾ ਇਸ਼ਰਾ ਸਾਫ ਹੈ ਕਿ ਇਹ ਮੈਡੀਕਲੀ ਕੰਮ ਦਾ ਬੰਦਾ ਹੈ। ਫਿਰ ਵਿਆਹ ਕਿਉਂ ਨਹੀਂ ਹੋ ਰਿਹਾ।

''ਯਾਰ ਇਹ ਸੰਜੋਗਾਂ ਦੀ ਗੱਲ ਹੁੰਦੀ ਹੈ।'' ਇਹਨੇ ਖੁਦ ਹੀ ਨਿਬੇੜਾ ਕਰ ਦਿੱਤਾ ਤੇ ਹੋਕਾ ਦੇਣ ਲੱਗ ਪਿਆ,'' ਰੁਪਏ ਦਾ ਪੰਜ ਕਿੱਲੋ..ਰੁਪਏ ਦਾ ਪੰਜ ਕਿੱਲੋ..!''

ਅੰਨ੍ਹੇ ਨਿਸ਼ਾਨਚੀ ਉਰਫ ਸੱਤ ਬੇਗਾਨੇ!

( ਨਾਵਲ ਦਾ ਇਹ ਕਾਂਡ ਪ੍ਰੋ. ਅਜਮੇਰ ਔਲਖ ਨੂੰ ਸਮਰਪਿਤ ਹੈ)

ਇਹ ਸਾਰੇ ਲੇਖਕ ਦੇ ਦੋਸਤ ਨੇ ਜਾਂ ਦੋਸਤਾਂ ਦੇ ਅੱਗੋਂ ਦੋਸਤ। ਹੁਣ ਕਿਉਂਕਿ ਇਹ ਗਾਹੇ ਬਗਾਹੇ ਮੂੰਹ ਮੱਥੇ ਲੱਗਦੇ ਹੀ ਰਹਿੰਦੇ ਨੇ ਤਾਂ ਇਹਨਾਂ ਬਾਰੇ ਕੁੱਝ ਕੁ ਜਾਨਣਾ ਤੁਹਾਡੇ ਵਾਸਤੇ ਬਹੁਤ ਜ਼ਰੂਰੀ ਹੈ। ਇਹ ਲੇਖਕ ਦੇ ਮਨ ਨੂੰ ਰੀਸ਼ੇਪ ਕਰਦੇ ਨੇ, ਓਸਦੇ ਅਵਚੇਤਨ 'ਚ ਤੁਰੇ ਫਿਰਦੇ ਨੇ। ਓਸਦੇ ਕਿਸੇ ਨਾ ਕਿਸੇ ਪਾਤਰ ਵਿੱਚ ਇਹਨਾਂ ਦੀ ਰੂਹ ਪ੍ਰਵੇਸ਼ ਕਰ ਜਾਂਦੀ ਹੈ ਅਛੋਪਲੇ ਜਿਹੇ। ਐਸ ਲਈ ਇਹ ਬੰਦੇ ਬਹੁਤ ਮਹੱਤਵਪੂਰਨ ਨੇ ਐਸ ਨਾਵਲ ਵਾਸਤੇ।

ਨਿਸ਼ਾਨਚੀ ਨੰਬਰ-1

ਇਹ ਰਿਟਾਇਰਡ ਡਾਕਟਰ ਹੈ। ਸਰਕਾਰੀ ਹਸਪਤਾਲ 'ਚੋਂ ਰਿਟਾਇਰਡ ਹੋਏ ਨੇ। ਸਿਹਤ ਅਜੇ ਕਾਇਮ ਹੈ। ਦੋ ਬੱਚੇ ਨੇ, ਦੋਵੇਂ ਸੈੱਟ ਨੇ ਕੈਨੇਡਾ। ਹੁਣ ਇਹ ਇੱਕਦਮ ਵਿਹਲੇ ਹੋ ਗਏ। ਮਹਿਸੂਸ ਹੋ ਗਿਆ। ਇੱਕ ਡੇਰੇਦਾਰ ਦੇ ਚੈਰੀਟੇਬਲ ਹਸਪਤਾਲ 'ਚ ਜਾ ਲੱਗੇ। ਵਿਹਲ ਕੱਟੀ ਗਈ। ਹੁਣ ਇਹਨਾਂ ਨੇ ਸਾਰੀ ਉਮਰ ਸਰਕਾਰੀ ਹਸਪਤਾਲ 'ਚ ਰਾਜ ਕੀਤਾ। ਇੱਥੇ ਜਿਵੇਂ ਜੇਲ੍ਹ 'ਚ ਬੰਦ ਹੋਗੇ। ਤੁਹਾਡੀਆਂ ਅੱਖਾਂ ਉੱਪਰ ਖੋਪੇ ਲੱਗੇ ਹੋਏ ਨੇ, ਤੁਸੀਂ ਪਸ਼ੂ ਹੋ, ਚੱਲਦੇ ਰਹਿਣਾ ਹੈ। ਇੱਕ ਅਕਹਿ ਸਹਿਮ ਤੁਹਾਡੇ ਪਿੱਛੇ ਪੈਸਲ ਬਣਕੇ 'ਟਸ ਟਸ' ਕਰਦਾ ਤੁਰ ਰਿਹਾ ਹੈ। ਇਹਨਾਂ ਉੱਥੋਂ ਜਾਨ ਬਚਾਈ ਤੇ ਸਹੁੰ ਖਾ ਲਈ ਹੁਣ ਨੌਕਰੀ ਨਹੀਂ ਕਰਨੀ। ਫੇਰ ਕੀ ਕਰਨਾ ਹੈ। ਸਮਾਂ ਤਾਂ ਕਿੱਲ ਕਰਨਾ ਪਊ। ਸੌਖਾ ਰਾਹ। ਉੱਠਦੇ ਨੇ। ਫੇਸਬੁੱਕ ਖੋਲ੍ਹਦੇ ਨੇ। ਜਿਸ ਵੀ ਕਿਸੇ ਵਾਕਫ ਦਾ ਜਨਮ ਦਿਨ ਹੁੰਦੈ, ਉਹਦੀ ਤਸਵੀਰ ਲੱਭਦੇ ਨੇ, ਤੇ ਹੈਪੀ ਬਰਥ ਡੇ ਡੀਅਰ ਫਲਾਂ, ਲਿਖ ਕੇ ਪੋਸਟ ਕਰ ਦਿੰਦੇ ਨੇ। ਲੇਖਕਾਂ ਦੇ ਜਨਮ ਦਿਨ, ਡਾਕਟਰਾਂ ਦੇ ਜਨਮ ਦਿਨ, ਦੋਸਤਾਂ ਦੇ ਬੱਚਿਆਂ ਦੇ ਜਨਮ ਦਿਨ, ਖਿਡਾਰੀਆਂ ਦੇ ਜਨਮ ਦਿਨ, ਇਹਨਾਂ ਨੂੰ ਹੁਣ ਵਿਹਲ ਹੀ ਨਹੀਂ। ਪੋਸਟ ਪਾਓ ਤੇ ਫਿਰ ਸਾਰੀ ਦਿਹਾੜੀ ਲਾਈਕ ਗਿਣਦੇ ਰਹੋ!

ਨਿਸ਼ਾਨਚੀ ਨੰਬਰ-2

ਇਹ ਲੇਖਕ ਦੇ ਇੱਕ ਪੱਤਰਕਾਰ ਦੋਸਤ ਦੇ ਅਗਾਂਹ ਦੋਸਤ ਨੇ। ਇਹਨਾਂ ਨੂੰ ਮਿਲਣਾ ਹੋਵੇ ਤਾਂ ਤੁਹਾਨੂੰ ਹਰ ਵੇਲੇ ਦੁਕਾਨ ਅੰਦਰ ਜਾਂ ਫਿਰ ਪੋਲਟਰੀ ਫਾਰਮ ਅੰਦਰ ਹੀ ਮਿਲਣ ਜਾਣਾ ਪੈਂਦਾ। ਇੱਕ ਸੈਕੇਂਡ ਦੀ ਵੀ ਵਿਹਲ ਨਹੀਂ ਇਹਨਾਂ ਕੋਲ। ਕਿਉਂਕਿ ਲੇਖਕ ਦਾ ਦੋਸਤ ਇੱਕ ਅਖਬਾਰ ਕੱਢਦੈ, ਐਸ ਵਾਸਤੇ ਇਹ ਉਹਦੇ ਕਲਾਇੰਟ ਨੇ। ਇਹਨਾਂ ਦੀ ਐਡ

ਲਾਉਂਦਾ ਉਹ। ਲੇਖਕ ਉਹਦੇ ਨਾਲ ਇੱਕ ਵਾਰ ਇਹਨਾਂ ਨੂੰ ਮਿਲਣ ਆ ਗਿਆ। ਜਿੰਨੀ ਦੇਰ ਵੀ ਬੈਠੇ, ਇਹ ਗੱਲਾਂ ਵੀ ਕਰੀ ਗਿਆ ਤੇ ਨਾਲ ਦੀ ਨਾਲ ਗਾਹਕਾਂ ਨੂੰ ਮੁਰਗੇ ਤੋਲ-ਤੋਲ ਦੇਈ ਗਿਆ। ਇਹਨੇ ਦੱਸਿਆ ਕਿ ਸਾਡੀ ਇੱਕ ਦਿਨ ਵਿੱਚ ਹਜ਼ਾਰ ਮੁਰਗੇ ਦੀ ਸੇਲ ਹੈ। ਲੇਖਕ ਨੂੰ ਪਤਾ ਨਹੀਂ ਕੀ ਆਇਆ ਮਨ 'ਚ, ਉਹਨੇ ਇਹਦੇ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਉਹਨੂੰ ਕਚਿਆਣ ਆ ਗਈ। ਉਹ ਆਪ ਦੱਸਦਾ ਸੀ ਕਿ ਮੈਂ ਸੋਚਿਆ ਯਾਰ ਐਸ ਬੰਦੇ ਦੇ ਸਿਰ ਵਿੱਚ ਤਾਂ ਚੌਵੀ ਘੰਟੇ 'ਕੁੜ-ਕੁੜ, ਕੁੜ-ਕੁੜ' ਹੀ ਹੁੰਦੀ ਰਹਿੰਦੀ ਹੋਊ। ਇਹ ਤਾਂ ਬੰਦਿਆਂ ਵਰਗੀ ਜ਼ਿੰਦਗੀ ਨਹੀਂ ਜੀਅ ਰਿਹਾ। ਇਹ ਤਾਂ ਅਜੀਬ ਬਿਮਾਰੀ ਦਾ ਸ਼ਿਕਾਰ ਹੈ। ਸਿਰ 'ਚ ਚੌਵੀ ਘੰਟੇ 'ਕੁੜ-ਕੁੜ, ਕੁੜ-ਕੁੜ'! ਉਹ ਆਪਣੇ ਦੋਸਤ ਨੂੰ ਬਹਾਨਾ ਬਣਾ ਕੇ ਉੱਥੋਂ ਭੱਜ ਹੀ ਆਇਆ। ਮੁੜਕੇ ਕਦੇ ਨਹੀਂ ਗਿਆ ਓਸ ਵੱਲ!

ਨਿਸ਼ਾਨਚੀ ਨੰਬਰ-3

ਇਹ ਵੀ ਲੇਖਕ ਦੇ ਓਸੇ ਦੋਸਤ ਦਾ ਦੋਸਤ ਹੈ। ਇਹਦੀ ਦੁਕਾਨ ਕਾਹਦੀ ਐ, ਤੁਸੀਂ ਸਮਝ ਨਹੀਂ ਸਕਦੇ। ਕਦੇ ਇਹ ਪੀਸੀਓ ਹੁੰਦਾ ਸੀ। ਮੋਬਾਇਲ ਦੇ ਜ਼ਮਾਨੇ ਨੇ ਬੰਦ ਕਰਵਾ ਦਿੱਤਾ। ਇਹ ਹੁਣ ਕੋਰੀਅਰ ਵਾਲਿਆਂ ਦੀ ਅੱਗੋਂ ਸਰਵਿਸ ਵੀ ਲੈਂਦਾ ਹੈ, ਰੇਲ ਟਿਕਟਾਂ ਦੀ ਬੁਕਿੰਗ ਵੀ ਕਰਦੈ, ਪ੍ਰਾਪਰਟੀ ਡੀਲਰ ਵੀ ਹੈ, ਪੀਸੀਓ ਦਾ ਬੋਰਡ ਵੀ ਲਾਇਆ। ਪਤਾ ਨਹੀਂ ਕਿਤਿਓਂ ਕੋਈ ਸਟੋਨ ਥੀਰੈਪੀ ਦੀ ਜਾਚ ਸਿੱਖ ਆਇਆ ਹੈ, ਸੋ ਜੋੜਾਂ ਦੇ ਦਰਦਾਂ ਦਾ ਸਟੋਨ ਥੀਰੈਪੀ ਨਾਲ ਇਲਾਜ ਵੀ ਕਰਦੈ। ਬੰਦਾ ਜੁਗਾੜੀ ਹੈ। ਇਹਨੇ ਆਪਣੀ ਦੁਕਾਨ ਵਿੱਚ ਇੱਕ ਮਿਆਨੀ ਜਿਹੀ ਬਣਾਈ ਹੋਈ ਹੈ। ਉੱਥੇ ਕੰਜਰ ਕਿਸੇ ਨਾ ਕਿਸੇ ਕੁੜੀ ਨੂੰ ਲੈ ਕੇ ਵੜ ਜਾਂਦਾ। ਕੁੜੀਆਂ ਇਹਦੇ ਹੱਥ ਵੀ ਬਹੁਤ ਆ ਜਾਂਦੀਆਂ। ਇੱਕ ਦਿਨ ਲੇਖਕ ਦਾ ਦੋਸਤ ਇਹਦੇ ਬਾਰੇ ਗੱਲ ਕਰਦਿਆਂ ਦੱਸਣ ਲੱਗਾ ਕਿ ਕਿਤੇ ਉਹ ਅਚਾਨਕ ਇਹਦੀ ਦੁਕਾਨ 'ਤੇ ਪਹੁੰਚ ਗਿਆ। ਇਹ ਸ਼ਿਕਾਰ ਲੱਭ ਕੇ ਲਿਆਇਆ ਸੀ ਕਿਤਿਉਂ। ਇਹਨੂੰ ਫਿਰ ਉਹਨੂੰ ਵੀ ਸੁਲਾਅ÷ ਮਾਰਨੀ ਪਈ। ਕਹਿੰਦਾ ਓਸ ਕੁੜੀ ਨੇ ਭਾਜੀ ਏਨੀ ਮੁਹਾਰਤ ਨਾਲ ਲਿੱਪ-ਲੌਕ ਲਾਇਆ ਕਿ ਜ਼ਿੰਦਗੀ ਦਾ ਨਜ਼ਾਰਾ ਈ ਆ ਗਿਆ।

ਓਸ ਗੱਲ ਤੋਂ ਬਾਦ ਲੇਖਕ ਉਹਦੇ ਵੱਲ ਵੀ ਕਦੇ ਨਹੀਂ ਗਿਆ।

ਨਿਸ਼ਾਨਗੀ ਨੰਬਰ-4

ਲੇਖਕ ਦੇ ਦਫਤਰ ਨੇੜੇ ਇੱਕ ਚਾਹ ਦਾ ਖੋਖਾ ਪਾ ਕੇ ਬੈਠ ਗਿਆ। ਨਸ਼ੇੜੀ ਜਿਹਾ। ਪਰ ਲੇਖਕ ਨੂੰ ਚਾਹ ਦੀ ਮੌਜ ਹੋ ਗਈ, ਨਹੀਂ ਤਾਂ ਦੂਰ ਜਾਣਾ ਪੈਂਦਾ ਸੀ। ਉਹ ਇਹਦੇ ਨਾਲ ਗੱਲੀਂ ਲੱਗ ਜਾਇਆ ਕਰੇ, '' ਸਰ, ਇਹ ਜੋ ਅਕਾਲੀ ਤੇ ਕਾਂਗਰਸੀ ਨੇ, ਬੜੇ ਕੁੱਤੇ ਨੇ। ਲੋਕ ਤਾਂ ਸਰ ਬਫੈਲੋਜ਼ ਹੁੰਦੀਆਂ ਨੇ। ਇਹ ਵੀ ਲੋਕਾਂ ਨੂੰ ਮੱਝਾਂ-ਗਾਵਾਂ ਈ ਸਮਝਦੇ ਨੇ। ਇਹ ਸਰ ਲੋਕਾਂ ਨੂੰ ਜਿਉਣ ਨਹੀਂ ਦਿੰਦੇ। ਅੱਛਾ ਵੋਟਾਂ ਆਉਂਦੀਆਂ ਨੇ ਤਾਂ ਲੋਕ ਸੱਭ ਕੁੱਝ ਭੁੱਲ-ਭੁਲਾ ਜਾਂਦੇ ਨੇ। ਮੱਝਾਂ ਈ ਹੋਏ ਸਰ। ਸਰ ਅਸੀਂ ਤਾਂ ਇਹਨਾਂ ਵੱਲ ਧਿਆਨ ਨਹੀਂ ਦਿੰਦੇ। ਤੁਸੀਂ ਮੈਨੂੰ ਟਿਕਟ ਦਵਾ ਦਿਓ, ਬਾਦਲ ਦੇ ਖਿਲਾਫ ਦਵਾ ਕੇ ਦੇਖ ਲਓ, ਮੈਂ ਜਿੱਤ ਕੇ ਦਿਖਾ ਦਊਂ। ਪਰ ਆਪਾਂ ਮਸਤ ਆਂ। ਸ਼ਾਮ ਨੂੰ ਖੋਖਾ ਬੰਦ ਕਰਕੇ ਰੇਲਵੇ ਸਟੇਸ਼ਨ ਕੋਲ ਚਲੇ ਜਾਈਦਾ। ਉੱਥੇ ਸਰ ਸਾਧੂਆਂ ਦੀ ਮੰਡਲੀ ਹੁੰਦੀ ਆ। ਆਪਾਂ ਉਹਨਾਂ ਦੀ ਸੇਵਾ ਕਰੀਦੀ ਆ ਤੇ ਉਹਨਾਂ ਨੂੰ ਭਜਨ ਗਾ ਕੇ ਸੁਣਾ ਛੱਡੀਦਾ। ਬੱਸ ਆਨੰਦ ਲੈਂਦੇ ਹਾਂ।'' ਲੇਖਕ ਹੂੰ-ਹਾਂ ਕਰ ਛੱਡਿਆ ਕਰੇ। ਫਿਰ ਉਹ ਇੱਕ ਦਿਨ ਲੇਖਕ ਕੋਲੋਂ ਸ਼ਰਾਬ ਲਈ ਪੈਸੇ ਮੰਗਣ ਆ ਗਿਆ। ਇਹਨੇ ਉਹਨੂੰ ਬਹੁਤ ਜ਼ਿਆਦਾ ਡਾਂਟ ਦਿੱਤਾ। ਉਹਨੂੰ ਪਿਓ ਦੇ ਪੁੱਤ ਨੂੰ ਪਤਾ ਨਹੀਂ ਕੀ ਸੁੱਝੀ, ਉਹ ਓਸੇ ਦਿਨ ਖੋਖਾ ਵਲ੍ਹੇਟ ਕੇ ਤੁਰ ਗਿਆ।

ਲੇਖਕ ਨੇ ਉਹਦੇ ਬਾਰੇ ਆਪਣੀ ਡਾਇਰੀ 'ਚ ਸਿਰਫ ਏਨਾ ਹੀ ਲਿਖਿਆ, ' ਉਹਦਾ ਮਨ ਵੈਰਾਗੀ ਹੋ ਗਿਆ ਸੀ!'

ਨਿਸ਼ਾਨਚੀ ਨੰਬਰ-5

ਇਹਦੇ ਬਾਰੇ ਲੇਖਕ ਨੂੰ ਉੱਡਣਾ ਸੱਪ ਆਪਣਾ ਜੋ ਹੈ ਉਹ ਦੱਸ ਕੇ ਗਿਆ। ਕਹਿੰਦਾ, '' ਭਾਜੀ ਉਹ ਆਪਣੀ ਡਾਕਟਰ ਮਿਨਹਾਸ ਨਹੀਂ ਹੈ। ਉਹੀ ਜਿਹਦੇ ਘਰਵਾਲਾ ਨੇਵੀ 'ਚ ਐ। ਬਹੁਤ ਬਣ ਫੱਬ ਕੇ ਰਹਿੰਦੀ ਐ। ਸਿਟੀ ਕਲੱਬ ਦੀ ਮੈਂਬਰ ਵੀ ਹੈ। ਸਵੇਰੇ ਸਵਿਮਿੰਗ ਕਰਦੀ ਐ। ਕਈ ਥਾਈਂ ਭਾਸ਼ਣ ਕਰਨ ਵੀ ਜਾਂਦੀ ਹੈ। ਸਮਾਜਿਕ ਰੁਤਬੇ ਵਾਲੀ ਹੈ। ਉਹ ਯੋਗੀ ਸਾਹਬ ਕੋਲ ਯੋਗਾ ਕਰਦੀ ਹੈ। ਮੈਨੂੰ ਉੱਥੋਂ ਈ ਖਬਰ ਮਿਲੀ ਐ ਕਿ ਬਈ ਉਹ ਪੋਰਨ ਐਡਿਕਟ ਹੋ ਗਈ ਐ।'' ਇਹ ਸੁਣਣ ਤੋਂ ਬਾਦ ਲੇਖਕ ਨੇ ਆਪਣੀ ਡਾਇਰੀ ਅਪਡੇਟ ਕੀਤੀ, ' ਸਾਡਾ ਇੱਕ ਪੁਰਾਣਾ ਲੇਖਕ ਪੋਰਨ ਐਡਿਕਟ ਹੈ। ਅੱਸੀ ਸਾਲ ਦੀ ਉਮਰ 'ਚ ਵੀ ਉਹ ਪੋਰਨ ਫਿਲਮਾਂ ਦੇਖਦੈ। ਇੱਕ ਹੋਰ ਦੋਸਤ ਜਿਹੜਾ ਇਹੋ-ਜਿਹੇ ਹੀ ਮੈਗਜ਼ੀਨ ਪੜ੍ਹਨ ਕਰਕੇ ਲੇਖਕ ਬਣ ਗਿਆ, ਉਹ ਓਸ ਬੁੜ÷ ੇ ਲੇਖਕ ਨੂੰ ਫਿਲਮਾਂ ਪ੍ਰੋਵਾਈਡ ਕਰਵਾਉਂਦਾ ਹੈ। ਇਹ ਨਵਾਂ ਲੇਖਕ ਵੀ ਪੋਰਨ ਐਡਿਕਟ ਏ। ਮੇਰਾ ਇੱਕ ਕੁਲੀਗ, ਜਿਹੜਾ ਮੇਰੇ ਨਾਲ ਈ ਹਿੰਦੀ ਅਖਬਾਰ ਵਿੱਚ ਸੰਪਾਦਕ ਸੀ, ਉਹ ਵੀ ਪੋਰਨ ਐਡਿਕਟ ਸੀ। ਉਹ ਰਾਤ ਨੂੰ ਸਾਰੀ ਸਾਰੀ ਰਾਤ ਬੈਠਾ ਦਫਤਰ ਦੇ ਕੰਪਿਉਟਰ 'ਤੇ ਹੀ ਫਿਲਮਾਂ ਡਾਊਨਲੋਡ ਕਰਦਾ ਰਹਿੰਦਾ। ਆਖਿਰ ਫੜਿਆ ਗਿਆ। ਉਹਨੂੰ ਅਖਬਾਰ ਵਾਲਿਆਂ ਨੇ ਜ਼ੁਰਮਾਨਾਂ ਕੀਤਾ ਸੀ। ਓਸੇ ਅਖਬਾਰ ਵਿੱਚ ਇੱਕ ਮੀਆਂ-ਬੀਵੀ ਜੋੜਾ ਕੰਮ ਕਰਦੇ ਸਨ। ਉਹਨਾਂ ਬਾਰੇ ਵੀ ਮਸ਼ਹੂਰ ਸੀ ਕਿ ਉਹ ਦੋਵੇਂ ਪੋਰਨ ਐਡਿਕਟ ਨੇ।' ਮੇਲਾ ਖਤਮ!

ਨਿਸ਼ਾਨਚੀ ਨੰਬਰ-6

ਪ੍ਰੋਫੈਸਰ। ਪੰਜਾਬ ਪੱਧਰੀ ਇੱਕ ਸਭਾ ਦਾ ਪ੍ਰਧਾਨ। ਕਦੇ ਏਧਰ ਕਦੇ ਓਧਰ। ਹਰ ਪਾਸੇ ਸ਼ਰਾਬ। ਮੌਜ ਮਸਤੀ। ਯਾਰਾਂ ਦੇ ਯਾਰ। ਮੁਰਗੇ ਉੱਡਦੇ। ਤੀਵੀਂ ਇੱਕ ਹੋਰ ਰੱਖ ਲਈ ਕਿਸੇ ਹੋਰ ਸ਼ਹਿਰ। ਉਹ ਵੀ ਪ੍ਰੋਫੈਸਰ। ਚੱਕਰ ਚੁੱਕਰ। ਫਿਕਰ ਫਾਕੇ ਔਹ ਗਏ ਔਹ ਗਏ। ਚੱਕ ਲਓ ਚੱਕ ਲਓ। ਰਿਟਾਇਰਡ। ਫਿਰ ਇੱਕ ਦਿਨ ਅਚਾਨਕ ਪੈਰੇਲਾਈਸਿਸ। ਮੂੰਹ ਵਿੰਗਾ, ਜ਼ੁਬਾਨ ਬੰਦ। ਫਿਰ ਸਮੇਂ ਦੀ ਮਾਰ ਸਹੋ ਹੁਣ। ਪੁੱਤ ਦੀ ਨੌਕਰੀ ਦੂਸਰੀ ਸਟੇਟ 'ਚ। ਚੁੱਕ ਕੇ ਨਾਲ ਈ ਲੈ ਗਏ। ਪੈਰੇਲਾਈਸਿਸ ਪ੍ਰੋਫੈਸਰ ਨੂੰ ਨਹੀਂ ਹੋਇਆ, ਦੋਸਤਾਂ ਨੂੰ ਹੋ ਗਿਆ। ਕਿਸੇ ਨੇ ਵੀ ਸਾਰ ਈ ਨਹੀਂ ਲਈ। ਜਿਹੜੇ ਬੁੜ੍ਹਕਦੇ ਸੀ, ਉਹ ਝੱਗ। ਕਮਾਲ ਈ ਹੋ ਗਈ।

ਹੁਣ ਕੀ ਹੈ? ਫੇਸਬੁੱਕ ਖੋਲ੍ਹੋ। ਗੁੱਡ ਮੌਰਨਿੰਗ ਕਹੋ ਸਾਰਿਆਂ ਨੂੰ। ਸਰਬੱਤ ਦਾ ਭਲਾ ਮੰਗੋ। ਜ਼ਿੰਦਗੀ ਦੇ ਕੁੱਝ ਟੋਟੇ ਪੋਸਟ ਕਰੋ ਤੇ ਉਡੀਕਦੇ ਰਹੋ ਕਿ ਕੋਈ ਕੁਮੈਂਟ ਕਰੇਗਾ। ਜ਼ਿੰਦਗੀ ਇੰਝ ਈ  ਆ ਭਾਊ-ਠਾਹ-ਠੂਹ!

ਨਿਸ਼ਾਨਚੀ ਨੰਬਰ-7

ਐਡਹੌਕ-ਐਡਹੌਕ-ਐਡਹੌਕ! ਵੀਹ ਸਾਲ ਹੋ ਗਏ। ਕੀ ਬਣੂੰਗਾ? ਹਰ ਸਾਲ ਇੰਟਰਵਿਊ। ਦਹਿਸ਼ਤ। ਸਾਰੇ ਈ ਚੋਰ। ਰਿਸ਼ਵਤਖੋਰ, ਜਾਤ-ਪਾਤ ਦੇ ਵਿਤਕਰੇ ਭਰੇ। ਕਿਸੇ ਦਾ ਕੋਈ ਵਾਸਤਾ ਨਹੀਂ। ਦੋਸਤ ਜਿਵੇਂ ਸਾਰੇ ਈ ਮੂੰਹ ਫੇਰ ਗਏ। ਹੁਣ ਹਾਲਤ ਇਹ ਕਿ ਜੋ ਵੀ ਪੜ੍ਹਦਾ ਹਾਂ, ਉਹ ਯਾਦ ਨਹੀਂ ਰਹਿੰਦਾ। ਸਾਡੇ ਸੰਤਾਂ ਨੇ ਕਿਹਾ ਸੀ ਕਿ ਮੈਂ ਪੀਐੱਚਡੀ ਕਰਾਂ ਤਾਂ ਗੁਰੂ ਰਵਿਦਾਸ ਉੱਪਰ ਹੀ ਕਰਾਂ। ਪਰ ਕਿਸੇ ਯੂਨੀਵਰਸਿਟੀ 'ਚੋਂ ਕਿਸੇ ਨੇ ਵੀ ਹੱਥ ਪੱਲਾ ਈ ਨਹੀਂ ਫੜਾਇਆ। ਫਿਰ ਚਾਰ ਕਵੀਆਂ 'ਤੇ ਕਰਨ ਲਈ ਰਾਹ ਬਣ ਗਿਆ। ਸਨਾਪਸਿਸ ਲਿਖ ਲਏ। ਫਾਈਲ ਕਰ ਲਏ। ਫਿਰ ਇੱਕ ਦਿਨ ਖੋਲ੍ਹ ਕੇ ਦੇਖਿਆ ਤਾਂ ਸਾਰੇ ਸਨਾਪਸਿਸ ਪਾਟੇ ਪਏ। ਕਿਰਚ-ਕਿਰਚ। ਮੈਂ ਤਾਂ ਇਹਦੀ ਕਾਪੀ ਵੀ ਨਹੀਂ ਸੀ ਕਰਾਈ। ਬੱਸ ਸੰਤਾਂ ਨੇ ਕਿਹਾ ਸੀ, ਸੱਚ ਹੋ ਗਿਆ। ਹੁਣ ਪੀਐੱਚਡੀ ਵੀ ਨਹੀਂ ਹੋ ਸਕਣੀ। ਅੱਗੋਂ ਯੂਜੀਸੀ ਨੇ ਪੀਐੱਚਡੀ ਲਾਜ਼ਮੀ ਕਰਤੀ ਐ ਪੱਕੀ ਸੀਟ ਵਾਸਤੇ। ਭਵਿੱਖ ਦਾ ਕੋਈ ਪਤਾ ਨਹੀਂ। ਬੱਚਾ ਬੀਮਾਰ ਹੋ ਜਾਵੇ ਤਾਂ ਡਰ ਜਾਂਦਾ ਹਾਂ। ਲੱਗਦੈ ਹੁਣ ਡਾਕਟਰ ਨੇ ਬਿਨਾਂ ਕਿਸੇ

ਵਜ੍ਹਾ ਇਹਦੇ ਦਿਲ ਦਾ ਅਪ੍ਰੇਸ਼ਨ ਕਰ ਦੇਣਾ ਹੈ। ਲੱਖਾਂ ਰੁਪੇ ਕਿੱਥੋਂ ਆਉਣਗੇ। ਦੋਸਤ ਤਾਂ ਪਹਿਲਾਂ ਈ ਮੂੰਹ ਫੇਰ ਗਏ। ਜਮ੍ਹਾਂ ਪੂੰਜੀ ਵੀ ਨਹੀਂ। ਘਰਵਾਲੀ ਕਹਿੰਦੀ ਐ ਕਿ ਮੈਂ ਨੈਗੇਟਿਵ ਸੋਚਦਾਂ। ਮੈਨੂੰ ਆਪਣੀ ਸਮਝ ਈ ਨਹੀਂ ਆਉਂਦੀ ਤਾਂ ਮੈਂ ਕੀ ਕਰਾਂ!

ਇਹ ਸਾਰਾ ਕੁੱਝ ਸੰਤਾਂ ਦੇ ਚੜ੍ਹਾਈ ਕਰਨ ਤੋਂ ਬਾਦ ਈ ਹੋਇਐ!

ਲੇਖਕ ਦੇ ਕੁਮੈਂਟਸ

ਤੁਸੀਂ ਹੈਰਾਨ ਰਹਿ ਜਾਵੋਗੇ ਐਸ ਲੇਖਕ ਦੇ ਜੇਕਰ ਤੁਸੀਂ ਆਪਣੀਆਂ ਸਹੇਲੀਆਂ ਨੂੰ ਲਿਖੇ ਕੁਮੈਂਟ ਪੜ੍ਹ ਲਵੋ ਤਾਂ। ਦੇਖੋ-

1. ਕਈ ਵਾਰ ਰੂਹ ਨਹੀਂ, ਸਾਲੀ ਦੇਹ ਉਦਾਸ ਹੋ ਜਾਂਦੀ ਏ!

2. ਕਈ ਤੀਵੀਆਂ ਹੁੰਦੀਆਂ ਨੇ, ਕਹਿੰਦੀਆਂ ਨੇ ਮੈਂ ਹਾਂ ਪਰ ਤੂੰ ਲੱਭ ਲੈ!

3. ਬੱਸ ਐਸੇ ਨੂੰ ਭੂਤ ਕਹਿੰਦੇ ਨੇ। ਮੈਂ ਜੋ ਤੇਰੇ ਲਈ ਸਾਂ, ਹੁਣ ਆ ਕੇ ਉਹ ਨਹੀਂ ਨਿਕਲਿਆ, ਤਾਂ ਜੋ ਤੇਰੇ ਮਨ 'ਚ ਪਿਛਲ ਲਿਸ਼ਕੋਰ ਪਈ ਏ, ਉਹੀ ਭੂਤ ਏ!

4. ਉਦਾਸ ਹੋਣਾ ਇੱਕ ਕਿਸਮ ਦਾ ਨਿਰਵਸਤਰ ਹੋਣਾ ਹੀ ਹੈ।

5. ਤੂੰ ਅੱਜ ਕੇਸੀਂ ਨਹਾਤੀ ਏਂ, ਤਾਂ ਹੀ ਹਵਾ 'ਚ ਮਹਿਕ ਘੁਲ ਗਈ ਏ!

6. ਅੱਜ ਚੌਦਾਂ ਸਾਲਾਂ ਬਾਦ ਮੇਰੀ ਪਿਆਸ ਨੂੰ ਬੂਰ ਪਿਆ, ਅੱਜ ਰੱਜ ਕੇ ਬਰਸਾਤ ਹੋਣੀ ਚਾਹੀਦੀ ਹੈ।

7. ਫੀਲ ਮਾਈ ਲਿਪਸ ਓਵਰ ਦੇਅਰ!

8. ਮੈਂ ਘੋਰ ਉਦਾਸੀ ਦੀ ਗੁਫਾ 'ਚੋਂ ਲੰਘ ਰਿਹਾ ਹਾਂ, ਮਨ ਕਰਦੈ ਮਰ ਈ ਜਾਵਾਂ!

9. ਇੱਕ ਗੀਤ ਦੇ ਬੋਲ ਨੇ- ਰਾਤੀਂ ਸੁਪਨੇ 'ਚ ਪਾਤੀ ਨੀ ਮੈਂ ਹਾਲ-ਪਾਹਰਿਆ, ਜਾਣੀ ਉੱਡਣੇ ਸਪੋਲੀਏ ਨੇ ਡੰਗ ਮਾਰਿਆ!

10. ਮੈਂ ਬੱਸ ਸਿਰਫ ਤੇਰਾ ਚਿਹਰਾ ਨਿਹਾਰਨਾ ਹੈ, ਪਾਕਿ ਜਿਹਾ!

***************

ਦੁੱਲਾ ਪਿੰਡੀਓਂ ਤੁਰ ਪਿਆ!

ਇਹਨੂੰ ਆਪਾਂ ਕਚਹਿਰੀ ਵਿੱਚੋਂ ਤੋਰਨਾ ਹੈ। ਇਹ ਨਾਲ ਤੁਰੇਗਾ, ਤਾਂ ਸਮਝੋ ਸਾਰਾ ਸਿਸਟਮ ਹੀ ਤੁਹਾਡੇ ਨਾਲ ਤੁਰ ਪਿਆ ਹੈ। ਕੋਈ ਵੀ ਸ਼ੈਅ ਵੈਸੇ ਵੀ ਆਈਸੋਲੇਸ਼ਨ 'ਚ ਨਹੀਂ ਹੁੰਦੀ। ਸਾਰਾ ਪਸਾਰਾ ਆਪਸ 'ਚ ਜੁੜਿਆ ਪਿਆ ਹੈ। ਇਹ ਤੁਰਿਆ ਤਾਂ ਨਾਲ ਈ ਲੈਂਡ ਮਾਫੀਆ ਤੁਰ ਪਿਆ ਸਮਝੋ। ਕਚਹਿਰੀ ਦੀ ਰਗ਼-ਰਗ਼ ਧੜਕ ਉੱਠੇਗੀ। ਇਹਦੇ ਨਾਲ ਹੀ ਸ਼ਹਿਰ ਦਾ ਉਹ ਸ਼ਾਈਨ ਸਿਟੀ ਕਲੱਬ ਜਾਗ ਉੱਠੇਗਾ, ਜਿਹਦੇ ਕੁੱਝ ਪਾਤਰਾਂ ਬਾਰੇ ਪਹਿਲਾਂ ਗੱਲ ਕੀਤੀ ਜਾ ਚੁੱਕੀ ਹੈ। ਇਹਦੇ ਆਉਣ ਨਾਲ ਓਸ ਕਲੱਬ ਦੀ ਤੋਰ 'ਚ ਵੀ ਫਰਕ ਪਵੇਗਾ ਹੀ। ਕਿਉਂ ਨਹੀਂ ਪਵੇਗਾ। ਪਵੇਗਾ ਹੀ ਪਵੇਗਾ। ਕਿਸੇ ਵੀ ਥਾਂ ਕੋਈ ਕੀੜੀ ਵੀ ਹੈ, ਤਾਂ ਓਸਦੀ ਹੋਂਦ ਨਾਲ ਫਰਕ ਪੈਂਦਾ ਹੈ। ਮੇਰੇ ਦਫਤਰ ਵਿੱਚ ਅੱਜ-ਕੱਲ÷ ਇੱਕ ਚਕੂੰਦਰ ਆ ਗਈ ਹੈ। ਉਹ ਰਾਤ ਨੂੰ ਆਉਂਦੀ ਹੈ। ਕੁੱਝ ਬਿੱਠਾਂ ਜਿਹੀਆਂ ਕਰਦੀ ਹੈ। ਕੁੱਝ ਕਤਰਦੀ ਹੈ ਤੇ ਸਵੇਰੇ ਸਾਡੇ ਦਫਤਰ ਪਹੁੰਚਣ ਤੋਂ ਪਹਿਲਾਂ ਗਾਇਬ ਹੁੰਦੀ ਹੈ। ਉਹ ਆ ਕਿੱਥੋਂ ਰਹੀ ਹੈ ਇਹ ਵੀ ਪਤਾ ਨਹੀਂ ਲੱਗਦਾ। ਕਿਤੇ ਅੰਦਰੋ ਅੰਦਰ ਹੀ ਪੈਦਾ ਹੋ ਕੇ ਲੁਪਤ ਨਾ ਹੋ ਜਾਂਦੀ ਹੋਵੇ। ਇਹ ਰਹੱਸ ਬਣ ਗਿਆ ਹੈ। ਹੁਣ ਉਹਦੀ ਜੋ ਇਨਵਿਜ਼ੀਵਲ ਹੋਂਦ ਹੈ, ਸਾਨੂੰ ਉਹਨੇ ਈ ਵਖਤ ਪਾਇਆ ਪਿਆ ਹੈ। ਗੈਰ-ਹਾਜ਼ਰ ਹਾਜ਼ਰੀ। ਐਸ ਲਈ ਫਰਕ ਤਾਂ ਪੈਂਦਾ ਹੀ ਹੈ। ਅੱਛਾ ਇਹ ਜੇਕਰ ਕਚਹਿਰੀ 'ਚੋਂ ਨਿਕਲ

ਕੇ ਕਲੱਬ ਆਵੇਗਾ, ਤਾਂ ਇਹਦਾ ਸਟੇਟਸ ਸਿੰਬਲ ਵੀ ਬਦਲੇਗਾ। ਇਹਨੂੰ ਸ਼ਰਾਬ ਵੀ ਓਸ ਪੱਧਰ ਦੀ ਹੀ ਪੀਣੀ ਪਵੇਗੀ। ਆਖਿਰ ਕਲੱਬ ਦੇ ਮੈਂਬਰ ਹੋ। ਖਾਣੇ ਦਾ ਆਰਡਰ ਵੀ। ਫਿਰ ਤੁਸੀਂ ਮੈਂਬਰ ਹੋ ਤਾਂ ਬੱਚਿਆਂ ਨੂੰ ਕਦੇ-ਕਦਾਈਂ ਨਾਲ ਲੈ ਕੇ ਜਾਣਾ ਜ਼ਰੂਰੀ। ਬੀਵੀ ਨੂੰ ਤੰਬੋਲਾ ਵੀ ਖੇਡਣਾ ਪੈਣਾ ਏ। ਸੂਟ ਵੀ ਓਸੇ ਸਟੈਂਡਰਡ ਦੇ ਪਾਉਣੇ ਪੈਣਗੇ। ਫਿਰ ਉੱਥੇ ਵਾਹ ਵੱਡੇ ਲੋਕਾਂ ਨਾਲ ਪਏਗਾ। ਸੋਚ ਓਡੀ ਹੀ ਵੱਡੀ ਰੱਖਣੀ ਪਵੇਗੀ। ਬਿਸਨਜ਼ ਕਲਾਸ ਨਾਲ ਵਾਹ, ਤਾਂ ਹੋਰ ਵੀ ਉੱਚਾ ਸੋਚੋ। ਫਿਰ ਕਦੇ-ਕਦਾਈਂ ਕਿੱਟੀ ਪਾਰਟੀ ਵੀ ਰੱਖਣੀ ਪਵੇਗੀ। ਉਹਨਾਂ ਨਾਲ ਬਹਿਣਾ ਉੱਠਣਾ ਹੈ ਤਾਂ ਕਿੱਥੇ ਭੱਜ ਜਾਵੋਗੇ। ਫਿਰ ਸਟ੍ਰੈੱਸ ਵੀ ਵਧੇਗਾ। ਦਵਾਈ ਵੀ ਸਟੈਂਰਡ ਦੇ ਡਾਕਟਰ ਕੋਲੋਂ ਹੀ ਲੈਣੀ ਪੈਣੀ ਹੈ। ਟੈਸਟ ਤਾਂ ਸਾਰੇ ਹੀ ਕਰਵਾਉਣੇ ਪੈਣੇ ਨੇ। ਐਸ ਵਾਸਤੇ ਇਹਨੂੰ ਨਾਲ ਤੋਰਨਾ ਬਹੁਤ ਲਾਜ਼ਮੀ ਹੈ। ਜੇਕਰ ਸੱਚੀਂ ਹੀ ਐਸ ਸ਼ਹਿਰ ਦਾ ਹਾਲ-ਹਵਾਲ ਜਾਨਣਾ ਹੈ ਤਾਂ ਕਚਹਿਰੀ ਵਿੱਚੋਂ ੌਿਕੋ ਇਹ ਪਰਫੈਕਟ ਬੰਦਾ ਹੈ, ਜੋ ਤੁਹਾਨੂੰ ਸੇਧ ਦੇ ਸਕਦਾ ਹੈ।

(ਲੇਖਕ ਬਿਰਤਾਂਤਕਾਰ ਨੂੰ ਟੋਕ ਦਿੰਦਾ ਹੈ ਤੇ ਕਹਿੰਦਾ ਹੈ ਕਿ ਇਹ ਬੰਦਾ ਜਿਸ ਕਲੱਬ ਦੇ ਮੈਂਬਰਾਂ ਨੂੰ ਏਨਾ ਉੱਚਾ ਤੇ ਹੋਰ ਪਤਾ ਨਹੀਂ ਕੀ-ਕੀ ਕਹੀ ਜਾ ਰਿਹਾ ਹੈ, ਮੈਂ ਉਹਨਾਂ ਦਾ ਅਸਲੀ ਰੂਪ ਤੁਹਾਨੂੰ ਦਿਖਾਉਂਦਾ ਹਾਂ। ਇਹ ਬਿਰਤਾਂਤਕਾਰ ਜੋ ਹੁੰਦੇ ਨੇ, ਆਪਣੇ ਆਪ ਨੂੰ ਔਲੀਏ ਸਮਝਣ ਲੱਗ ਪੈਂਦੇ ਨੇ, ਪੱਲੇ ਇਹਨਾਂ ਦੇ ਹੁੰਦਾ ਕੁੱਝ ਨਹੀਂ। ਸਮਾਜ ਨੂੰ ਸਮਝਣ ਵਾਲੀ ਅੱਖ ਇਹਨਾਂ ਕੋਲ ਨਹੀਂ ਹੁੰਦੀ, ਇਨਫਾਰਮੇਸ਼ਨ ਤਾਂ ਬਿਲਕੁੱਲ ਵੀ ਨਹੀਂ ਹੁੰਦੀ ਇਹਨਾਂ ਕੋਲ। ਹੁਣ ਆਹ ਕਲੱਬ ਦੇ ਮੈਂਬਰਾਂ ਬਾਰੇ ਮੈਂ ਦੱਸਦਾਂ ਤੁਹਾਨੂੰ ਬਈ ਇਹ ਕਿੰਨੀ ਕੁ ਕਰਤੂਤ ਦੇ ਮਾਲਕ ਨੇ। ਅਹੁ ਦੇਖਦੇ ਓ ਜੋ ਬਿਜ਼ਨਸਮਾਨ ਕਹਾਉਂਦਾ ਆਪਣੇ ਆਪ ਨੂੰ। ਇਹਦਾ ਪਿਓ ਰਿਟਾਇਰ ਹੋਇਆ ਪ੍ਰਿੰਸੀਪਲ ਦੇ ਅਹੁਦੇ ਤੋਂ। ਉਹ ਆਪਣੇ ਆਪ ਨੂੰ ਕਾਮਰੇਡ ਕਹਾਉਂਦਾ ਹੁੰਦਾ ਸੀ। ਅੰਦਰੋਂ ਬ੍ਰਾਹਮਣ ਸੀ ਰੱਜ ਕੇ। ਜਾਤ ਦਾ ਭੇਤ ਵੀ ਕਰਦਾ ਸੀ। ਲੋਕਾਂ ਸਾਹਮਣੇ ਕਾਮਰੇਡ। ਉਂਝ ਉਹ ਘੋਰ ਕਾਮੀ ਸੀ। ਕਈ ਲੜਕੀਆਂ ਨੇ ਉਹਦੇ ਬਾਰੇ ਸ਼ਿਕਾਇਤ ਵੀ ਕੀਤੀ ਸੀ। ਪਰ ਪ੍ਰਿੰਸੀਪਲ ਨੂੰ ਕੌਣ ਕਹੇ। ਰਿਟਾਇਰ ਹੋਣ ਤੋਂ ਬਾਦ ਉਹ ਜਲਦੀ ਹੀ ਮਰ ਗਿਆ, ਦਮੇ ਦੀ ਬਿਮਾਰੀ ਸੀ ਉਹਨੂੰ। ਉਹਦੀ ਕਮਾਈ ਨਾਲ ਹੁਣ ਇਹ ਲੋਕ ਮਜ਼ੇ ਕਰਦੇ ਨੇ, ਆਪ ਤਾਂ ਬਹੁਤ ਨਲਾਇਕ ਨੇ। ਔਰ ਹੋਛੇ ਏਨੇ ਨੇ ਕਿ ਕਈ ਵਾਰ ਇਹ ਪੈਸੇ ਖਿਲਾਰ ਕੇ ਬਹਿ ਜਾਊ। ਲੋਕਾਂ ਨੂੰ ਦਿਖਾਉਣ ਖਾਤਰ। ਹਲਾਂਕਿ ਇਹਨੂੰ ਵੀ ਪਤਾ ਹੈ ਕਿ ਇੱਥੇ ਆਉਣ ਵਾਲੇ ਸਾਰੇ ਈ ਤਕੜੇ ਲੋਕ ਨੇ, ਪਰ ਨਹੀਂ ਜਾਂਦੀ ਫੁਕਰਿਆਂ ਵਾਲੀ ਆਦਤ। ਅੱਛਾ ਐਵੇਂ ਈ ਸ਼ਹਿਰ ਦੇ ਪੱਤਰਕਾਰਾਂ ਨਾਲ ਤੁਰਿਆ ਫਿਰੂ, ਬਿਨਾਂ ਵਜ੍ਹਾ। ਉਹਨਾਂ ਨਾਲ ਫੋਟੋਆਂ ਕਰਾ ਕੇ ਫੇਸਬੁੱਕ 'ਤੇ ਪਾਉਂਦਾ ਰਹੂ। ਫੁਕਰੀ ਮਾਰਨ ਵਾਸਤੇ ਕਿਸੇ ਨਾ ਕਿਸੇ ਪੱਤਰਕਾਰ ਨੂੰ ਮੋਬਾਇਲ ਮਿਲਾ ਲਊ ਤੇ ਅਵਲੀਆਂ ਟਵਲੀਆਂ ਮਾਰਦਾ ਰਹੂ। ਨਾਲ ਵਾਲੇ ਬੰਦੇ ਨੂੰ ਇਹਦੀ ਹਰ ਹਰਕਤ ਉੱਤੇ ਹਾਸਾ ਆਊ, ਪਰ ਉਹ ਆਪਣਾ ਈ ਸਵਾਦ ਲੈਂਦਾ ਰਹੂ। ਪਿੱਠ ਪਿੱਛੇ ਇਹਦੀ ਉਹ ਬਦਖੋਹੀ ਹੁੰਦੀ ਆ ਕਿ ਪੁੱਛੋ ਕੁੱਝ ਨਾ।

ਇੱਕ ਹੋਰ ਆ ਬਿਸਕੁਟਾਂ ਦੀ ਫੈਕਟਰੀ ਵਾਲਾ। ਉਹ ਵੀ ਕਮਾਲ ਦਾ ਕਰੈਕਟਰ ਆ। ਪਿੰਡਾਂ ਵਾਲੇ ਜਿਹਨਾਂ ਨੂੰ ਬੂਝੜ ਜਿਹੇ ਕਿਹਾ ਕਰਦੇ ਨੇ, ਉਹੀ ਹੈ ਬੱਸ। ਫੈਕਟਰੀ ਚੰਗੀ ਚੱਲ ਰਹੀ ਹੈ। ਉਹਨੂੰ ਸ਼ਹਿਰ ਦੀਆਂ ਹੇਠਲੇ ਦਰਜੇ ਦੀਆਂ ਚਾਲੂ ਤੀਵੀਆਂ ਨਾਲ ਸੰਬੰਧ ਬਣਾ ਕੇ ਆਨੰਦ ਆਉਂਦਾ ਹੈ। ਜਿਸ ਦਿਨ ਉਹ ਕਿਸੇ ਦੇ ਪੈਸੇ ਮਾਰ ਲੈਂਦਾ ਹੈ, ਇਹ ਕਹਿਕੇ ਕਿ ਕੰਮ ਤਾਂ ਹੋਇਆ ਈ ਨਹੀਂ, ਓਸ ਦਿਨ ਉਹਦੇ ਚਿਹਰੇ ਉਤਲੀ ਰੌਣਕ ਵੇਖਣ ਵਾਲੀ ਹੁੰਦੀ ਹੈ। ਇਹ ਐਸ ਕਲੱਬ ਦੇ ਇੱਕ ਗਰੁੱਪ ਦਾ ਰਿੰਗ ਲੀਡਰ ਵੀ ਹੈ। ਬਾਕੀ ਕੀ ਹੋਣਗੇ, ਆਪੇ ਅੰਦਾਜ਼ਾ ਲਗਾ ਲਵੋ। ਬੀਬੀਆਂ ਵਿੱਚੋਂ ਇੱਕ ਉਹ ਵੀ ਆ ਜਿਹੜੀ ਇੱਕ ਰੈਪੂਟੇਸ਼ਨ (ਆਪਣੇ ਆਪ 'ਚ)  ਵਾਲੇ ਪ੍ਰਾਪਰਟੀ ਡੀਲਰ ਦੀ ਤੀਵੀਂ ਆ। ਉੱਚੀ ਲੰਮੀ। ਸੋਹਣੀ। ਇੱਕ ਡੰਗਰ ਜਿਹੇ ਮੰਤਰੀ ਨਾਲ ਸੈੱਟ ਰਹੀ ਆ। ਉਹਦੇ ਤੋਂ ਬਾਅਦ ਇਹਦੇ ਘਰਵਾਲੇ ਦਾ ਕਾਰੋਬਾਰ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ

ਲੱਗ ਪਿਆ ਸੀ। ਉਹਦੇ ਤੋਂ ਬਾਦ ਇਹਨਾਂ ਦੀ ਕੋਠੀ 'ਚੋਂ ਰਾਤ ਨੂੰ ਚੀਕਾਂ ਦੀਆਂ ਅਵਾਜ਼ਾਂ ਆਉਣ ਲੱਗੀਆਂ ਸਨ। ਫਿਰ ਇੱਕ ਦਿਨ ਇਹਦੀ ਲੱਤ ਨੂੰ ਪਲਸਤਰ ਲਾਉਣਾ ਪਿਆ। ਇਹ ਫੌੜੀਆਂ ਆਸਰੇ ਤੁਰਦੀ ਰਹੀ ਕਾਫੀ ਦੇਰ। ਫਿਰ ਇਹਦੇ ਘਰਵਾਲੇ ਨੂੰ ਐਸਾ ਬੁਖਾਰ ਚੜ੍ਹਿਆ ਕਿ ਟੁੱਟੇ ਹੀ ਨਾ। ਅੱਲਾਹ ਦੀ ਮਰਜ਼ੀ ਕਿ ਬੁਖਾਰ ਦੀ ਕਿਸੇ ਡਾਕਟਰ ਨੂੰ ਸਮਝ ਹੀ ਨਾ ਆਵੇ। ਫਿਰ ਉਹ ਪੂਰਾ ਹੋ ਗਿਆ। ਸੁਣਿਆ ਹੈ ਕਿ ਏਨੇ ਨੂੰ ਇਹਦੇ ਪੁੱਤ ਦੀ ਡਿਗਰੀ ਪੂਰੀ ਹੋ ਗਈ ਸੀ, ਹੁਣ ਉਹ ਇਹਦਾ ਕਾਰੋਬਾਰ ਸੰਭਾਲਦਾ ਹੈ। ਇਹ ਵੀ ਸੁਣਿਆ ਹੈ ਕਿ ਠੀਕ ਪਹਿਲਾਂ ਵਾਲੀਆਂ ਚੀਕਾਂ ਉਹਨਾਂ ਦੀ ਕੋਠੀ ਵਿੱਚੋਂ ਵੀ ਉੱਠਦੀਆਂ ਨੇ। ਹੁਣ ਇਹ ਨੂੰਹ ਦੀਆਂ ਨੇ। ਮੰਤਰੀ ਵੀ ਖਬਰ ਲੈਣ ਆਉਂਦਾ ਰਹਿੰਦਾ ਹੈ। ਪਰ ਏਨੇ ਉਤਰਾਅ ਚੜ੍ਹਾਅ ਦੇ ਬਾਵਜੂਦ ਇਹਦਾ ਕਲੱਬ ਆਉਣਾ ਬਿਲਕੁੱਲ ਨਹੀਂ ਘਟਿਆ।

ਦੂਸਰਾ, ਮਿਡਲ ਕਲਾਸੀ ਸਾਰੀਆਂ ਬਿਮਾਰੀਆਂ ਆਉਂਦੀਆਂ ਨੇ ਏਥੇ। ਬਲੱਡ ਪ੍ਰੈਸ਼ਰ ਦੀ ਆਮਦ ਦਿਨੋਂ ਦਿਨ ਵੱਧ ਰਹੀ ਆ। ਸ਼ੂਗਰ ਵੀ ਗੇੜਾ ਲਾਉਂਦੀ ਹੀ ਰਹਿੰਦੀ ਹੈ। ਸਰਵਾਈਕਲ ਦਾ ਫੇਰਾ ਤਾਂ ਆਮ ਹੈ। ਕਿਤੇ ਕਿਤੇ ਡੈਸਕ ਪ੍ਰਬਾਲਮ ਸੋਫਿਆਂ ਉੱਤੇ ਬਹਿਣ ਤੋਂ ਇਨਕਾਰ ਕਰ ਦਿੰਦੀ ਹੈ। ਉਹਦੇ ਵਾਸਤੇ ਫਿਰ ਬਾਹਰ ਲਾਅਨ 'ਚ ਸਪੈਸ਼ਲ ਕੁਰਸੀ ਡਹਿੰਦੀ ਹੈ। ਇੱਕ ਅੱਧ ਪੈਰਾਲਾਈਜ਼ਡ ਲੱਤ ਵੀ ਖੂੰਡੀ ਸਹਾਰੇ ਕਿਤੇ ਕਿਤੇ ਡਿਨਰ ਕਰ ਜਾਂਦੀ ਹੈ। ਇਹਨਾਂ ਬਿਮਾਰੀਆਂ ਨਾਲ ਬੱਚੇ ਵੀ ਆਉਂਦੇ ਨੇ। ਘਟੀਆ ਤੋਂ ਘਟੀਆ ਸ਼ਰਾਰਤ ਕਰਨਗੇ। ਸੈਂਸਟਿਵ ਆਦਮੀ ਉਹਨਾਂ ਦੀ ਸ਼ਰਾਰਤ ਦੇਖ ਕੇ ਹੀ ਦਹਿਲ ਜਾਵੇ। ਇਹਨਾਂ ਬਿਮਾਰੀਆਂ ਨੂੰ ਖਾਣ ਦਾ ਸਲੀਕਾ ਭਾਵੇਂ ਨਾ ਵੀ ਹੋਵੇ, ਨੱਕ ਬੜਾ ਉੱਚਾ ਹੁੰਦਾ। ਵਾਹ ਲੱਗਦੀ ਇਹ ਚਾਹੁੰਦੇ ਈ ਰਹਿੰਦੇ ਨੇ ਕਿ ਕਿਸੇ ਨਾ ਕਿਸੇ ਸਕੀਮ ਤਹਿਤ ਹੀ, ਰਿਆਇਤੀ ਦਰ ਉੱਤੇ ਹੀ ਖਾਣਾ ਮਿਲੇ। ਨਹੀਂ ਤਾਂ ਕਲੱਬ ਦੇ ਮੈਂਬਰ ਬਨਣ ਦਾ ਕੀ ਫਾਇਦਾ?

ਇੱਕ ਹੋਰ ਗੱਲ ਨਾਲ ਤੁਹਾਨੂੰ ਸਾਫ ਕਰ ਦਿੰਦਾ ਹਾਂ ਕਿ ਆਖਿਰ ਇਹ ਲੋਕ ਖੋਖਲੇ ਕਿਸ ਹੱਦ ਤੱਕ ਨੇ। ਸ਼ਾਮ ਦੀ ਮਹਿਫਿਲ ਭਖੀ ਹੋਵੇਗੀ। ਏਨੇ ਨੂੰ ਗੁਪਤਾ ਜੀ ਆਉਣਗੇ। '' ਆਜੋ ਆਜੋ..ਗੁਪਤਾ ਸਾਹਿਬ..! ਵਾਹ ਜੀ ਵਾਹ! ਨਮਸਤੇ ਜੀ..ਨਮਸਤੇ ਜੀ..!! ਲਿਆ ਬਈ ਮੁੰਡਿਆ..ਦੇਹ ਪੈੱਗ ਸਾਹਬ ਨੂੰ..!'' ਗੁਪਤਾ ਸਾਹਬ ਦੀ ਸਿਫਤ ਹੈ ਕਿ ਹਾੜ ਜਾਵੇ ਸਿਆਲ ਜਾਵੇ, ਇਹਨਾਂ ਨੇ ਗਲਾਸ ਪੂਰਾ ਬਰਫ ਨਾਲ ਭਰ ਲੈਣਾ ਹੈ ਤੇ ਉਹਦੇ ਵਿੱਚ ਪੈੱਗ ਪਵਾਉਣਾ ਹੈ। ਫਿਰ ਇੱਕ ਜਾਰ ਬਰਫ ਦਾ ਭਰ ਲੈਣਾ ਹੈ, ਜਿਹੜਾ ਪੈੱਗ 'ਚ ਪਾਣੀ ਪਾਉਣਾ ਹੈ, ਉਹ ਵੀ ਓਸ ਜਾਰ ਵਿੱਚੋਂ। ਇਕ ਜਾਰ ਸੋਢੇ ਵਾਲਾ, ਉਹ ਵੀ ਬਰਫ ਨਾਲ ਤੁੰਨ ਲੈਣਾ ਹੈ, ਸੋ ਸੋਢਾ ਵੀ ਓਸੇ ਜਾਰ ਵਿੱਚੋਂ। ਭਾਵ ਇਹ ਕਿ ਦਾਰੂ ਨਾਲ ਦੋ ਕਿਲੋ ਬਰਫ ਈ ਪੀ ਜਾਣੀ ਹੈ। ਸਾਰਿਆਂ ਨੂੰ ਪਤਾ ਹੈ ਕਿ ਗੁਪਤਾ ਸਾਹਬ ਨੇ ਬਰਫ ਤੋਂ ਬਗੈਰ ਨਹੀਂ ਪੀਣੀ। ਨਵੇਂ ਆਏ ਬੰਦੇ ਨੂੰ ਗੁਪਤਾ ਸਾਹਬ ਦੀ ਵਡਿਆਈ ਹਰੇਕ ਨੇ ਸੁਣਾਉਣੀ ਹੀ ਸੁਨਾਉਣੀ ਹੈ। ਉਹ ਇਹਦੇ ਕਰਕੇ ਹੀ ਮਸ਼ਹੂਰ ਹੈ। ਹੁਣ ਮੈਂ ਤੁਹਾਨੂੰ ਦੱਸਾਂ ਕਿ ਚੱਕਰ ਕੀ ਹੈ? ਚੱਰਕ ਇਹ ਹੈ ਕਿ ਇੱਥੇ ਜਿੰਨੇ ਵੀ ਆਉਂਦੇ ਨੇ, ਉਹ ਸਾਰੇ ਇਕਨਾਮੀਕਲੀ ਲਗਭਗ ਇੱਕੋ ਹੀ ਸਟੇਟਸ ਵਾਲੇ ਨੇ। ਫਿਰ ਕਿਸੇ ਦੀ ਹੋਂਦ ਕੀ ਹੈ ਦੂਸਰੇ ਸਾਹਮਣੇ? ਕੁੱਝ ਵੀ ਨਹੀਂ। ਗੁਪਤਾ ਸਾਹਬ ਨੇ ਇੱਕ ਤਰੀਕਾ ਕੱਢ ਲਿਆ ਆਪਣੀ ਵੱਖਰੀ ਪਹਿਚਾਣ ਦਾ। ਗੁਪਤਾ ਸਾਹਬ ਬਰਫ ਤੋਂ ਬਗੈਰ ਨਹੀਂ ਪੀ ਸਕਦੇ! ਇਹ ਨੇ ਲੋਕ..! ਮੈਂ ਤਾਂ ਇਹਨਾਂ ਦੇ ਨਾਲ ਵਿਚਰਦਾ ਹਾਂ। ਮੇਰੇ ਦੋਸਤ ਨੇ ਇਹਨਾਂ ਵਿੱਚੋਂ ਕਈ। ਮੇਰੇ ਬਗੈਰ ਉਹ ਸ਼ਰਾਬ ਪੀਂਦੇ ਈ ਨਹੀਂ। ਐਸ ਨਾਵਲ ਵਿੱਚ ਵੀ ਇਹਨਾਂ ਦਾ ਪਰਵੇਸ਼ ਮੇਰੇ ਕਰਕੇ ਹੀ ਬਣੇਗਾ। ਮੈਂ ਜਾਣਦਾਂ ਇਹਨਾਂ ਦੀਆਂ ਸਾਰੀਆਂ ਰਮਜ਼ਾਂ ਤੇ ਕਮਜ਼ੋਰੀਆਂ। ਇਹ ਕਿੰਨੇ ਨੀਵੇਂ ਨੇ ਮੈਨੂੰ ਸੱਭ ਪਤਾ। .. ਤੇ ਸਾਡਾ ਬਿਰਤਾਂਤਕਾਰ ਕਹਿੰਦਾ ਉੱਚੇ! ਵਾਹ ਓਏ ਬਿਰਤਾਂਤਕਾਰਾ!)

ਯਾਰ ਇਹਨੇ ਲੇਖਕ ਨੇ ਵੀ ਕਈ ਕੰਮ ਖਰਾਬ ਕਰ ਦੇਣੇ ਹੁੰਦੇ ਨੇ। ਅਸੀਂ ਕਿੰਨੇ ਵਧੀਆ ਤਰੀਕੇ ਨਾਲ ਸਾਰੇ ਕਲੱਬ ਦਾ ਮੁਆਇਨਾ ਕਰ ਦੇਣਾ ਸੀ, ਇਹ ਸਾਡੇ ਵਿਅੰਗ ਨੂੰ ਸਮਝੇ ਬਗੈਰ ਹੀ ਕਾਹਲਾ ਪੈ ਗਿਆ। ਆਹ ਜਿਹੜਾ ਕਰੈਕਟਰ ਅਸੀਂ ਕਚਹਿਰੀ ਤੋਂ ਚੁੱਕਿਆ ਸੀ, ਇਹਦੇ ਮਨ-ਮਸਤਕ ਦੀ ਰੀਸ਼ੇਪਿੰਗ ਹੁੰਦੀ ਤੁਹਾਨੂੰ ਦਿਖਾ ਦੇਣੀ ਸੀ ਕਿ ਕਿਵੇਂ ਸੁਹਬਤ ਜਿਹੜੀ ਹੈ, ਉਹ ਬੰਦੇ ਦੇ ਅੱਖਾਂ ਉੱਤੇ ਪੱਟੀ ਬੰਨ੍ਹ ਸਕਦੀ ਹੈ। ਕਿਵੇਂ ਤੁਸੀਂ ਓਸੇ ਭ੍ਰਮ 'ਚ ਉਡਣ ਲੱਗਦੇ ਹੋ, ਜਿਹੜੇ ਭ੍ਰਮ 'ਚ ਸੁਹਬਤ ਉੱਡ ਰਹੀ ਹੁੰਦੀ ਹੈ। ਕਿਵੇਂ ਤੁਸੀਂ ਖੁਦ ਨਾਲ ਝੂਠ ਬੋਲ ਕੇ, ਖੁਦ ਨੂੰ ਖੁਦਾ ਸਮਝ ਕੇ, ਖੁਦ ਦੇ ਪਾਸਾਰ ਨੂੰ ਇਨ ਟੋਟਲ ਮੰਨ ਕੇ ਤੁਰੇ ਫਿਰਦੇ ਹੋ। ਦੂਸਰਿਆਂ ਨੂੰ ਓਸੇ ਕਸਵੱਟੀ 'ਤੇ ਰੱਖਦੇ ਹੋ। ਨਹੀਂ ਉਹ ਫਲਾਣਾ ਜੋ ਹੈ, ਉਹਨੂੰ ਨਾ ਹੀ ਬੁਲਾਇਆ ਜਾਵੇ ਐਸ ਫੰਕਸ਼ਨ 'ਤੇ। ਫਿਰ ਮਨ ਵਿੱਚੋਂ ਅਵਾਜ਼ ਆਏਗੀ ਕਿ ਯਾਰ ਪਹਿਲਾਂ ਅਸੀਂ ਵੀ ਓਸੇ ਵਾਲੀ ਪੁਜ਼ੀਸ਼ਨ ਵਿੱਚ ਸਾਂ ਤਾਂ ਉਹ ਬੰਦਾ ਨਾਲ ਖੜ÷ ਦਾ ਰਿਹਾ। ਪਰ ਨਹੀਂ ਅੱਜ ਸਟੇਟਸ ਵਾਲੇ ਬੰਦੇ ਨਾਲ ਹੋਣਗੇ, ਉਹਨੂੰ ਨਾ ਈ ਸੱਦੀਏ। ਉਹਨੂੰ ਕਿਤੇ ਇਕੱਲੇ ਨੂੰ ਮਾੜੀ ਮੋਟੀ ਦਾਰੂ ਪਿਆ ਛੱਡਾਂਗੇ। ਸੁਹਬਤ ਜਿੱਤ ਗਈ। ਉਹ ਪਾਰਟੀ ਉੱਤੇ ਆਈ, ਨਾਲ ਪਾਲਤੂ ਕੁੱਤਾ ਵੀ ਲੈ ਆਈ। ਇਹ ਇਕੱਲਾ ਰਹਿ ਈ ਨਹੀਂ ਸਕਦਾ। ਨਾਲ ਈ ਲਜਾਣਾ ਪੈਂਦਾ। ਇਹ ਤਾਂ ਸੌਂਦਾ ਵੀ ਮੰਮੀ ਨਾਲ ਈ ਐ। ਤੇ ਮੰਮੀ ਆਪਣੀ ਨੂੰਹ ਨੂੰ ਮਾਤ ਪਾ ਰਹੀ। ( ਇੱਥੇ ਹੀ ਸਾਡਾ ਜੋਕਰ ਉਰਫ ਉੱਡਣਾ ਸੱਪ ਪ੍ਰਗਟ ਹੁੰਦਾ ਹੈ ਤੇ ਇਹਦੇ ਬਾਰੇ ਸੂਹ ਦੇ ਜਾਂਦਾ ਹੈ। ਇਹ ਸਿਟੀ ਕਲੱਬ ਦੀ ਸੱਭ ਤੋਂ ਐਕਟਿਵ ਮੈਂਬਰ ਹੈ। ਸਵੇਰੇ ਸਵਿੰਮਿੰਗ ਕਰਦੀ ਹੈ। ਸ਼ਾਮ ਵੇਲੇ ਯੋਗਾ। ਫੈਸ਼ਨ ਭਾਂਤ-ਸੁਭਾਂਤ ਦਾ। ਸਰੀਰ ਕਾਇਮ ਹੈ। ਘਰਵਾਲਾ ਸਰਵਾਈਕਲ ਤੋਂ ਪਰੇਸ਼ਾਨ ਹੈ। ਇਹ ਕਹਿੰਦਿਆਂ ਜੋਕਰ ਦੀਆਂ ਅੱਖਾਂ ਵਿੱਚ ਜੋ ਸ਼ਰਾਰਤ ਹੈ, ਉਹ ਚਮਕ ਮਾਰਦੀ ਹੈ। ਫਿਰ ਉਹ ਦੱਸ ਗਿਆ ਹੈ ਕਿ ਐਸ ਡੌਗ ਨੇ ਇਹਨਾਂ ਦਾ ਅੱਜਕੱਲ÷  ਜੀਣਾ ਦੁੱਭਰ ਕੀਤਾ ਪਿਆ ਹੈ। ਇਹ ਸੱਭ ਦੇ ਸਾਹਮਣੇ ਹੀ ਕਿਸੇ ਨਾ ਕਿਸੇ ਦੀ ਲੱਤ ਨਾਲ ਘਿਸਰਨ ਲੱਗਦਾ ਹੈ। ਇਹਨਾਂ ਨੂੰ ਮੇਟਿੰਗ ਵਾਸਤੇ ਕੋਈ ਬਿੱਚ ਐਸ ਨਸਲ ਦੀ ਲੱਭ ਨਹੀਂ ਰਹੀ। ਡੌਗ ਦਿਨੋਂ ਦਿਨ ਐਗਰੈਸਿਵ ਹੋ ਰਿਹਾ ਹੈ। ) ਖੈਰ ਹੁਣ ਸਾਰੀ ਪਾਰਟੀ ਉੱਤੇ ਸੁਹਬਤ ਦਾ ਰਾਜ਼ ਹੈ। ਐਸੇ ਦੀ ਦੱਸ ਉੱਤੇ ਕੈਟਰਿੰਗ ਵਾਲੇ ਕੀਤੇ ਸਨ। ਸ਼ਰਾਬ ਵੀ ਇਹਨਾਂ ਦੇ ਸਟੈਂਡਰਡ ਦੀ ਹੀ। ਫਲਾਂ ਤੋਂ ਲੈ ਕੇ ਕਈ ਕੁੱਝ ਵਿਦੇਸ਼ੀ ਹੈ। ਪਾਰਟੀ ਸਿਖਰ ਵੱਲ ਵਧ ਰਹੀ ਹੈ। ਸੁਹਬਤ ਬੈਠ ਗਈ ਹੈ। ਵਾਈਨ ਆ ਗਈ ਹੈ। ਸੁਹਬਤ ਨੇ ਦੋ ਵਾਰ ਬਰਾਅ ਦੀ ਤਣੀ ਕਮੀਜ਼ ਦੇ ਅੰਦਰ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਨੂੰਹ ਨੇ ਮੂੰਹ ਬਣਾਇਆ ਹੈ। ਸੁਹਬਤ ਨੇ ਧਿਆਨ ਨਹੀਂ ਦਿੱਤਾ। ਆਪਣਾ ਪਲਾਜ਼ੋ ਰਤਾ ਕੁ ਉਤਾਂਹ ਕਰਕੇ ਪਿੰਡਲੀ ਦੀ ਲਿਸ਼ਕੋਰ ਨਾਲ ਕਿਸੇ ਨੂੰ ਸੱਦਾ ਦਿੱਤਾ। ਨੂੰਹ ਡੌਗ ਕੋਲ ਚਲੇ ਗਈ ਹੈ, ਬੱਚਿਆਂ ਨੇ ਓਸਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਕਰਕੇ ਉਹ ਗੁੱਸਾ ਕਰ ਰਿਹਾ ਹੈ। ਸੁਹਬਤ ਨੇ ਗਲੇ ਨਾਲੋਂ ਕਾਲਰ ਲਾਹ ਲਿਆ ਹੈ। ਤਕਲੀਫ ਤਾਂ ਭਾਵੇਂ ਹੈ, ਪਰ ਹੁਣ ਪਾਰਟੀ 'ਤੇ ਬੁਰੇ ਲੱਗੀਦਾ। ਸਰਵਾਈਕਲ ਦਾ ਗਲਾ ਘੁੱਟਣ ਲਈ ਪੈੱਗ ਸੰਘ 'ਚ ਸੁੱਟਿਆ ਹੈ। ਇੱਕ ਲੋਰ ਜਿਹੀ ਉੱਠੀ ਹੈ। ਉਦੋਂ ਤੱਕ ਡੀਜੇ ਦੇ ਸ਼ੋਰ ਨੇ ਸੱਭ ਦੀ ਆਵਾਜ਼ ਨਿਗਲ ਲਈ ਹੈ। ਹੁਣ ਸਿਰਫ ਲੱਤਾਂ ਬਾਹਾਂ ਮਾਰੀਆਂ ਜਾ ਰਹੀਆਂ ਨੇ। ਇਹ ਸ਼ੋਰ ਸਾਡੇ ਤੋਂ ਨਹੀਂ ਸੁਣਿਆ ਜਾਣਾ, ਸੋ ਇੱਥੋਂ ਚਲੇ ਜਾਣਾ ਹੀ ਬਿਹਤਰ ਹੈ। ਐਸ ਚੈਪਟਰ ਵੱਲ ਮੁੜ ਕੇ ਆਉਣਾ ਹੀ ਨਹੀਂ ਯਾਰ। ਜਿਹੜੇ ਰਾਹ ਨਹੀਂ ਤੁਰਨਾ, ਉਹਦੇ ਕੋਹ ਵੀ ਕਾਹਤੋਂ ਗਿਣਨੇ?

***********

ਮੇਰਾ ਆਸ਼ਿਕ ਝੱਲਾ..ਵੱਲਾ! ਮੇਰਾ ਬਲਮਾ ਝੱਲਾ.. ਵੱਲਾ!!

(ਪਿਛਲਖੁਰੀ ਤੁਰਨ ਵਾਲੇ ਪਾਤਰ ਦੀ ਮਨੋਚੇਤਨਾ)

ਯਾਰ ਇੰਝ ਕਿਵੇਂ ਕਰਦੇ ਰਹੇ ਉਹ ਦੇਹ ਨਾਲ? ਅਸੀਂ ਲੋਕ ਤਾਂ ਮ੍ਰਿਤ ਦੇਹ ਦਾ ਸਤਿਕਾਰ ਜ਼ਿਆਦਾ ਕਰਦੇ ਹਾਂ। ਉਹ ਕਿਉਂ ਇੰਝ ਕਰਦੇ ਰਹੇ? ਬਾਂਸ ਲਿਆਂਦੇ। ਚਲੋ ਕੋਈ ਨਾ, ਕਰਦੇ ਹੋਣਗੇ ਇਹਨਾਂ ਦੇ ਇਵੇਂ ਈ। ਪੌੜੀ ਜਿਹੀ ਬੰਨ÷ ੀ। ਬੰਨ÷ ੀ ਕਾਹਦੀ ਬੱਸ ਵਲ਼ ਜਿਹੇ ਪਾ ਦਿੱਤੇ। ਫੇਰ ਲਾਸ਼ ਉੱਤੇ ਲਿਆ ਰੱਖੀ, ਜਿਵੇਂ ਬੰਦੇ ਦੀ ਨਹੀਂ ਕਿਸੇ ਪਸ਼ੂ ਦੀ ਹੋਵੇ। ਕੋਈ ਭਾਵਨਾ ਹੀ ਨਹੀਂ ਸੀ ਬੰਦਿਆਂ ਦੇ ਚਿਹਰਿਆਂ ਉੱਤੇ। ਫੇਰ ਰੱਸੀ ਨਾਲ ਨੂੜ ਦਿੱਤੀ ਲਾਸ਼। ਬਾਂਹ ਉਹਦੀ ਬਾਹਰ ਉੱਲਰ ਗਈ। ਉੱਲਰੀ ਰਹਿਣ ਦਿੱਤੀ। ਤੂੰ ਜਵਾਈ ਏਂ ਤੂੰ ਹੱਥ ਨਹੀਂ ਲਾਉਣਾ। ਯਾਰ ਬੋਲ ਵੀ ਨਹੀਂ ਸਕਦੇ। ਇਹ ਆਪਣੇ ਆਪ ਨੂੰ ਵੱਡਾ ਵੀ ਮੰਨਦਾ ਹੈ। ਸੋਚਦਾ ਵੀ ਹੈ ਕਿ ਤੁਸੀਂ ਸਾਰੇ ਮੈਨੂੰ ਵੱਡਾ ਮੰਨੋ। ਇਹ ਸੱਸ ਦਾ ਮਾਮਾ ਹੈ। ਵਾਰ-ਵਾਰ ਇਹੀ ਕਹੀ ਜਾ ਰਿਹੈ,''ਅਸੀਂ ਬ੍ਰਾਹਮਣ ਹਾਂ, ਸਾਡੀਆਂ ਆਪਣੀਆਂ ਮਨੌਤਾਂ ਨੇ।'' ਉਹ ਤਾਂ ਸ਼ੁਕਰ ਐ ਕਿ ਅਰਥੀ ਵਾਲੀ ਗੱਡੀ ਨਾਲ ਸਟਰੈਚਰ ਆ ਗਿਆ, ਨਹੀਂ ਤਾਂ ਲਾਸ਼ ਖਿਲਰ ਜਾਣੀ ਸੀ ਰਾਹ 'ਚ ਈ! ਪਰਮਾਤਮਾਂ ਇਹੋ ਜਿਹੇ ਵੇਲੇ ਆਪੇ ਸਿੱਧ ਕਰ ਦਿੰਦਾ।

**

ਹਈ ਕਲੱਪ ਇਹਨਾਂ ਦੇ ਵੱਲ ਏਨਾ ਪੈਂਦਾ ਨਹੀਂ। ਇਹ ਸਮਝਦਾਰ ਨੇ ਜਾਂ ਨਿਰਮੋਹੇ, ਕਹਿ ਨਹੀਂ ਸਕਦੇ। ਬੱਸ ਡੁਸਕਦੇ ਨੇ। ਬਹੁਤਾ ਅੰਦਰ ਈ ਪੀ ਜਾਂਦੇ ਨੇ। ਤਦੇ ਸਾਲੇ ਨਾਰਮਲ ਨਹੀਂ ਲੱਗਦੇ। ਹਰ ਇੱਕ ਆਪਣੇ ਹੀ ਹਉਮੈ ਵਿੱਚ ਬੱਝਾ ਹੋਇਆ। ਨਹੀਂ ਜੀ ਹਮ ਤੋ ਕਹਾਂ ਖੁਦਾ ਹੈਂ। ਹਮਾਰੀ ਹੀ ਸੁਨੀ ਜਾਏ। ਹਮ ਹੀ ਅਕਲ ਵਾਲੇ ਹੈਂ। ਬਾਕੀ ਤਾਂ ਜਿਵੇਂ ਉੱਲੂ ਈ ਨੇ। 'ਏਧਰੋਂ ਬੰਨ੍ਹੋ ਰੱਸੀ। ਓਧਰੋਂ ਖੋਲ੍ਹ ਦਿਓ।' ਮਰਨ ਵਾਲੇ ਦਾ ਪੁੱਤਰ ਬਿਚਾਰਾ ਬਿੱਟ-ਬਿੱਟ ਝਾਕੀ ਜਾ ਰਿਹਾ। ਉਹਨੂੰ ਸੁੱਝ ਕੁਝ ਨਹੀਂ ਰਿਹਾ। 'ਸਮਗਰੀ ਪੂਰੀ ਨਹੀਂ ਲਿਆਂਦੀ ਗਈ। ਲਿਆਓ।' ਕੰਜਰ ਦੇ ਨੇ ਲਾਸ਼ ਰਖਾ ਲਈ। ਮੁੰਡਾ ਦੌੜਿਆ ਹੱਟੀ ਵੱਲ। ਉਹ ਵਾਹਵਾ ਦੂਰ। ਤਦ ਤੱਕ ਲਈ ਲਾਸ਼ ਰੱਖੀ ਛੱਡੋ। ਕਿਸੇ ਨੂੰ ਸਮਝ ਹੀ ਨਾ ਆਵੇ। ਮੁੰਡਾ ਸਮਗਰੀ ਲੈ ਕੇ ਆਇਆ। ਤਾਂ ਜਾ ਕੇ ਧਮਾਨ ਭੰਨਿਆ। ਸ਼ੁਕਰ ਆ ਮਾਲਕ ਦਾ।

**

'ਅਸੀਂ ਬਰਾਹਮਣ ਹਾਂ। ਸਾਡੀਆਂ ਆਪਣੀਆਂ ਮਨੌਤਾਂ ਨੇ। ਅਸੀਂ ਗਿਆਰਵਾਂ ਈ ਕਰਨਾ ਆ। ਹਰਿਦੁਆਰ ਤੋਂ ਤੁਸੀਂ ਪਹੇਵੇ ਜ਼ਰੂਰ ਜਾਣਾ ਹੈ, ਫਿਰ ਉੱਥੋਂ ਸਿੱਧੇ ਈ ਕਿਰਿਆ ਵਾਲੀ ਥਾਂ ਆਉਣਾ ਹੈ।' ਮਰਨ ਵਾਲੇ ਦੀ ਵੱਡੀ ਕੁੜੀ ਇਹਨਾਂ ਤੋਂ ਬਹੁਤ ਖਿਝਦੀ ਹੈ। ਉਹ ਪੈ ਨਿਕਲੀ। ਆਪਣੀ ਮਾਂ ਨੂੰ ਕਹਿਣ ਲੱਗੀ,'ਤੁਸੀਂ ਆਪਣੇ ਪੇਕਿਆਂ ਵਾਲੀਆਂ ਰਸਮਾਂ ਕਿਵੇਂ ਕਰ ਸਕਦੇ ਹੋ? ਤੁਸੀਂ ਸ਼ੁਕਲੇ ਓ, ਤਾਂ ਸ਼ੁਕਲਿਆਂ ਵਾਲੀਆਂ ਰਸਮਾਂ ਕਰੋ। ਆਪਣੇ ਦਿਓਰ ਜੇਠਾਂ ਨੂੰ ਪੁੱਛ ਲੈ। ਉਹ ਦੱਸਣਗੇ। ਇਹਨਾਂ ਵਾਲੀਆਂ ਕਿਵੇਂ ਕਰ ਲਵੇਂਗੀ?' ਮਾਂ ਤਾਂ ਭੁੱਬੀਂ ਰੋ ਪਈ,' ਇਹ ਕੀ? ਅਜੇ ਤਾਂ ਤੇਰੇ ਬਾਪ ਦਾ ਸਿਵਾ ਵੀ ਠੰਡਾ ਨਹੀਂ ਹੋਇਆ, ਹੁਣੇ ਮੈਨੂੰ ਪੈਣ ਲੱਗ ਪਏ। ਮੇਰੇ ਮਾਮਾ ਜੀ ਨੇ ਜਿਵੇਂ ਕਹਿਣਗੇ, ਵੱਡੇ ਨੇ, ਉਹਨਾਂ ਨੂੰ ਕਿਵੇਂ ਟੋਕ ਦਿਆਂ।' ਗੱਲ ਏਨੀ ਵਧੀ ਕਿ ਕਾਵਾਂ ਰੌਲੀ ਪੈ ਗਈ। ਇਹ ਮਰਨ ਵਾਲੇ ਦਾ ਘਰ ਐ? ਐਸ ਘਰ 'ਚ ਮੌਤ ਹੋਈ ਹੈ? ਯਾਰ ਇਹ ਕਿਹੋ ਜਿਹੇ ਲੋਕ ਨੇ। ਲੱਗਦਾ ਨਹੀਂ ਕਿ ਕਿਸੇ ਦਾ ਵੀ ਮਰਨ ਵਾਲੇ ਨਾਲ ਜੁੜਾਵ ਸੀ। ਬੱਸ ਆਵਾਜ਼ਾਂ ਆ ਰਹੀਆਂ ਨੇ ਬੇਸਿਰ ਪੈਰ। ਕਾਂ ਕਾਂ ਕਾਂ ਕਾਂ। ਮੈਂ ਮੈਂ ਮੈਂ ਮੈਂ। ਉੱਫ!

**

'ਇੰਝ ਕਰ ਇੱਕ ਟੈਂਪਰੇਰੀ ਚੁੱਲ੍ਹਾ ਬਣਾ। ਆਟਾ ਗੁੰਨ÷  ਤੇ ਅੱਧਕੱਚੀਆਂ ਰੋਟੀਆਂ ਬਣਾ। ਦਾਲ ਸਬਜ਼ੀ ਵੀ ਅੱਧਕੱਚੀ ਜਿਹੀ। ਇਹ ਪ੍ਰੇਤ ਆਤਮਾਵਾਂ ਵਾਸਤੇ ਹੁੰਦੀਆਂ ਨੇ। ਉਹ ਇਹਨਾਂ ਨਾਲ ਈ ਖੁਸ਼ ਹੁੰਦੀਆਂ ਨੇ। ਅਸਤੀਆਂ ਚੁਗਣ ਤੋਂ ਪਹਿਲਾਂ

ਉਹਨਾਂ ਦੀ ਪੂਜਾ ਕਰਨੀ ਪੈਂਦੀ ਹੈ।' ਮਰਨ ਵਾਲੇ ਦੀ ਨੂੰਹ ਨੇ ਰੋਟੀਆਂ ਬਣਾਈਆਂ। ਸਬਜ਼ੀ ਬਣਾਈ। ਅਸਤ ਚੁਗੇ ਗਏ। ਫਿਰ ਇੱਕ ਪਾਸਿਓਂ ਪੰਡਿਤ ਦੀ ਅਵਾਜ਼ ਆਈ,'ਲਓ ਜੀ ਆਤਮਾ ਰਾਮ!' 'ਵਾਹ ਕਿਆ ਬਾਤ ਐ! ਬਈ ਆਤਮਾ ਰਾਮ ਤਾਂ ਐਨ ਕੰਪਲੀਟ ਐ !' ਇਹ ਉਹੀ ਬੁੱਢੇ ਦੀ ਅਵਾਜ਼ ਹੈ, ਜੋ ਐਸ ਵਕਤ ਇਹਨਾਂ ਦਾ ਵਡੇਰਾ ਬਣਿਆ ਫਿਰਦਾ ਹੈ। ਆਤਮਾ ਰਾਮ ਹਰੇਕ ਦੇ ਹੱਥ 'ਚ ਨਿੱਕੇ ਜਿਹੇ ਖਿਡੌਣੇ ਵਾਂਗ ਉੱਡਿਆ ਫਿਰਦਾ ਹੈ।

**

'ਕਿਰਿਆ ਤਾਂ ਚੰਗੀ ਹੋ ਗਈ, ਪਰ ਦਾਲ ਰਤਾ ਕੁ ਪਤਲੀ ਸੀ। ਇਹ ਸੰਘਣੀ ਹੋਣੀ ਚਾਹੀਦੀ ਸੀ। ਤੁਸੀਂ ਮੁਹੱਲੇ 'ਚੋਂ ਬਹੁਤੇ ਬੰਦੇ ਸੱਦੇ ਈ ਨਹੀਂ? ਸੱਦਣੇ ਚਾਹੀਦੇ ਸੀ। ਅਸੀਂ ਰਿਸ਼ਤੇਦਾਰ ਆਂ, ਅਸੀਂ ਤਾਂ ਆਉਣਾ ਈ ਸੀ। ਇੱਕ ਗੱਲ ਹੋਰ ਕਿ ਜਿਹੜੀਆਂ ਪਲੇਟਾਂ ਸਨ, ਉਹ ਵੀ ਪਤਲੀਆਂ ਜਿਹੀਆਂ ਈ ਸਨ। ਕੜਾਹ 'ਚ ਵੀ ਜ਼ਿਆਦਾ ਘਿਓ ਪਾ ਤਾ। ਇਹ ਹਲਵਾਈ ਕਿੱਥੋਂ ਮੰਗਵਾਇਆ ਸੀ? ਬਹੁਤਾ ਸਸਤੇ ਕੰਮ ਕਰਨ ਵਾਲਾ ਈ ਲੱਗਦਾ ਸੀ।' ਇਹ ਬੰਦਾ ਪਤਾ ਨਹੀਂ ਕੀ ਸ਼ੈਅ ਹੈ। ਸਾਰਿਆਂ ਤੋਂ ਵੱਡਾ ਬਣਿਆ ਰਹੇਗਾ ਤੇ ਸਾਰਿਆਂ ਤੋਂ ਛੋਟੀ ਸੋਚ ਵਾਲਾ। ਇਹਨੂੰ ਪੁੱਛੇ ਕਿ ਤੇਰੇ ਭਾਣਜ ਜਵਾਈ ਦੀ ਕਿਰਿਆ ਸੀ ਤੇ ਤੂੰ ਆਹ ਕੀ-ਕੀ ਬੋਲੀ ਤੁਰਿਆ ਜਾ ਰਿਹੈਂ? ਪਰ ਕੌਣ ਕਿਹਨੂੰ ਕੀ ਕਹੇ? ਫਿਰ ਐਸ ਘਰ ਦੇ ਇੱਕ ਕੋਨੇ 'ਚੋਂ ਉਹੀ ਅਵਾਜ਼ਾਂ ਉੱਭਰਨੀਆਂ ਸ਼ੁਰੂ ਹੋ ਗਈਆਂ ਨੇ। ਕਾਂ ਕਾਂ ਕਾਂ ਕਾਂ! ਮੈਂ ਮੈਂ ਮੈਂ ਮੈਂ! ਸ਼ੋਰ ਕੰਧਾਂ ਪਾੜਨ ਲੱਗਾ ਹੈ। ਮਰਨ ਵਾਲਾ ਜਿਵੇਂ ਸੱਚਮੁੱਚ ਈ ਮਰ ਗਿਐ, ਸਾਰਿਆਂ ਦੇ ਮਨਾਂ ਵਿੱਚੋਂ। ਯਾਰ ਇੰਞ ਵੀ ਹੁੰਦਾ ਦੁਨੀਆ 'ਤੇ!

ਸਲੱਮ 'ਚ ਸੈਕਸ

''ਓਸ ਦਿਨ ਮੇਰਾ ਜਨਮ ਦਿਨ ਸੀ। ਇੱਕ ਦੋਸਤ ਨੇ ਜ਼ਿੱਦ ਈ ਫੜ ਲਈ। ਤੁਹਾਨੂੰ ਤਾਂ ਪਤਾ ਭਾਜੀ ਮੈਂ ਏਦਾਂ ਦੇ ਕੰਮ ਘੱਟ ਈ ਕਰਦਾਂ। ਪਰ ਉਹ ਮੈਨੂੰ ਛੱਡੇ ਈ ਨਾ। ਪਹਿਲਾਂ ਅਸੀਂ ਬੀਅਰਾਂ ਪੀਤੀਆਂ। ਫੇਰ ਉਹ ਮੈਨੂੰ ਆਹ ਬਸਤੀਆਂ ਵੱਲ ਲੈ ਗਿਆ। ਭਾਜੀ ਬੜੀ ਹੁੰਦੜ ਹੇਲ ਜਨਾਨੀ ਸੀ। ਬਾਹਵਾ ਉੱਚੀ ਲੰਮੀ। ਇਹਨੇ ਮੈਨੂੰ ਅੰਦਰ ਭੇਜਤਾ। ਉਹਨੇ ਬੜੇ ਅਰਾਮ ਨਾਲ ਕੱਪੜੇ ਲਾਹੇ। ਤੇ ਜਿੱਦਾਂ ਉਹਨੇ ਆਪਣੀ ਪੈਂਟੀ ਤਹਿ ਕੀਤੀ, ਮੈਨੂੰ ਸੁੱਝੇ ਕੁੱਝ ਨਾ।...ਭਾਜੀ ਲੋਕ ਬਹੁਤ ਦੂਰ ਬੈਠੇ ਆ।''

''ਫੇਰ ਇਹੀ ਮੇਰਾ ਦੋਸਤ ਇੱਕ ਵਾਰ ਮੈਨੂੰ ਲੈ ਗਿਆ ਸੀ ਇੱਕ ਘਰ। ਮੈਨੂੰ ਜਨਾਨੀ ਕੋਲ ਵਿਹੜੇ 'ਚ ਬਿਠਾ ਕੇ ਆਪ ਅੰਦਰ ਚਲਿਆ ਗਿਆ। ਅੰਦਰ ਓਸੇ ਜਨਾਨੀ ਦੀ ਭੈਣ ਸੀ, ਕੁਆਰੀ। ਉਹ ਉਹਦੇ ਤੋਂ ਇਹ ਕੰਮ ਕਰਵਾਉਂਦੀ ਸੀ। ਉਹਦੇ ਘਰ ਵਾਲਾ ਢੋਲੀ ਸੀ। ਉਹਨੂੰ ਜਦੋਂ ਪਤਾ ਲੱਗਦਾ ਕਿ ਕੋਈ ਗਾਹਕ ਆਉਣ ਵਾਲਾ ਤਾਂ ਉਹ ਘਰੋਂ ਬਾਹਰ ਚਲਿਆ ਜਾਂਦਾ ਸੀ।

.....ਇਹ ਤਾਂ ਹਾਲਤ ਆ ਲੋਕਾਂ ਦੀ...।''

''ਇੱਕ ਹੋਰ ਕਿੱਸਾ ਸੁਣਾਉਂਦਾਂ ਮੈਂ ਤੁਹਾਨੂੰ। ਇੱਕ ਹੋਰ ਆ ਮੇਰਾ ਯਾਰ...। ਉਹ ਮੈਨੂੰ ਏਦਾਂ ਈ ਕਿਤੇ ਲੈ ਗਿਆ। ਉਥੇ ਗਰੀਬੀ ਬਹੁਤ ਸੀ। ਅਸੀਂ ਜਿੱਥੇ ਗਏ ਤਾਂ ਉਹ ਜਨਾਨੀ ਆਪਣੇ ਨਿਆਣੇ ਨੂੰ ਦੁੱਧ ਚੁੰਘਾ ਰਹੀ ਸੀ। ਗਾਹਕ ਆਏ ਦੇਖੇ ਤਾਂ ਨਿਆਣੇ ਦੇ ਮੂੰਹ 'ਚੋਂ ਦੁੱਧ ਕੱਢ ਸਾਡੇ ਕੋਲ ਆ ਗਈ। ਨਿਆਣਾ ਰੋਣ ਲੱਗ ਪਿਆ।

...ਮੈਂ ਤਾਂ ਭਾਜੀ ਬਾਹਰ ਈ ਆ ਗਿਆ।''

''ਇੱਕ ਵਾਰੀ ਏਦਾਂ ਦਾ ਈ ਇੱਕ ਹੋਰ ਕਾਂਡ ਵਾਪਰਿਆ ਸੀ। ਅਸੀਂ ਦੋ ਜਣੇ ਸੀ। ਬਸਤੀਆਂ 'ਚ ਇੱਕ ਘਰ ਚਲੇ ਗਏ। ਉਹ ਕੁੜੀ ਚੌਲ ਖਾ ਰਹੀ ਸੀ। ਅਜੇ ਉਹਦੀ ਪਲੇਟ 'ਚ ਬਾਹਵਾ ਚੌਲ ਸਨ। ਅਸੀਂ ਗਏ ਤਾਂ ਉਹ ਚੌਲ ਛੱਡ ਕੇ ਸਾਨੂੰ ਅੰਦਰ ਲੈ ਗਈ, ਗੱਲਬਾਤ ਕਰਨ ਲਈ...। ਉਹਨੇ ਮੁੰਡੇ ਨੇ ਲੇੜ੍ਹ ਲਈ। ਮੈਂ ਤਾਂ ਇਹੀ ਸੋਚਦਾ ਰਿਹਾ ਕਿ ਮੇਰਾ ਬਾਪੂ ਕਹਿੰਦਾ ਹੁੰਦਾ, ਖਾਣਾ ਖਾਂਦੇ ਵਿੱਚੋਂ ਕਦੇ ਨਹੀਂ ਉੱਠਣਾ ਚਾਹੀਦਾ...।''

ਲੇਖਕ ਨੇ ਐਸ ਮੁੰਡੇ ਦੀਆਂ ਗੱਲਾਂ ਵੱਲ ਧਿਆਨ ਦਿੱਤਾ ਹੈ ਜਾਂ ਨਹੀਂ ਕਹਿ ਨਹੀਂ ਸਕਦੇ। ਪਰ ਏਨਾ ਜ਼ਰੂਰ ਕਿਹਾ,

''ਮੈਂ ਨਹੀਂ ਕਿਸੇ ਨਾਲ ਸੌਦੇ ਵਾਲਾ ਸੈਕਸ ਕਰ ਸਕਦਾ।''

*************

ਬਗੀਚੀ ਬਾਹਮਣਾਂ 'ਚ ਇੱਕ ਮਿਡਲ ਕਲਾਸੀ ਪਰਵਾਰ ਦੇ ਮੁੰਡੇ ਨੇ ਸਲੱਮ 'ਚ ਕਿਸੇ ਔਰਤ ਨਾਲ ਸੈਕਸ ਕਰ ਲਿਆ। ਸੈਕਸ ਵੀ ਬਿਨਾ ਕੰਡੋਮ ਦੇ। ਫਿਰ ਉਹਨੇ ਪੜ੍ਹ ਲਈ ਏਡਜ਼ ਬਾਰੇ ਕਿਤਾਬ। ਹੁਣ ਉਹਨੂੰ ਆਪਣੇ ਸਰੀਰ ਦੇ ਅੰਗ 'ਚੋਂ ਏਡਜ਼ ਦੇ ਲੱਛਣ ਉੱਗਦੇ ਨਜ਼ਰ ਆਉਂਦੇ ਨੇ। ਉਹ ਵਿਆਹਿਆ ਹੋਇਆ ਵੀ ਆ। ਹੁਣ ਉਹਦਾ ਕੋਈ ਇਲਾਜ ਨਹੀਂ ਹੋ ਰਿਹਾ।

''....ਮੈਨੂੰ ਲੱਗਦੈ ਮੇਰੇ ਲਿੰਗ 'ਤੇ ਛਾਲਕੇ ਜਿਹੇ ਨਿਕਲ ਰਹੇ ਨੇ।''

''...ਕਦੇ ਲੱਗਦੈ ਮੇਰੀ ਚਮੜੀ 'ਤੇ ਧੱਬੇ ਪੈਣ ਲੱਗ ਪਏ ਨੇ...।''

''ਲੱਤਾਂ ਖੁੱਸ ਰਹੀਆਂ ਨੇ...।''

''ਸਾਹ ਚੜ੍ਹਨ ਲੱਗ ਪਿਐ, ਜੇ ਮਾੜਾ ਜਿਹਾ ਵੀ ਜ਼ੋਰ ਲੱਗ ਜਾਵੇ...।''

''ਅੱਖਾਂ 'ਚ ਚਟਿਆਈ ਉਤਰ ਆਈ ਆ...।''

''ਮੇਰਾ ਤਾਂ ਦਮਾਗ ਪਾਟਣ ਨੂੰ ਆ ਰਿਹਾ। ਮੈਂ ਵੀ ਕਿੰਨਾ ਮੂਰਖ ਆਂ ਜੋ ਏਦਾਂ ਕਰ ਲਿਆ..। ਉਹਨੇ ਵੀ ਸਾਲੀ ਨੇ ਨਾਂਹ ਨਹੀਂ ਕੀਤੀ...। ਚਲੋ ਉਹ ਤਾਂ ਹੁੰਦੀਆਂ ਈ ਇੰਝ ਦੀਆਂ ਨੇ...। ਪਰ ਮੈਂ ਇਹ ਕੀ ਕਰ ਲਿਆ?''

ਰਿਪੋਰਟ ਉਹਦੀ ਭਾਵੇਂ ਨੈਗੇਟਿਵ ਹੈ, ਪਰ ਇਲਾਜ ਉਹਦਾ ਕੋਈ ਨਹੀਂ ਕਰ ਪਾ ਰਿਹਾ।

*************

ਅੱਜ ਕੱਲ੍ਹ ਮੇਰੇ ਯਾਰ

ਮੈਂ ਅੱਜ ਕੱਲ੍ਹ ਲੇਖਕਾਂ ਨੂੰ ਮਿਲਣਾ ਲੱਗਭੱਗ ਛੱਡ ਚੁੱਕਾ ਹਾਂ, ਇਹ ਮੈਨੂੰ ਚੰਗੇ ਨਹੀਂ ਲੱਗਦੇ। ਮੈਂ ਕਿਸੇ ਕਿਸੇ ਦਿਨ ਆਪਣੇ ਤਾਜ਼ਾ ਦੋਸਤਾਂ ਨਾਲ ਤੁਹਾਨੂੰ ਮਿਲਾਇਆ ਕਰਾਂਗਾ। ਅੱਜ ਜਿਸ ਦੋਸਤ ਬਾਰੇ ਚਾਰ ਗੱਲਾਂ ਲਿਖਣੀਆਂ ਨੇ, ਉਹ ਜਲੰਧਰ ਦਾ ਬਹੁਤ ਵੱਡਾ ਇੰਡਸਟਰੀਅਲਿਸਟ ਹੈ। ਮਿਲੇਗਾ, ਤਾਂ ਮੋਬਾਇਲ ਉੱਤੇ ਕੈਲਕੂਲੇਟਰ ਖੋਲ੍ਹ ਲਵੇਗਾ। ਦੱਸੇਗਾ ਕਿ ਜਲੰਧਰ ਵਿੱਚ ਕਿੰਨਾ ਕੂੜਾ ਹਰ ਰੋਜ਼ ਇਕੱਠਾ ਹੁੰਦਾ ਹੈ। ਐਸਤੋਂ ਕਿੰਨੀ ਬਿਜਲੀ ਬਣ ਸਕਦੀ ਹੈ ਤੇ ਕਿੰਨਾ ਕੋਲਾ। ਫਿਰ ਇਹ ਪਲਾਂਟ ਤਿਆਰ ਕਰੇਗਾ, ਜੋ ਹਰ ਗਲੀ ਦੀ ਨੁੱਕਰ ਉੱਤੇ ਲੱਗੇਗਾ। ਓਸਤੋਂ ਹੋਣ ਵਾਲੀ ਆਮਦਨ ਨੂੰ ਸਫਾਈ ਸੇਵਕਾਂ ਵਿੱਚ ਤਕਸੀਮ ਕਰਨ ਦੀ ਗੱਲ ਕਰੇਗਾ। ਉਹਨਾਂ ਲਈ ਲੜੇਗਾ। ਉਹਦੇ ਦਫਤਰ ਜਾਓ, ਹਰ ਵਕਤ ਕੰਿਪਉਟਰ 'ਤੇ ਬਿਜ਼ੀ ਹੋਵੇਗਾ। ਤੁਹਾਡੇ ਨਾਲ ਗੱਲਾਂ ਵੀ ਚੱਲਦੀਆਂ ਰਹਿਣਗੀਆਂ ਤੇ ਕੰਪਿਉਟਰ ਵੀ। ਦੇਖਣ ਵਾਲਾ ਦੰਗ ਰਹਿ ਜਾਵੇਗਾ। ਮਜ਼ੇ ਦੀ ਗੱਲ ਕਿ ਕੰਪਿਉਟਰ ਉੱਤੇ ਉਹ ਕਰ ਕੁੱਝ ਵੀ ਨਹੀਂ ਰਿਹਾ ਹੁੰਦਾ, ਬੱਸ ਚੈੱਸ ਖੇਡ ਰਿਹਾ ਹੁੰਦਾ ਹੈ। ਉਹਦੇ ਨਾਲ

ਤੁਸੀਂ ਦਾਰੂ ਨਹੀਂ ਪੀ ਸਕਦੇ, ਕਿਉਂਕਿ ਉਹ ਦਾਰੂ ਹਮੇਸ਼ਾ ਗੱਡੀ ਵਿੱਚ ਪੀਏਗਾ ਤੇ ਲਾਂਗ ਡਰਾਈਵ ਉੱਤੇ ਲੈ ਜਾਵੇਗਾ। ਗੱਡੀ ਵੀ ਜ਼ਿਆਦਾ ਸਪੀਡ 'ਤੇ ਚਲਾਵੇਗਾ। ਪਰ ਮੈਂ ਓਸ ਨਾਲ ਪੀ ਲੈਂਦਾ ਹਾਂ। ਦਰਅਸਲ ਇਹ ਮੇਰਾ ਸਿੱਧਾ ਦੋਸਤ ਨਹੀਂ ਹੈ, ਦੋਸਤ ਦਾ ਦੋਸਤ ਹੈ। ਉਹ ਦੋਸਤ ਜਿਹੜਾ ਇਹਦੇ ਨਾਲ ਮਿਲ ਕੇ ਇੱਕ ਅਜਿਹੀ ਸੰਸਥਾ ਬਣਾਈ ਫਿਰਦਾ ਹੈ, ਜਿਹਦੇ ਰਾਹੀਂ ਇਹ ਸਮਾਜਕ ਕਾਰਜ ਕਰਦੇ ਨੇ। ਉਹ ਕਾਰਜ ਜਿਹੜੇ ਕਿਸੇ ਇੱਕ ਲਈ ਨਹੀ, ਪੂਰੇ ਸਮਾਜ ਲਈ ਲਾਹੇਵੰਦ ਹੋਣ। ਇਹਨਾਂ ਨੂੰ ਭੁੱਸ ਉੱਠੇਗਾ ਕਿ ਪੂਰੇ ਸ਼ਹਿਰ ਦੀਆਂ ਵੱਡੀਆਂ ਬਿਲਡਿੰਗਾਂ ਦਾ ਮੀਂਹ ਦਾ ਪਾਣੀ ਧਰਤੀ 'ਚ ਜੀਰਣਾ ਚਾਹੀਦਾ ਹੈ। ਸੋ, ਇਹ ਮਿਸ਼ਨ ਬਣਾ ਲੈਣਗੇ ਬਾਰਿਸ਼ ਦੇ ਪਾਣੀ ਦੀ ਸੰਭਾਲ ਦਾ। ਫਿਰ ਸ਼ਹਿਰ ਦੀਆਂ ਵੱਡੀਆਂ ਬਿਲਡਿੰਗਾਂ 'ਚ ਇਹ ਪ੍ਰਯੋਗ ਕੀਤਾ ਜਾਵੇਗਾ। ਕਮਾਲ ਹੋ ਜਾਵੇਗੀ। ਇਹਨਾਂ ਦੀ ਸਫਲਤਾ ਦੀ ਪ੍ਰੈੱਸ ਕਾਨਫਰੰਸ ਚੱਲੇਗੀ। ਜਦੋਂ ਕਾਨਫਰੰਸ ਚੱਲੇਗੀ, ਤਾਂ ਉਹਦਾ ਵਿਸ਼ਾ ਹੋਵੇਗਾ ਸ਼ਹਿਰ ਵਿੱਚੋਂ ਪਟਾਕਿਆਂ ਦੀ ਮਾਰਕੀਟ ਸ਼ਹਿਰੋਂ ਬਾਹਰ ਹੋਣੀ ਚਾਹੀਦੀ ਹੈ। ਡੀਸੀ ਨੂੰ ਮੰਗ ਪੱਤਰ ਪਹੁੰਚ ਜਾਵੇਗਾ। ਸ਼ਹਿਰ ਦੇ ਪਟਾਕਾ ਵਪਾਰੀਆਂ ਨਾਲ ਮੁਲਾਕਾਤ ਚੱਲੇਗੀ। ਸ਼ਹਿਰ ਬਾਰੂਦ ਦੇ ਢੇਰ ਉੱਤੇ ਬੈਠਾ ਹੈ। ਬਜ਼ਾਰ ਤੰਗ ਨੇ। ਲੋਕਾਂ ਦੀ ਜਾਨ ਦਾ ਖੌਅ ਹੈ। ਆਖਿਰ ਫਿਰ ਕਾਮਯਾਬੀ ਦੀ ਪ੍ਰੈੱਸ ਕਾਨਫਰੰਸ ਚੱਲੇਗੀ। ਫਿਰ ਖਬਰ ਆਏਗੀ ਕਿ ਓਸ ਮਿੱਤਰ ਨੇ ਕੁੱਝ ਇਲਾਕਾ ਵਾਸੀਆਂ ਨਾਲ ਮਿਲ ਕੇ ਡਰੱਗ ਮਾਫੀਆ ਖਿਲਾਫ ਮੋਰਚਾ ਖੋਲ੍ਹ ਲਿਆ ਹੈ। ਫਿਰ ਮਾਫੀਆ ਨਾਲ ਮੁਕਾਬਲਾ ਬਣੇਗਾ। ਪੁਲਿਸ ਇੱਕ ਪਾਸੇ, ਇਹ ਇੱਕ ਪਾਸੇ ਤੇ ਮਾਫੀਆ ਸਾਹਮਣੇ। ਗੋਲੀਆਂ ਚੱਲਣਗੀਆਂ। ਇੱਕ ਪੁਲਿਸ ਅਫਸਰ ਵੀ ਜ਼ਖਮੀ। ਮਾਫੀਆ ਦੇ ਕੁੱਝ ਡੌਨ ਚੁੱਕੇ ਜਾਣਗੇ। ਕੇਸ ਚੱਲੇਗਾ। ਘੱਟੋ-ਘੱਟ ਨੌ ਬਦਮਾਸ਼ਾਂ ਨੂੰ ਸਜ਼ਾ ਕਰਵਾ ਕੇ ਆਪ ਹੱਥ ਝਾੜਦਾ ਕਹੇਗਾ, '' ਮੇਰੇ ਪਿਤਾ ਕਹਿੰਦੇ ਹੁੰਦੇ ਸਨ ਕਿ ਡਰ ਕੇ ਨਹੀਂ ਜੀਣਾ। ਗਰੀਬ ਦਾ ਭਲਾ ਕਰਨਾ ਹਰ ਹਾਲਤ।'' ਫਿਰ ਓਸ ਥਾਂ, ਜਿੱਥੇ ਜ਼ਹਿਰ ਵਿਕਦਾ ਸੀ, ਇਹ ਕੁੱਝ ਖੋਖੇ ਪਵਾ ਦੇਵੇਗਾ ਗਰੀਬਾਂ ਨੂੰ ਫੁੱਲ ਵੇਚਣ ਖਾਤਰ। ਵੈਸੇ ਹੁਣ ਬਹਾਨਾ ਮਿਲ ਗਿਆ ਆਪਾਂ ਨੂੰ, ਇੰਝ ਕਰਦੇ ਆਂ ਕਿ ਇਹਦੇ ਕੋਲੋਂ ਐਸ ਸ਼ਹਿਰ ਦੇ ਇੱਕ-ਅੱਧ ਬਦਮਾਸ਼ ਬਾਰੇ ਪੁੱਛਦੇ ਹਾਂ। ਇਹਨੂੰ ਬਹੁਤ ਨਾਲੇਜ ਹੈ। ਇਉਂ ਸਾਡੇ ਕੋਲ ਸ਼ਹਿਰ ਦੇ ਬਦਮਾਸ਼ਾਂ ਦੀ ਪ੍ਰਤੀਨਿਧਤਾ ਹੋ ਜਾਵੇਗੀ। ਨਹੀਂ ਤਾਂ ਆਲੋਚਕਾਂ ਨੇ ਕਹਿਣਾ ਕਿ ਕਿਸੇ ਸ਼ਹਿਰ ਦਾ ਏਡਾ ਵੱਡਾ ਪੱਖ ਛੱਡ ਦੇਣਾ ਸਾਹਿਤ ਨਾਲ ਨਿਆਂ ਨਹੀਂ। ਉਹਨਾਂ ਦਾ ਮੂੰਹ ਵੀ ਬੰਦ ਕਰ ਦਿੰਦੇ ਹਾਂ। ਲਓ ਫੇਰ ਇਹਦੀ ਜ਼ੁਬਾਨੀ ਹੀ ਸੁਣੋ-

ਇੱਕ ਸਫਾਈ ਕਾਮਾ ਮਲੰਗੀ ਰਾਮ ਸੀ। ਹੈਂਡੀਕੈਪਡ ਸੀ। ਉਹਦੀਆਂ ਲੱਤਾਂ ਕੰਮ ਨਹੀਂ ਸੀ ਕਰਦੀਆਂ। ਉਹਦੀਆ ਲੱਤਾਂ ਨਾ ਕੰਮ ਕਰਦੀਆਂ ਹੋਣ ਕਰਕੇ ਤੇ ਉਹਦਾ ਵੱਡਾ ਮੁੰਡਾ ਵਿਹਲਾ ਰਹਿਣ ਕਰਕੇ, ਸ਼ਰਾਬੀ ਰਹਿਣ ਕਰਕੇ ਜੇਬ ਕਤਰਾ ਬਣ ਗਿਆ ਸੀ। ਇੱਕ ਉਹਦਾ ਮੁੰਡਾ ਸ਼ਰੀਫ ਸੀ, ਉਹ ਸਿਨਮੇ 'ਚ ਗੇਟ ਕੀਪਰ ਲੱਗ ਗਿਆ ਸੀ। ਸਟਾਰਟ ਤੋਂ...। ਸ਼ੋਕੀ ਵਿਚਲਾ ਮੁੰਡਾ ਸੀ। ਸ਼ੋਕੀ ਨੂੰ ਮੰਨ ਲਵੋ। ਉਹਦੇ ਕਰੈਕਟਰ ਤੋਂ ਚੱਕੋ। ਬਾਕੀਆਂ ਨੂੰ ਨਾਲ ਮੇਲ ਲਵਾਂਗੇ। ਸ਼ੋਕੀ ਦੀ ਭੈਣ ਵੀ ਸੀ ਇੱਕ। ਗੰਦੀ ਹੋ ਗਈ ਸੀ। ਸ਼ੋਕੀ ਦਾ ਆਪਣਾ ਕਰੈਕਟਰ ਸੀ ਪਈ ਸ਼ੋਕੀ ਲੰਗੜੇ ਪਿਓ ਦੀਆਂ ਸਿਗਟਾਂ ਲੈਣ ਜਾਇਆ ਕਰਦਾ ਸੀ। ਉਹਦਾ ਪਿਓ ਅਕਸਰ, ਕਿਉਂਕਿ ਲੰਗੜਾ ਹੋਣ ਕਰਕੇ ਘਰ ਰਹਿੰਦਾ ਸੀ ਤੇ ਜਿਹੜੀ ਸ਼ੋਕੀ ਦੀ ਮਾਂ ਸੀ ਤੇ ਭੈਣ ਸੀ, ਉਹ ਜੋ ਸਫਾਈ ਕਰਕੇ ਲਿਆਂਦੀਆਂ ਸੀ, ਜਿਹੜੀ ਰੋਟੀ ਪਾਣੀ ਮਿਲਦੀ ਸੀ, ਉਹ ਆ ਕੇ ਪਿਓ ਕੋਲ ਢੇਰੀ ਲਾ ਦਿੰਦੀਆਂ ਸੀ। ਸ਼ੋਕੀ ਨੂੰ ਜਿਹੜਾ ਬੀੜੀਆਂ ਵਗੈਰਾ ਲੈਣ ਜਾਣ ਦਾ ਕੰਮ ਸੀ, ਉਹਦੇ ਵਿੱਚੋਂ ਦੁਆਨੀ ਚੁਆਨੀ, ਮਰੂੰਡਾ-ਮਰਾਂਡਾ ਮਿਲਦਾ ਸੀ, ਤਾਂ ਸ਼ੋਕੀ ਐਸ ਲਾਲਚ ਨੂੰ ਆਪਣੇ ਕੰਮ ਨੂੰ ਦੌੜ ਕੇ ਜਾਂਦਾ ਸੀ। ਜਦੋਂ ਦੌੜ ਕੇ ਜਾਂਦਾ ਸੀ ਤਾਂ ਰਾਹ 'ਚ ਕਦੇ ਕਿਸੇ ਕੁੱਤੇ ਨੂੰ ਰੋੜਾ ਮਾਰ, ਕਦੇ ਕੁਛ ਕਰ, ਕਦੇ ਕੁਛ ਕਰ, ਕਦੇ ਕੁਛ ਕਰ। ਸ਼ੋਕੀ ਡੌਨ ਨੇ, ਉਹਦੇ ਆਪ ਸੁਣਾਈ ਹੋਈ ਗੱਲ ਏ ਕਿ ਉਹਦੇ ਦਿਮਾਗ 'ਚ ਇੱਕ ਗੱਲ ਆਈ, ਪਈ ਸਾਡਾ ਮੁਹੱਲਾ ਜਿਹੜਾ ਆ, ਇਹ ਗਰੀਬਾਂ ਦਾ ਮੁਹੱਲਾ ਆ। ਜਦੋਂ ਬਾਹਰ ਨਿਕਲਦੇ

ਆਂ ਤਾਂ ਦੇਖਦੇ ਆਂ ਕਿ ਲੋਕਾਂ ਦੇ ਕਿੰਨੇ ਸੋਹਣੇ-ਸੋਹਣੇ ਕੱਪੜੇ ਪਾਏ ਹੁੰਦੇ ਆ। ਮੇਰਾ ਵੀ ਦਿਲ ਕੀਤਾ ਕਿ ਮੈਂ ਵੀ ਸੋਹਣੇ ਕੱਪੜੇ ਪਾਵਾਂ। ਸਕੂਲ ਪੜ੍ਹ ਨਹੀਂ ਸਕਿਆ। ਅਨਪੜ੍ਹ ਸੀ। ਅੰਗੂਠਾ ਛਾਪ। ਨੰਗੇ ਪੈਰ। ਉਹ ਨੋਟ ਨਹੀਂ ਗਿਣ ਸਕਦਾ ਸੀ। ਉਹ ਕਿਉਂ ਨਹੀਂ ਗਿਣ ਸਕਦਾ ਸੀ, ਕਿੱਦਾਂ ਗਿਣਦਾ ਸੀ,ਉਹ ਵੀ ਤੁਹਾਨੂੰ ਦੱਸਾਂਗਾ। ਉਹ ਮਤਲਬ, ਤੁਹਾਡੇ ਘਰ ਤੋਂ ਬਾਹਰ ਓਡੀਅਨ ਸਿਨਮਾ ਹੁੰਦਾ ਸੀ, ਤੁਹਾਨੂੰ ਪਤਾ ਈ ਹੋਣਾ। ਓਡੀਅਨ ਸਿਨਮਾ ਹੁੰਦਾ ਸੀ। ਮਾਰਕੀਟ ਸੀ। ਓਸ ਗਲੀ ਦੇ ਵਿੱਚ ਉਹਨੇ ਇੱਕ ਸਕੀਮ ਲੱਭੀ, ਕੱਪੜੇ ਨਵੇਂ ਪਾਣ ਦੀ। ਉਦੋਂ ਨਾ ਮੁਹੱਲਿਆਂ 'ਚ ਬੀਬੀਆਂ ਆਉਂਦੀਆਂ ਸੀ ਪੁਰਾਣੇ ਕੱਪੜੇ ਲੈ ਕੇ ਟੱਬ-ਟੁੱਬ ਵੇਚਣ ਆਉਂਦੀਆਂ ਸੀ। ਉਹ ਸ਼ੋਕੀ ਡੌਨ ਨੇ ਕਬੂਤਰ ਰੱਖ ਲਏ। ਕਬੂਤਰਾਂ ਨੂੰ ਦਾਣਾ ਪਾਣਾ, ਜੋ ਵੀ ਕਰਨਾ...। ਉਹਨੂੰ ਸ਼ੌਕ ਪੈ ਗਿਆ। ਉਹ ਨਿੱਕਾ ਸੀ, ਸ਼ਤਾਨ ਸੀ। ਸਕੂਲ ਜਾਂਦਾ ਨਹੀਂ ਸੀ। ਸ਼ਤਾਨ ਹੋ ਗਿਆ ਕਿ ਕਦੀ ਓਧਰ ਦੇਖ, ਕਦੀ ਏਧਰ ਦੇਖ, ਓਧਰ ਦੌੜ, ਏਧਰ ਦੌੜ...। ਸ਼ੋਕੀ ਡੌਨ ਨੇ ਕੀ ਕੀਤਾ, ਕਬੂਤਰ ਲਿਆ, ਉਹਦੇ ਦਿਮਾਗ 'ਚ ਸਕੀਮ ਆ ਗਈ। ਉਹਨੇ ਨਾਲ ਦੇ ਮੁਹੱਲੇ 'ਚ ਜਾਣਾ..ਉਹਨੇ ਕਬੂਤਰ ਸਿਖਾਏ ਹੋਏ ਸੀ..ਸਿਖਾਏ ਨਹੀਂ ਉਹਦੇ ਕੰਟਰੋਲ 'ਚ ਸੀ। ਉਹਨੇ ਕਬੂਤਰ ਛੂੰਹ ਕਰਦਾ ਸੁੱਟਣਾ, ਤਾਂ ਕਬੂਤਰ ਨੇ ਕਿਸੇ ਘਰ ਦੇ ਬਨੇਰੇ ਉੱਤੇ ਬਹਿ ਜਾਣਾ, ਉਹਨੇ ਕੁੰਡਾ ਖੜਕਾਉਣਾ ਕਿ ਆਂਟੀ ਮੇਰਾ ਕਬੂਤਰ ਉੱਪਰ ਬੈਠ ਗਿਆ, ਮੈਂ ਕਬੂਤਰ ਲੈ ਆਵਾਂ। ਉਹਨਾਂ ਕਹਿਣਾ ਲੈਜਾ ਬੱਚਾ। ਉਹਨੇ ਕਬੂਤਰ ਲੈਣ ਜਾਣਾ ਨਾ, ਉਹਨੇ ਜਿੰਨੇ ਵੀ ਕੱਪੜੇ ਉੱਤੇ ਸੁੱਕਣੇ ਪਾਏ ਹੋਣੇ, ਗੰਢ ਬੰਨ੍ਹ ਕੇ ਥੱਲੇ ਸੁੱਟ ਦੇਣੀ, ਗਲੀ 'ਚ ਸੁੱਟ ਦੇਣੀ। ਆਣਾ, ਗੰਢ ਚੁੱਕਣੀ ਨਾਲ ਹੀ ਸੱਭ। ਫੇਰ ਉਹਨੇ ਏਦਾਂ ਕੱਪੜੇ ਵੇਚ ਵੂਚ ਕੇ ਕੱਪ, ਗਲਾਸ, ਟੱਬ ਵਗੈਰਾ ਚਾਰ-ਪੰਜ ਸੌਦੇ ਘਰ ਦੇ ਬਣਾਏ। ਪਿਓ ਉਹਦਾ ਹੈਂਡੀਕੈਪਡ ਸੀ। ਚੱਲਿਆ ਖੇਲ ਇਹ ਦਸ ਪੰਦਰਾਂ ਦਿਨ। ਇੱਕ ਅੱਧ ਪੈਂਟ ਪੁੰਟ ਉਹਨੇ ਕੱਟ-ਵੱਢ ਕੇ, ਮੇਚ ਮੂਚ ਕਰਕੇ ਪਾ ਵੀ ਲਈ। ਓਹਦੇ ਪਿਓ ਨੇ ਨਹੀਂ ਸਾਡੀ ਈ ਏ, ਐਥੇੋਂ ਮਿਲੀ, ਉਥੋਂ ਮਿਲੀ, ਮਤਲਬ ਚੋਰੀ 'ਤੇ ਪਰਦਾ ਪਾ ਤਾ। ਫੇਰ ਮੁਹੱਲੇ 'ਚ ਕਿੰਨਾ ਕੁ ਏਦਾਂ ਕਰ ਸਕਦਾ ਸੀ। ਇੱਕ ਕੀਤਾ, ਦੋ ਕੀਤੇ, ਚਾਰ ਕੀਤੇ, ਖੱਪ ਪੈ ਗਈ ਕਿ ਏਦਾਂ-ਏਦਾਂ ਮੁੰਡਾ ਆਂਦਾ ਐ ਤੇ...। ਫੇਰ ਸ਼ੋਕੀ ਡੌਨ ਨੇ ਸੈਕਲਾਂ ਚੋਰੀ ਕਰਨੀਆਂ ਸ਼ੁੁਰੂ ਕੀਤੀਆਂ। ਸਾਇਕਲ ਚੁੱਕਣੀ। ਸਾਇਕਲ ਚੁੱਕ ਕੇ ਘਰ ਲੈ ਆਣੀ ਤੇ ਉਹਨੂੰ ਪੁਰਜਾ-ਪੁਰਜਾ ਕਰ ਕੇ ਕੁਆੜ 'ਚ ਵੇਚ ਦੇਣਾ, ਮਲੰਗੀ ਨੇ ਵੇਚਣੀ। ਮਲੰਗੀ ਨੇ ਪਾਈਏ ਜੋਗਾ ਜੁਗਾੜ ਲਾ ਲੈਣਾ। ਹੌਲੀ-ਹੌਲੀ ਮਲੰਗੀ ਬੁੱਢਾ ਹੁੰਦਾ ਗਿਆ, ਸ਼ੋਕੀ ਡੌਨ ਵੱਡਾ ਹੁੰਦਾ ਗਿਆ। ਸ਼ੋਕੀ ਡੌਨ, ਮਤਲਬ ਕੀ ਤਾਲੇ ਖੋਲ੍ਹਣ ਦਾ ਮਾਸਟਰ ਹੋ ਗਿਆ। ਉਹਨੇ ਆਪਣੀ ਭੈਣ ਨੂੰ ਪੁੱਛਿਆ, ਉਹ ਉਹਦੇ ਹਾਣ ਦੀ ਸੀ, ਉਹਨੇ ਪੁੱਛਿਆ ਇਹ ਜਿਹੜਾ ਮੇਰਾ ਭਰਾ ਐ, ਇਹ ਕੀ ਕਰਦਾ? ਉਹਨੇ ਕਿਹਾ ਇਹ ਜੇਬ੍ਹ ਕੱਟਣ ਜਾਂਦੈ, ਇਹ ਮਿਸਤਰੀ ਐ। ਉਹਨੂੰ ਮਿਸਤਰੀ ਬੋਲਦੇ ਸੀ। ਮਤਲਬ ਜੇਬ ਕਤਰੇ ਨੂੰ ਅਲੱਗ-ਅਲੱਗ ਜਗ੍ਹਾ 'ਤੇ ਮਿਸਤਰੀ ਕਹਿੰਦੇ ਨੇ। ਉਹਨੇ ਕਿਹਾ ਜੇਬਾਂ ਕਿੱਦਾਂ ਕੱਟਦੇ ਆ? ਉਹਨੇ ਕਿਹਾ ਇਹ ਕਿਹੜੇ ਕੰਮਾਂ 'ਚੋਂ ਕੰਮ ਆ, ਇੰਝ ਕੱਟਦੇ ਆ। ਉਹਨੇ ਓਸ ਚੀਜ਼ ਤੋਂ, ਭੈਣ ਤੋਂ ਸਿਰ ਦੇ ਵਾਲਾਂ ਦੀ ਸੂਈ ਲੈ ਕੇ ਤਾਲੇ ਖੋਲ੍ਹਣ ਦੀ ਜਾਚ ਸਿੱਖੀ। ਸ਼ੋਕੀ ਡੌਨ ਬਾਰੇ ਕਹਾਵਤ ਵੀ ਹੋ ਗਈ। ਸਾਲ ਦੋ ਸਾਲ। ਪਰ ਇਹਨੇ ਕੱਪੜੇ ਚੋਰੀ ਕੀਤੇ ਮਹੀਨਾ ਕੁ...ਫੇਰ ਜਦੋਂ ਉਹਨੇ ਜਾਣਾ ਮਲੰਗੀ ਦਾ ਸਮਾਨ ਲੈਣ ਤਾਂ ਉਦੋਂ ਉਹ ਮਲੰਗੀ ਨੂੰ ਭਾਪਾ ਕਹਿਣ ਦੀ ਥਾਂ ਮਲੰਗੀ ਕਹਿਣਾ ਈ ਸ਼ੁਰੂ ਹੋ ਗਿਆ। ਫੇਰ ਆਪਣੀ ਭੈਣ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਹੋ ਗਿਆ। ਭੈਣ ਨੂੰ ਗਾਲ੍ਹਾਂ ਕੱਢਣਾ ਸ਼ੁਰੂ ਹੋ ਗਿਆ ਤੇ ਭਰਾ ਕੋਲੋਂ ਡਰਨਾ ਸ਼ੁਰੂ ਹੋ ਗਿਆ। ਉਹਦੇ ਤੋਂ ਪਰ੍ਹੇ ਰਹਿਣਾ ਸ਼ੁਰੂ ਹੋ ਗਿਆ। ਭਰਾ ਨੇ ਜਦੋਂ ਜੇਬਾਂ ਕੱਟਣ ਜਾਣਾ ਨਾ, ਸ਼ੋਕੀ ਡੌਨ ਨੇ ਮਹੱਲੇ 'ਚ ਘੁੰਮਣਾ ਸ਼ੁਰੂ ਕਰ ਦੇਣਾ। ਸ਼ੋਕੀ ਡੌਨ ਨੂੰ ਫੇਰ ਕੁੱਤਿਆਂ ਦਾ ਸ਼ੌਕ ਪੈ ਗਿਆ। ਉਹਨੇ ਫਿਰ ਕੁੱਤੇ ਚੁੱਕਣੇ ਸ਼ੁਰੂ ਕਰ ਦਿੱਤੇ। ਕੁੱਤੇ ਰੱਖ ਲਏ। ਉਹਨਾਂ ਦਿਨਾਂ 'ਚ ਪਾਲਤੂ ਕੁੱਤੇ ਘੱਟੇ ਹੁੰਦੇ ਸਨ। ਉਹਨੇ ਚੁੱਕ ਕੇ ਲਿਆ ਕੇ, ਖੁੱਲ੍ਹਾ ਤੌੜ ਸੀ ਉੱਥੇ ਛੱਡ ਦੇਣੇ। ਇੱਕ ਛੱਡਿਆ, ਦੋ ਛੱਡਿਆ, ਕੁੱਤੇ ਨੂੰ ਫੇਰ ਬੱਝਵਾਂ ਰੱਖਣਾ। ਕੁੱਤੇ ਨੂੰ ਮਤਲਬ

ਸੰਗਲੀ ਪਾ ਕੇ ਰੱਖਣਾ, ਕੁੱਤੇ ਖਤਰਨਾਕ ਹੋ ਗਏ, ਡੌਨ ਦੀ ਗੱਲ ਮੰਨਦੇ ਸੀ। ਵਿਹੜੇ 'ਚ ਛੱਡਣੇ ਸ਼ੁਰੂ ਕਰ ਦਿੱਤੇ, ਮੁਹੱਲੇ ਦੇ ਨਿਆਣੇ ਡਰਨੇ ਸ਼ੁਰੂ ਹੋ ਗਏ। ਕਿਉਂਕਿ ਡੌਨ ਈ ਉਹਨਾਂ ਨੂੰ ਰੋਟੀ ਪਾਉਂਦਾ ਸੀ, ਡੌਨ ਈ ਉਹਨਾਂ ਨੂੰ ਬੰਨ੍ਹਦਾ ਸੀ, ਡੌਨ ਈ ਖੋਲ੍ਹਦਾ ਸੀ। ਡੌਨ ਤੋਂ ਇਲਾਵਾ ਹਰ ਇੱਕ ਨੂੰ ਪੈਂਦੇ ਸੀ ਕੁੱਤੇ। ਪਹਿਲਾਂ ਇੱਕ ਤੇ ਫੇਰ ਉਹਨੇ ਦੋ ਕੁੱਤੇ ਰੱਖ ਲਏ। ਜਦੋਂ ਦੋ ਰੱਖ ਲਏ ਤਾਂ ਡੌਨ ਬਾਕੀ ਅਵਾਰਾ ਕੁੱਤਿਆਂ ਨੂੰ ਦੁੱਧ ਪਾਉਣਾ ਸ਼ੁਰੂ ਹੋ ਗਿਆ। ਕਦੀ-ਕਦੀ ਰੋਟੀ, ਕਦੀ-ਕਦੀ ਦੁੱਧ ਪਾਣਾ ਸ਼ੁਰੂ ਹੋ ਗਿਆ। ਫੇਰ ਡੌਨ ਸਾਈਕਲ ਚੋਰ ਤੋਂ, ਕੰਮ ਵਧ ਗਿਆ, ਫੇਰ ਉਹਨੂੰ ਲੋਹੇ ਦੀ ਸਮਝ ਆ ਗਈ। ਫੇਰ ਸਾਈਕਲ ਚੋਰੀ ਦੇ ਨਾਲ-ਨਾਲ ,ਉਹਦੇ ਮਹੁਲੱੇ 'ਚ ਇਕ ਘੋੜੀ ਦਾ ਕੰਮ ਕਰਦਾ ਸੀ, ਉਹਦੇ ਨਾਲ ਜਾਣਾ ਸ਼ੁਰੂ ਹੋ ਗਿਆ। ਵਿਆਹ ਸ਼ਾਦੀਆਂ 'ਚ ਘੋੜੀ ਆਲੇ ਨਾਲ ਜਾਣਾ ਸ਼ੁਰੂ ਹੋ ਗਿਆ। ਘੋੜੀ ਲਾਉਣ ਦਾ ਆਰਡਰ ਮਿਲ ਜਾਣਾ। ਜਾਂ ਫੇਰ ਜੇ ਕਦੇ ਦੋ ਘੋੜੀਆਂ ਦਾ ਕੰਮ ਮਿਲ ਜਾਣਾ ਤਾਂ ਡੌਨ ਨੇ ਹੈਲਪਰ ਦੇ ਤੌਰ 'ਤੇ ਘੋੜੀ 'ਤੇ ਬਹਿ ਕੇ ਉਥੇ ਚਲੇ ਜਾਣਾ, ਘੋੜੀ ਤੇ ਸਾਜ ਪਾਣਾ। ਰਾਤੀ ਲੇਟ ਆਉਣਾ। ਤੇ ਡੌਨ ਘੋੜੀ 'ਤੇ ਬੈਠਣਾ ਸਟਾਰਟ ਹੋ ਗਿਆ। ਡੌਨ ਅੱਛਾ ਰਾਈਡਰ ਹੋ ਗਿਆ ਘੋੜੀ ਦਾ। ਦਿਨਾਂ 'ਚ। ਕਿਉਂਕਿ ਸ਼ੈਤਾਨ ਤਾਂ ਉਹ ਪਹਿਲੇ ਈ ਸੀ। ਕੁੱਤਿਆਂ ਦੀ ਦਹਿਸ਼ਤ ਸੀ, ਉਹਦੇ ਏਰੀਏ 'ਚ ਕੋਈ ਵੜ ਨਹੀਂ ਸੀ ਸਕਦਾ। ਮੁਹੱਲੇ +ਚ ਨਿਆਣੇ ਉਹਦੇ ਕੋਲੋਂ ਡਰਨੇ ਸ਼ੁਰੂ ਹੋ ਗਏ। ਉਹ ਘੋੜੀ 'ਤੇ ਚੜ੍ਹਨਾ ਸ਼ੁਰੂ ਹੋ ਗਿਆ। ਭਰਾ ਉਹਦਾ ਜੇਬ ਕਤਰਾ ਸੀ। ਸੋ ਮੁਹੱਲੇ ਦੇ ਵੱਡੇ ਬੁੜੀਆਂ ਉਹਦੇ ਤੋਂ ਖ਼ੌਫ ਖਾਣਾ ਸ਼ੁਰੂ ਹੋ ਗਏ। ਤੇ ਸ਼ੋਕੀ ਡੌਨ ਨੂੰ ਲੋਹੇ ਦੀ ਸਮਝ ਆ ਗਈ। ਸ਼ੋਕੀ ਡੌਨ ਨੂੰ ਰਾਤ ਨੂੰ ਜੋ ਵੀ ਲੱਭਦਾ ਸੀ, ਰੇਹੜੀ ਲੱਗੀ ਆ ਜੂਸ ਦੀ, ਨਟ ਖੋਲ੍ਹ, ਕੁਛ ਕਰ, ਜਿੰਨਾ ਵੀ ਲੋਹਾ ਲੱਭੇ, ਰਿਕਸ਼ਾ ਕਿਸੇ ਦਾ ਬੱਝਾ ਐ, ਉਹਦੇ ਨਟ ਖੋਲ੍ਹ, ਉਹਨੂੰ ਰਿਕਸ਼ੇ ਦੇ ਚੱਕੇ ਖੋਲ੍ਹਣ ਦੀ ਸਮਝ ਆ ਗਈ। ਐਂ ਲੋਹਾ ਵੇਚਣ ਦੀ ਵੀ ਸਮਝ ਲੱਗ ਗਈ। ਤੇ ਕੁਆੜੀਏ, ਉਹਨੂੰ, ਕੁਆੜੀਏ ਆਮ ਤੌਰ 'ਤੇ ਚੋਰ ਈ ਹੁੰਦੇ ਆ, ਲੱਭਣੇ ਸ਼ੁਰੂ ਹੋ ਗਏ। ਇਉਂ ਸ਼ੋਕੀ ਡੌਨ ਹੌਲੀ-ਹੌਲੀ ਪੱਕਾ ਚੋਰ ਬਣ ਗਿਆ। ਜਦੋਂ ਚੋਰ ਬਣ ਗਿਆ, ਤਾਂ ਪੁਲਿਸ ਉਹਨਾਂ ਦਿਨਾਂ 'ਚ ਹਿਊਮਨ ਰਾਈਟਸ ਕਿੱਥੇ ਹੁੰਦੇ ਸੀ। ਤਾਂ ਪੁਲਸ ਨੇ ਸ਼ੋਕੀ ਡੌਨ ਨੂੰ ਦੋ, ਚਾਰ, ਪੰਜ, ਸੱਤ, ਦਸ ਵਾਰੀ ਹਲਕਾ-ਹਲਕਾ ਕੁੱਟਮਾਰ ਸ਼ੁਰੂ ਕਰ ਦਿੱਤੀ। ਜਦੋਂ ਸ਼ੋਕੀ ਡੌਨ ਨੂੰ ਕੁੱਟਿਆ, ਚੋਰੀ ਦਾ ਮਾਲ, ਖਾਣਾ ਪੀਣਾ, ਭੈਣ ਬਹੁਤ ਵਿਗੜ ਗਈ ਸੀ। ਜਿਹੜਾ ਮਿਸਤਰੀ ਸੀ, ਉਹ ਵੀ ਸ਼ੋਕੀ ਡੌਨ ਤੋੋਂ ਡਰਨ ਲੱਗ ਪਿਆ। ਸ਼ੋਕੀ ਡੌਨ ਦੇ ਗੰੁਂਡੇ ਯਾਰ ਬਣ ਗਏ। ਯਾਰ ਬਣ ਗਏ ਦੋ, ਚਾਰ, ਪੰਜ। ਸ਼ੋਕੀ ਡੌਨ ਉਹਨਾਂ 'ਚੋਂ ਸਿਆਣਾ ਸੀ। ਉਹਨਾਂ ਨੂੰ ਘਰ ਨਹੀਂ ਵਾੜਦਾ ਸੀ। ਸ਼ੋਕੀ ਡੌਨ ਉੱਚਾ ਲੰਬਾ ਹੋ ਗਿਆ ਤੇ ਸ਼ਾਮੀ...। ਉਹਨੂੰ ਪਤਾ ਲੱਗ ਗਿਆ ਕਿ ਤਾਕਤ ਦੀ ਬਹੁਤ ਵੈਲਯੂ ਆ। ਉਹ ਸ਼ਾਮੀ ਚਿੰਤਪੁਰਨੀ ਮੰਦਰ ਖਾੜੇ ਜਾ ਕੇ ਅੱਧਾ ਘੰਟਾ ਡੰਬਲ ਫੇਰਨ ਲੱਗ ਪਿਆ। ਡੰਡ ਕੱਢਣ ਲੱਗ ਪਿਆ। ਲਟਕਣ ਲੱਗ ਪਿਆ। ਤੇ ਮਾੜੇ ਮੋਟੇ ਨਾ ਕਵਾਲੀਆਂ ਸੁਣਨ ਦੇ ਚੱਕਰ 'ਚ ਪੈ ਗਿਆ। ਦਰਗਾਹਾਂ 'ਤੇ ਬਹਿਣਾ ਸ਼ੁਰੂ ਹੋ ਗਿਆ। ਚਰਸ ਕਿੱਧਰੋਂ ਆਂਦੀ, ਕਿਧਰ ਜਾਂਦੀ ਇਹ ਸ਼ੁਰੂ ਹੋ ਗਿਆ। ਜਦੋਂ ਚਰਸ ਕਿਧਰ ਜਾਂਦੀ ਕਿੱਧਰੋਂ ਆਉਂਦੀ ਵਾਲਾ ਮਾਮਲਾ ਸ਼ੁਰੂ ਹੋ ਗਿਆ, ਤਾਂ ਸ਼ੋਕੀ ਡੌਨ ਦੇ ਡੌਲੇ ਵੀ ਹੈਗੇ ਸੀ, ਦਲੇਰ ਵੀ ਹੈਗਾ ਸੀ, ਪੁਲਿਸ ਦੀ ਕੁੱਟ ਵੀ ਖਾ ਚੁੱਕਾ ਸੀ। ਫੇਰ ਉਹ ਜਿਹੜੇ ਚਰਸ ਵੇਚਦੇ ਸੀ ਆ, ਸਮਗਲਰ , ਉਹਨਾਂ ਨੂੰ ਕੁੱਟਣਾ ਸ਼ੁਰੂ ਹੋ ਗਿਆ। ਜਿਥੇ ਵੇਚਦੇ ਸੀ ਆ, ਉਹ ਫੇਰ ਸ਼ੋਕੀ ਡੌਨ ਕੱਲੇ ਨਾ ਕੱਲਾ ਉਹਨਾਂ ਨੂੰ ਕੁੱਟ ਦਿੰਦਾ ਸੀ। ਸ਼ੋਕੀ ਡੌਨ ਕੋਲ ਫੇਰ ਲੋਹੇ ਦਾ ਮੁੱਕਾ ਤੇ ਚਾਕੂ ਆ ਗਏ। ਉਹਨੂੰ ਕਹਿੰਦੇ ਸੈਡ ਗੋਨਾ, ਮਤਲਬ ਸਾਈਡ 'ਤੇ ਲਾ ਲੈਣਾ, ਛੁਰੀ ਰੱਖ ਦੇਣੀ, ਤੇ ਸਮਮਗਲਰਾਂ ਤੋਂ ਪੈਸੇ ਖੋਹ ਲੈਣੇ। ਉਹ ਦੋ, ਚਾਰ, ਪੰਜ, ਸੱਤ ਪੁਰਾਣੇ ਜਿਹੜੇ ਸਮਗਲਰ ਚਰਸ ਵੇਚਦੇ ਸੀ, ਸ਼ੋਕੀ ਡੌਨ ਨੂੰ ਫੇਰ ਉਹਨਾਂ ਤੋਂ ਹਫਤਾ ਆਉਣਾ ਸ਼ੁਰੂ ਹੋ ਗਿਆ। ਫੇਰ ਜਿਹੜੇ ਬਸਤੀਆਂ 'ਚ, ਚੌਰਾਹਿਆਂ 'ਚ, ਗਲੀਆਂ 'ਚ ਜੂਆ ਖੇਡਦੇ ਸੀ, ਸ਼ਹਿਰ ਦੇ ਕਿਸੇ ਵੀ ਕੋਨੇ 'ਚ, ਜਿੱਥੇ ਵੀ ਹੁੰਦੇ ਸੀ, ਡੌਨ ਨੂੰ ਜੂਏ ਦਾ ਸ਼ੌਕ ਸੀ, ਉਹ ਖੇਡਣ ਜਾਂਦਾ ਸੀ, ਉਹ ਜਿੱਥੇ ਵੀ ਜਾਂਦਾ ਸੀ ਤਾਂ ਜੂਆ ਖੇਡਣ

ਵਾਲੇ ਉਥੋਂ ਦੌੜ ਜਾਂਦੇ ਸੀ। ਉਹ ਕਹਿੰਦੇ ਕਿ ਡੌਨ ਆ ਗਿਆ। ਇਉਂ ਉਹ ਪੂਰੇ ਇਲਾਕੇ 'ਚ ਮਸ਼ਹੂਰ ਹੋ ਗਿਆ। ਪੁਲਸ ਵੀ ਉਹਦੇ ਤੋਂ ਖੌਫ ਖਾਣ ਲੱਗੀ। ਫੇਰ ਉਹ ਦੌਰ ਆਇਆ, ਜਦੋਂ ਗੈਂਗਸਟਰ ਉੱਠਣ ਲੱਗੇ। ਸ਼ੋਕੀ ਡੌਨ ਉਹਨਾਂ ਦਾ ਪਹਿਲਾ ਹੈੱਡ ਬਣਿਆ। ਫੇਰ ਤਮਾਸ਼ਾ ਹੋਰ ਸ਼ੁਰੂ ਹੋ ਗਿਆ..।

(ਯਾਰ ਛੱਡੋ ਪਰ੍ਹੇ। ਇਹ ਕਹਾਣੀ ਇੱਥੇ ਈ ਰੋਕੋ। ਅਸੀਂ ਗੈਂਗਸਟਰਾਂ ਦੀ ਗਲੋਰੀਫਿਕੇਸ਼ਨ ਨਹੀਂ ਕਰਨੀ। ਪਹਿਲਾਂ ਈ ਮੁੰਡੇ-ਖੁੰਡੇ ਇਹਨਾਂ ਨੂੰ ਆਪਣੇ ਹੀਰੋ ਸਮਝਣ ਲੱਗੇ ਆ। ਕਾਰਣ ਉਹਦੇ ਭਾਵੇਂ ਹੋਰ ਨੇ, ਪਰ ਆਪਾਂ ਫੇਰ ਵੀ ਐਸ ਪਾਸੇ ਨਹੀਂ ਤੁਰਨਾ। ਜਿੰਨਾ ਹੋ ਸਕੇ ਬਚਣ ਦਿਓ। ਪਰ ਸਿਰਫ ਇੱਕ ਗੱਲ ਐਸ ਕਹਾਣੀ ਦੇ ਅਖੀਰ 'ਚ ਜਿਹੜੀ ਆਈ ਉਹ ਬਹੁਤ ਮਹੱਤਵਪੂਰਨ ਹੈ ਕਿ ਸ਼ੋਕੀ ਡੌਨ ਜਦੋਂ ਤੱਕ ਰਿਹਾ ਪੁਲਸ ਨਾਲ ਖਹਿਬੜਦਾ ਰਿਹਾ। ਮਾਰ ਵੀ ਬੜਾ ਖਾਧੀ। ਪਰ ਹੁਣ ਦੁੱਖ ਦੀ ਗੱਲ ਇਹ ਹੈ ਕਿ ਜਿਹੜੇ ਉਹਦੇ ਚੇਲੇ-ਚਾਟੜੇ ਨੇ, ਉਹ ਪੁਲਸ ਦੇ ਟਾਊਟ ਨੇ।)

***********

ਕੁੱਝ ਬੇਜੋੜ ਪੈਰ੍ਹੇ

(ਇਹ ਲੇਖਕ ਦੀਆਂ ਮਨਬਚਨੀਆਂ ਨੇ ਜਾਂ ਫਿਰ ਉਹ ਕੁਮੈਂਟਸ, ਜਿਹੜੇ ਉਹ ਆਪਣੀ ਫੇਸਬੁੱਕ ਉੱਤੇ ਬੀਬੀਆਂ ਜਾਂ ਬੰਦਿਆਂ ਦੀਆਂ ਗਜ਼ਲਾਂ ਬਾਰੇ ਜਾਂ ਫਿਰ ਉਹਨਾਂ ਦੀਆਂ ਪੋਸਟਾਂ ਉੱਤੇ ਪਾਉਂਦਾ ਹੈ। ਉਹਦਾ ਚਿੰਤਨ ਤੇ ਸਿਰਜਣਾ ਇੱਕੋ ਥਾਂ ਤੁਸੀਂ ਦੇਖ-ਸਮਝ ਸਕਦੇ ਹੋ। ਉਹਦੇ ਮਨ ਦੀ ਤਹਿ ਤੱਕ ਪਹੁੰਚਣ ਲਈ ਬਹੁਤ ਜ਼ਰੂਰੀ ਨੇ।)

* ਪੱਛਮ 'ਚ ਮਚਦੇ ਸਿਵੇ ਦੇ ਸਿਰ੍ਹਾਣਿਓਂ ਉਦੋਂ ਇੱਕ ਚੀਕ ਉੱਠੀ ਸੀ, ਐਸ ਸ਼ਹਿਰ ਦੇ ਪੂਰਬੀ ਪਾਸੇ ਦੇ ਇੱਕ ਨੌਜਵਾਨ ਦੀ ਬੱਖੀ 'ਚੋਂ। ਕੈਂਸਰ ਪੀੜਿਤ ਪਿਓ ਦੀ ਮੌਤ ਤੋਂ ਬਾਦ, ਪੈਰਾਲਾਈਜ਼ਡ ਮਾਂ ਦੇ ਮੂੰਹ 'ਚੋਂ ਵਗਦੀਆਂ ਰਾਲ਼ਾ ਤੇ ਉਮਰ ਦਰਾਜ਼ ਹੋ ਰਹੀਆਂ ਭੈਣਾ ਦੇ ਬੋਝ ਦੀ ਅਕਹਿ ਪੀੜ 'ਚੋਂ ਉੱਠੀ ਚੀਕ, ਸ਼ਹਿਰ ਦੇ ਚਾਰੇ ਕੋਨੇ ਚੀਰ ਗਈ ਸੀ। ਉਹੀ ਚੀਕ ਹੁਣ ਵੀ ਮੇਰੇ ਖਾਬਾਂ 'ਚ ਕਿਤੇ ਜਾਗਦੀ ਹੈ।

* ਆਪਾਂ ਕੁੱਝ ਪਾਤਰ ਅਜਿਹੇ ਵੀ ਲੈਣੇ ਨੇ, ਜਿਹੜੇ ਬੈਠੇ-ਬੈਠੇ ਬੇਗਾਨਗੀ 'ਚ ਚਲੇ ਜਾਣਗੇ। ਹੁਣੇ ਤਾਂ ਭਾਬੀ ਠੀਕ ਸੀ, ਗੱਲਾਂ ਵੀ ਚੰਗੀਆਂ ਕਰ ਰਹੀ ਸੀ, ਹੁਣੇ ਇਹ ਲੰਮੀ ਪੈ ਗਈ ਏ, ਪਾਸਾ ਵੱਟ ਕੇ! ਇਹਨੂੰ ਇੱਕਦਮ ਕੀ ਹੋ ਗਿਆ? ਪਤਾ ਨਹੀਂ ਮਨ 'ਚ ਕੀ ਆਇਆ? ਕਿਸੇ ਨੇ ਗੱਲ ਵੀ ਏਦਾਂ ਦੀ ਕੋਈ ਨਹੀਂ ਕੀਤੀ! ਸੋ ਅਜਿਹੇ ਪਾਤਰ ਜੋ ਕਦੇ ਵੀ, ਕਿਤੇ ਵੀ, ਬੇਗਾਨੇ। ਇਹ ਬਹੁਤ ਲਾਜ਼ਮ ਲੋਕ ਨੇ ਐਸ ਨਾਵਲ ਵਿੱਚ।

* ਇੱਕ ਪਾਤਰ ਐ ਐਸ ਸ਼ਹਿਰ ਦੀਆਂ ਭੀੜੀਆਂ ਜਿਹੀਆਂ, ਹਮਕ ਮਾਰਦੀਆਂ ਗਲੀਆਂ ਵਿੱਚ। ਨਾਮ ਹੈ- ਬਾਂਸਲ ਪੇਸਟਰ। ਉਹ ਕਿਤਾਬਾਂ ਦੇ ਫਰਮੇ ਪੇਸਟ ਕਰਦਾ ਹੈ। ਸਿਰੇ ਦਾ ਖੜੂਸ। ਕਿਸੇ ਨਾਲ ਵੀ ਸਿੱਧੇ ਮੂੰਹ ਗੱਲ ਨਹੀਂ। ਕੰਮ ਦਾ ਪੂਰਾ ਮਾਹਰ। ਜਾਹ ਤਾਂ ਕਦੇ ਕਿਸੇ ਨੇ ਉਲਾਂਭਾ ਦਿੱਤਾ ਹੋਵੇ। ਮੇਰੇ ਨਾਲ ਬਣਦੀ ਹੈ। ਗੱਲਾਂ ਕਰਨ ਲੱਗ ਜਾਊ, '' ਕਿਹਦੀ ਸਰਕਾਰ ਬਣਾ ਰਹੇ ਓ? ਮੈਂ ਤੁਹਾਨੂੰ ਦੱਸਿਆ ਸੀ ਨਾ ਕਿ ਐਸ ਵਾਰ ਭਾਜਪਾ ਹੀ ਆਊ? ਪਰ ਹੁਣ ਉਹ ਵਕਤ ਨਹੀਂ, ਸਿਆਸਤ ਵੀ ਨਹੀਂ। ਭਾਈ ਸਾਹਬ ਅਸੀਂ ਜਿਸ ਵਕਤ ਆਰਐੱਸਐੱਸ ਨਾਲ ਕੰਮ ਕਰਦੇ ਸੀ, ਨੇਤਾ ਹੁੰਦੇ ਸੀ ਵੱਡੇ ਕੱਦ ਦੇ। ਅਟਲ ਬਿਹਾਰੀ ਵਾਜਪਾਈ ਮੇਰੇ ਘਰ ਆਇਐ। ਉਹ ਨੇਤਾ ਸਨ। ਫਿਰ ਬਾਬਰੀ ਮਸਜਿਦ ਵਾਲੇ ਮਾਮਲੇ ਵਿੱਚ ਮੇਰੀ ਡਿਊਟੀ ਹਿਊਮਨ ਬੰਬ ਬਨਣ ਦੀ ਸੀ। ਅਸੀਂ ਕਮਜ਼ੋਰੀ ਨਹੀਂ ਦਿਖਾਈ। ਮਾਹੌਲ ਸਾਜ਼ਗਾਰ ਨਹੀਂ ਸੀ, ਨਹੀਂ ਕਰ ਸਕੇ

ਐਕਸ਼ਨ। ਗ੍ਰਿਫਤਾਰ ਵੀ ਹੋਏ। ਪਰ ਕਹਿਣ ਤੋਂ ਮੇਰੇ ਭਾਵ ਇਹ ਹੈ ਕਿ ਅਸੀਂ ਹਿੰਦੂਵਾਦ ਲਈ ਸਮਰਪਿਤ ਸਾਂ। ਹੁਣ ਤਾਂ ਗਾਂਡੂ ਲੋਕ ਨੇਤਾ ਬਣੇ ਹੋਏ ਨੇ। (ਆਪਾਂ ਐਸ ਪਾਤਰ ਨੂੰ ਵੀ ਐਸ ਨਾਵਲ ਦਾ ਹਿੱਸਾ ਬਨਾਉਣਾ ਹੈ। ਇਹਨੂੰ ਆਈਸੋਲੇਸ਼ਨ 'ਚ ਨਹੀਂ ਰਹਿਣ ਦੇਣਾ। ਫਿਰ ਐਸੇ ਬਹਾਨੇ ਬਾਬਰੀ ਮਸਜਿਦ ਵਾਲਾ ਮਾਮਲਾ ਸਾਡੇ ਐਸ ਸ਼ਹਿਰ ਨਾਲ ਵੀ ਜੁੜ ਜਾਵੇਗਾ। ਇਹ ਦੇਸ਼ ਦੀ ਸਿਆਸਤ ਤੋਂ ਕਿਉਂ ਪਰ੍ਹੇ ਰਹੇ। ਇੰਝ ਹੁੰਦਾ ਈ ਨਹੀਂ ਭਾਊ। ਕੋਈ ਵੀ ਵਰਤਾਰਾ ਆਈਸੋਲੇਸ਼ਨ 'ਚ ਨਹੀਂ ਹੁੰਦਾ।)

* ਲੋਕ ਭੱਜੇ ਜਾ ਰਹੇ ਨੇ, ਬੇਤਹਾਸ਼ਾ, ਪਰ ਗਤੀਹੀਣ! ਕੋਈ ਗਤੀ ਨਹੀਂ ਹੈ। ਭੱਜੇ ਜਾ ਰਹੇ ਨੇ, ਬੱਸ। ਭੱਜਣਾ ਗਤੀ ਨਹੀਂ ਹੁੰਦਾ। ਐਸ ਨਾਵਲ ਵਿੱਚ ਵੀ ਜਿੰਨੇ ਵੱਧ ਭੱਜਦੇ ਲੋਕ ਦਿਖਾਈ ਦੇਣਗੇ, ਓਨੇ ਵੱਧ ਖੜੋਤ ਦੇ ਸ਼ਿਕਾਰ। ਜੰਮੇ ਹੋਏ, ਸਿੱਲ਼ ਪੱਥਰ। ਉਹਨਾਂ ਨੂੰ ਲੱਗੇਗਾ ਕਿ ਉਹ ਭੱਜ ਰਹੇ ਨੇ। ਇੱਕ ਥਾਂ ਤੋਂ ਦੂਸਰੀ ਥਾਂ ਜਾ ਰਹੇ ਨੇ। ਪਰ ਨਹੀਂ, ਉਹ ਤਾਂ ਉੱਥੇ ਈ ਖੜ੍ਹੇ ਨੇ, ਬੇਹਰਕਤ। ਤੁਸੀਂ ਗਹੁ ਨਾਲ ਵਾਚੋ ਤਾਂ ਸਹੀ ਇਹਨਾਂ ਨੂੰ। ਇਹ ਦਹਾਕਿਆਂ ਤੋਂ ਇੱਥੇ ਈ ਖੜੇ ਨੇ। ਹਾਲਾਕਿ ਮੈਂ ਦੇਖਿਐ ਦਰਖਤ ਸਾਰੇ ਕਿਸੇ ਨਾ ਕਿਸੇ ਦਿਸ਼ਾ ਵੱਲ ਗਤੀਸ਼ੀਲ ਨੇ। ਉਹ ਜਾ ਰਹੇ ਨੇ ਕਿਤੇ। ਉਹ ਦਿਸ਼ਾਹੀਣ ਵੀ ਨਹੀਂ। ਉਹਨਾਂ ਨੂੰ ਆਪਣੀ ਦਿਸ਼ਾ ਦੀ ਸਮਝ ਹੈ। ਸੋ ਉਹ ਲਗਾਤਾਰ ਗਤੀ 'ਚ ਨੇ। (ਆਪਾਂ ਇਹਨਾਂ ਗਤੀਹੀਣ ਪਾਤਰਾਂ ਦਾ ਵੀ ਧਿਆਨ ਰੱਖਣਾ ਹੈ, ਕਿਉਂਕਿ ਇਹਨਾਂ ਬਿਨਾਂ ਵੀ ਗਤੀ ਨਹੀਂ ਹੁੰਦੀ ਕਿਸੇ ਸਮਾਜ ਦੀ। )

* ਇਹ ਤਿੰਨੇ ਸ਼ੇਅਰ ਹੀ ਆਪਸ 'ਚ ਮੋਤੀਆਂ ਵਾਂਗ ਪਿਰੋਏ ਹੋਏ ਨੇ। ਕੰਨਟੈਂਟ ਦੇ ਪੱਖ ਤੋਂ। ਖਿਆਲ ਦੇ ਪੱਖ ਤੋਂ। ਪਹਿਲਾ ਸ਼ੇਅਰ ਇੱਕ ਕਨਸੋਅ ਦੇ ਰਿਹਾ ਹੈ ਕਿ ਖ਼ਿਜ਼ਾਂ ਨੇ ਸਾਹਵੇਂ, ਪਰ ਇਹ ਬਹਾਰ ਦੱਸ ਰਹੀ ਹੈ, ਕੋਈ ਮਿਲਨ ਦੱਸ ਰਿਹਾ ਹੈ ਕਿ ਅੱਗੇ ਜੁਦਾਈ ਹੈ। ਮਿਲਨ ਦਾ ਅਗਲਾ ਪੜਾਅ ਜੁਦਾਈ ਹੀ ਹੈ। ਸੰਯੋਗ ਤੇ ਵਿਯੋਗ। ਹੁਣ ਜੇ ਵਿਯੋਗ ਹੈ ਤਾਂ ਇੱਕ ਭਰਮ ਹੈ, ਇੱਕ ਕੋਸਾ ਚੁੰਮਣ ਹੈ ਜੋ ਭੁਲਾਵਾ ਹੈ, ਕਿਸੇ ਜ਼ਖਮ 'ਤੇ, ਜੋ ਕਿਸੇ ਨੇ ਲਿਆ ਵੀ ਹੈ ਕਿ ਨਹੀਂ। ਔਰ ਐਸ ਸਾਰੇ ਵਰਤਾਰੇ ਦੇ ਪਿਛੋਕੜ 'ਚ ਜੋ ਪਿਆ ਹੈ, ਉਹ ਵੀ ਇੱਕ ਨੁਕਤਾ ਹੀ ਹੈ, ਕੁੱਝ ਨਹੀਂ ਹੈ, ਰੀਜ਼ਨਿੰਗ ਕੋਈ ਖਾਸ ਨਹੀਂ ਹੈ, ਉਹ ਵੀ ਭਰਮ ਹੀ ਹੈ। ਕਿਸੇ ਹੋਰ ਨੂੰ ਪੈ ਗਿਆ ਹੈ। ਹੱਥ ਹਿਲਾਉਣਾ ਇੱਕ ਭਰਮ ਹੋ ਗਿਆ ਤੇ ਸੰਯੋਗ ਜੋ ਹੈ ਵਿਯੋਗ 'ਚ ਰੁਪਾਂਤਰਿਤ ਹੋ ਗਿਆ। ਇਹ ਰੁਪਾਂਤਰਿਤ ਹੋਣਾ ਹੀ ਸ਼ਾਇਰੀ ਹੈ। ਸੰਯੋਗ ਦਾ ਵਿਯੋਗ 'ਚ ਰੁਪਾਂਤਰਿਤ ਹੋਣਾ ਹੀ ਸ਼ਾਇਰੀ ਹੈ।

* ਇੱਥੇ ਮੁਕਤੀ ਅਭੇਦ ਦੇ ਭੇਦ ਦੀ ਹੈ। ਕਾਇਆ ਅਭੇਦ ਹੈ, ਕੁਦਰਤ ਹੈ। ਸਾਰਾ ਮੈਟਾਫਰ ਜੋ ਹੈ, ਉਹ ਕੁਦਰਤ 'ਚੋਂ ਆ ਰਿਹਾ ਹੈ। ਸਮਝਣ ਵਾਲੀ ਗੱਲ ਹੈ। ਕਾਇਆ ਕਿਸੇ ਰਹੱਸ ਦੇ ਭੁਚਲਾਵੇ 'ਚ ਹੈ। ਕਿਸੇ ਹਨ੍ਹੇਰ ਕਿਨਾਰੇ ਖੜੀ ਹੈ, ਪਰ ਕਾਇਆ ਅੰਦਰ ਇੱਕ ਜਗਿਆਸਾ ਹੈ। ਓਸਦੇ ਹੱਥ ਦਾ ਕਾਸਾ ਜੋ ਹੈ, ਉਹ ਕਿਸੇ ਖੈਰਾਤ ਲਈ ਨਹੀਂ ਹੈ। ਭੀਖ ਲਈ ਨਹੀਂ ਹੈ। ਉਹ ਗਿਆਨ ਲਈ ਖੁੱਲ੍ਹਾ ਬੂਹਾ ਹੈ। ਕੁੱਝ ਚਾਹਨਾ ਹੈ, ਗਿਆਨ ਲਈ ਲਲਕ ਹੈ। ਸੋ ਜੋ ਗਿਆਨ ਹੈ, ਉਹ ਕੁਦਰਤ ਨਾਲ ਇੱਕਮਿਕਤਾ ਹੈ। ਬਹੁਤ ਹੀ ਸੂਖਮ ਢੰਗ ਨਾਲ ਤੁਸੀਂ ਓਸ ਸੂਖਮ ਤੱਤ ਨੂੰ ਸਮਝਣ ਦਾ ਯਤਨ ਕਰ ਰਹੇ ਹੋ। ਕਾਇਆ ਨੂੰ ਮੁਕਤ ਨਹੀਂ ਕਰ ਰਹੇ, ਓਸਨੂੰ ਅਭੇਦ ਦੇ ਭੇਦ 'ਚ ਸਮਾਅ ਜਾਣ ਲਈ ਕਹਿ ਰਹੇ ਹੋ। ਕੁਦਰਤ ਬਾਰੇ ਲਿਖਣਾ ਬਹੁਤ ਮੁਸ਼ਕਿਲ ਹੁੰਦਾ ਹੈ। ਸਤਿਗੁਰ ਨਾਨਕ ਦੇਵ ਜੀ ਨੇ ਲਿਖਿਆ ਹੀ ਕੁਦਰਤ ਬਾਰੇ ਹੈ।

* ਵਾਹ ਯਾਰ, ਬਹੁਤ ਖੂਬ। ਇੱਥੇ ਘਰ ਵੀ ਜਿਸਮ 'ਚ ਤਬਦੀਲ ਹੋ ਗਿਆ। ਖੁਦ ਦੀ ਖਾਮੋਸ਼ੀ ਸੁਨਣ ਦਾ ਆਪਣਾ ਹੀ ਅਨੰਦ ਹੈ ਤੇ ਦਰਦ ਵੀ। ਕਸਕ ਵੀ। ਕਿੰਨਾ ਕੁੱਝ ਦੋ ਲਾਈਨਾਂ 'ਚ ਅਹਿਸਾਸ ਦੇ ਰੂਪ 'ਚ। ਵਾਹ ਵਾਹ!!

ਔਰ ਜੇਕਰ ਘਰ ਨੂੰ ਬਾਹਰੀ ਰੂਪ 'ਚ ਵੀ ਲੈਣਾ ਹੈ ਤਾਂ ਐਸਦੀ ਖਾਮੋਸ਼ੀ ਏਨੀ ਬੜਬੋਲੀ ਹੈ ਕਿ ਕਿਸੇ ਵੀ ਸੰਵੇਦਨਸ਼ੀਲ ਨੂੰ ਪਰੇਸ਼ਾਨ ਕਰਦੀ ਹੈ। ਐਸੇ ਲਈ ਕਿਸੇ ਦਾਰਸ਼ਨਿਕ ਨੇ ਕਿਹਾ ਕਿ ਪਰੇਮ ਤੇ ਕਲਾ ਦੇ ਸਹੀ ਮਾਇਨੇ ਕੋਈ ਕਲਾ ਸਾਧਕ ਹੀ ਜਾਣ ਸਕਦਾ ਹੈ।

* ਇਹ ਸ਼ੇਅਰ ਕਈ ਪਰਤਾਂ ਵਾਲਾ ਹੈ। ਮਲਟੀ ਡਾਇਮੈਨਸ਼ਨਲ। ਬਾਹਰੀ ਵੀ ਹੈ, ਅੰਦਰੂਨ ਵੀ। ਕਿਸੇ ਕਸਕ ਦੀ ਗਵਾਹੀ ਵੀ, ਕਿਸੇ ਅਨੰਦ ਦੀ ਕਨਸੋਅ ਵੀ। ਕੋਈ ਦਰਦ ਹੈ ਜੋ ਹੌਲਾ ਹੋਣਾ ਲਈ ਆਤੁਰ ਹੈ। ਕੋਈ ਜਬਤ ਹੈ ਜੋ ਚੀਕਣ ਵੀ ਨਹੀਂ ਦੇ ਰਿਹਾ। ਪਰ ਸ਼ਾਇਰ ਹੈ ਕਿ ਫਿਰ ਵੀ ਕਹਿ ਗਿਆ ਹੈ। ਵਾਹ ਵਾਹ!!

* ਪਰਿਜਤਾ ਨਾਮ ਦੀ ਲੜਕੀ ਸੂਰਜ ਦੇ ਪਿਆਰ 'ਚ ਪੈ ਗਈ। ਸੂਰਜ ਨੇ ਓਸਨੂੰ ਹੁੰਗਾਰਾ ਨਾ ਭਰਿਆ ਤਾਂ ਓਸਨੇ ਆਤਮ ਹੱਤਿਆ ਕਰ ਲਈ। ਓਸੇ ਲੜਕੀ ਦੀ ਰਾਖ਼ ਵਿੱਚੋਂ ਜੋ ਪੌਦਾ ਪੈਦਾ ਹੋਇਆ, ਓਸਨੂੰ ਪਰਿਜਤਾ ਦਾ ਪੌਦਾ ਕਹਿੰਦੇ ਨੇ। ਇਹਦੇ ਫੁੱਲ ਰਾਤ ਨੂੰ ਨਿਕਲਦੇ ਨੇ ਸੂਰਜ ਦੇ ਚੜ੍ਹਨ ਤੋਂ ਪਹਿਲਾਂ ਹੀ ਹੰਝੂਆਂ ਵਾਂਗ ਧਰਤੀ ਉੱਤੇ ਡਿੱਗਦੇ ਨੇ।

* ਮੈਨੂੰ ਲਗਦਾ ਕਿ ਮੁਹੱਬਤ ਬਹੁਤ ਹੀ ਮੀਨਿੰਗਲੈੱਸ ਸ਼ਬਦ ਹੈ। ਬੇਮਤਲਬ। ਕੋਈ ਅਰਥ ਨਹੀਂ ਐਸਦਾ। ਮੁਹੱਬਤ ਹੋ ਹੀ ਨਹੀਂ ਸਕਦੀ, ਕੋਈ ਨਹੀਂ ਕਰ ਸਕਦਾ ਮੁਹੱਬਤ। ਕੋਈ ਹੋ ਵੀ ਨਹੀਂ ਸਕਦਾ ਮੁਹੱਬਤ 'ਚ। ਮੈਨੂੰ ਲਗਦਾ ਮੁਹੱਬਤ ਦਾ ਮਤਲਬ ਕਿ ਤੁਸੀਂ ਆਪਾ ਮਾਰੋ ਪਹਿਲਾਂ, ਫਿਰ ਇਹ ਤਾਂ ਹਿੰਸਾ ਹੋਈ। ਭਾਵ ਕਿ ਹਿੰਸਾ ਦਾ ਦੂਸਰਾ ਪਾਸਾ, ਜਾਂ ਕਹੋ ਕਿ ਇੱਕੋ ਵੇਲੇ ਤੁਸੀਂ ਦੋਵੇਂ ਤਰ੍ਹਾਂ ਦੇ ਪ੍ਰਾਸੈਸ 'ਚੋਂ ਲੰਘ ਰਹੇ ਹੋ। ਬਲਕਿ ਤੁਸੀਂ ਇੱਕ ਪਹਿਲੂ ਰਿਜੈਕਸ਼ਨ ਦਾ ਵੀ ਨਾਲ ਲੈ ਲੈਂਦੇ ਹੋ। ਬਹੁਤ ਕੁੱਝ ਨੂੰ ਰਿਜੈਕਟ ਕਰਦੇ ਹੋ, ਸਮੇਤ ਥੋਥੀਆਂ ਪਰੰਪਰਾਵਾਂ ਦੇ। ਐਸ ਰਿਜੈਕਸ਼ਨ ਵਿੱਚ ਸੂਖਮ ਤੇ ਸਥੂਲ ਦੋਵੇਂ ਤਰ੍ਹਾਂ ਦੀ ਰਿਜੈਕਸ਼ਨ ਹੈ। ਜੇਕਰ ਤੁਸੀਂ ਰਿਜੈਕਟ ਕਰ ਰਹੇ ਹੋ, ਤਾਂ ਹੰਕਾਰ ਪੈਦਾ ਹੁੰਦਾ ਹੈ। ਵੈਸੇ ਵੀ ਮੁਹੱਬਤ ਇੱਟਸੈਲਫ ਏ 'ਹੰਗਤਾ' ਦਾ ਅਹਿਸਾਸ ਹੈ। ਤੁਸੀਂ ਹੰਕਾਰ ਦੇ ਭਾਵ ਵਿੱਚੋਂ ਲੰਘ ਰਹੇ ਹੋ। ਫਿਰ ਇਹ ਤਾਂ ਹੰਕਾਰ ਹੋ ਗਿਆ, ਮੁਹੱਬਤ ਕਿੱਥੇ ਗਈ? ਔਰ ਇਹ ਦੀਨਤਾ ਵਾਲੀ ਵੀ ਸਥਿਤੀ ਹੈ, ਐਬਨਾਰਮਲ ਵੀ ਹੈ, ਤੁਹਾਨੂੰ ਕਿਹਨੇ ਕਹਿ ਦਿੱਤਾ ਕਿ ਤੁਸੀਂ ਮਹੱਬਤ 'ਚ ਹੋ? ਆਪਣੇ ਆਪ ਨਾਲ ਈ ਗੱਲਾਂ ਕਰੀ ਜਾਣਾ ਤਾਂ ਇਕੱਲਤਾ ਦੀ ਸਿਖਰ ਹੈ। ਇਕਲਾਪੇ ਦਾ ਝੋਰਾ, ਇਹ ਮੁਹੱਬਤ ਕਿਵੇਂ ਹੋ ਗਈ। ਹਾ ਹਾ ਹਾ.. ਇਹਦੇ ਉੱਤੇ ਕਿਤਾਬ ਲਿਖੀ ਜਾ ਸਕਦੀ ਹੈ! ਹੁਣ ਮੈਂ ਈ ਕਮਲਾ ਨਾ ਹੋਜਾਂ, ਮਾਫ ਕਰੋ!!!

* ਬਹੁਤ ਹੀ ਰੌਚਕ ਨੇ ਇਹ ਲੋਕ ਕਥਾਵਾਂ। ਸਾਡੇ ਦੋਆਬੇ ਵਿੱਚ ਦਲਿਤਾਂ 'ਚ ਇੱਕ ਕਥਾ ਤੁਰਦੀ ਹੈ ਸਿੱਧ ਚਾਨੋ ਵਾਲੀ। ਉਹ ਮਹਾਭਾਰਤ ਦਾ ਪਾਤਰ ਹੈ। ਓਸਦਾ ਕ੍ਰਿਸ਼ਨ ਨਾਲ ਮੱਲ ਯੁੱਧ ਵੀ ਹੁੰਦਾ ਹੈ। ਸਿੱਧ ਚਾਨੋ ਨੂੰ ਗੁਰੂ ਰਵਿਦਾਸ ਜੀ ਦਾ ਪੂਰਵਜ ਵੀ ਮੰਨਿਆ ਜਾਂਦਾ ਹੈ। ਓਸਦੀ ਪਤਨੀ ਦਾ ਨਾਮ ਵੀ ਲੂਣਾ ਹੀ ਸੀ। ਓਸਦੀ ਕਥਾ ਇਹ ਹੈ ਕਿ ਜਦੋਂ ਮੱਲ ਯੁੱਧ ਵਿੱਚ ਕ੍ਰਿਸ਼ਨ ਸਿੱਧ ਚਾਨੋ ਨੂੰ ਨਹੀਂ ਹਰਾ ਪਾਉਂਦੇ ਤਾਂ ਉਹ ਛਲ ਨਾਲ ਓਸਦੀ ਪਤਨੀ ਲੂਣਾ ਨੂੰ ਆਪਣੇ ਵੱਸ ਕਰ ਲੈਂਦੇ ਨੇ। ਓਸਨੂੰ ਕਹਿੰਦੇ ਨੇ ਕਿ ਜਦੋਂ ਮੱਲ ਯੁੱਧ ਚੱਲ ਰਿਹਾ ਹੋਵੇ ਤਾਂ ਉਹ ਚਾਨੋ ਨੂੰ ਕਹੇ ਕਿ ਤੇਰਾ ਪੁੱਤਰ ਮਾਰਿਆ ਗਿਆ ਹੈ। ਉਹ ਇਵੇਂ ਹੀ ਕਰਦੀ ਹੈ ਤੇ ਚਾਨੋ ਦੀ ਸ਼ਕਤੀ-ਬਿਰਤੀ ਭੰਗ ਹੋ ਜਾਂਦੀ ਹੈ। ਏਨੀ ਦੇਰ ਨੂੰ ਕ੍ਰਿਸ਼ਨ ਓਸਨੂੰ ਹਰਾ ਦਿੰਦੇ ਨੇ। ਚਾਨੋ ਨੂੰ ਪਤਾ ਲੱਗਦਾ ਹੈ ਤਾਂ ਉਹ ਨਮੋਸ਼ੀ ਦਾ ਮਾਰਿਆ ਪਤਾ ਨਹੀਂ ਕਿਹੜੇ ਜੰਗਲਾਂ ਨੂੰ ਨਿਕਲ ਤੁਰਦਾ ਹੈ। ਅੱਜ ਤੱਕ ਨਹੀਂ ਉਹਦਾ ਪਤਾ ਲੱਗਾ ਕਿ ਉਹ ਕਿੱਧਰ ਚਲਾ ਗਿਆ।

ਨਾਥਾਂ ਦੀਆਂ ਜੜ੍ਹਾਂ ਬੁੱਧ ਚਿੰਤਨ 'ਚ ਪਈਆਂ ਨੇ। ਬੁੱਧਇਜ਼ਮ ਦੀਆਂ ਅਗਾਂਹ ਸ਼ਖਾਵਾਂ ਹੀ ਕਹੋ। ਸਾਂਖ ਦਰਸ਼ਨ। ਪਦਾਰਥਵਾਦੀ। ਨੇਚਰ ਦੀ ਡਾਇਲੈਕਟਸ ਨੂੰ ਸਮਝ ਰਹੇ ਚਿੰਤਕ। ਕੁਦਰਤ ਨਾਲ ਇੱਕਮਿੱਕ। ਕਿਸੇ ਦੋਸਤ ਨੇ ਜੈਂਡਰ ਵਾਲਾ ਮਸਲਾ ਵੀ ਛੇੜਿਆ ਹੈ। ਦੋਸਤੋ, ਬਹੁਤ ਸਾਰੀਆਂ ਔਰਤਾਂ ਵੀ ਸਿੱਧ ਸਨ। ਬਲਕਿ ਮਛੰਦਰ ਬਾਰੇ ਕਿਹਾ ਜਾਂਦਾ ਹੈ

ਕਿ ਉਹ 'ਲਲਿਤਾ-ਭੈਰਵੀ-ਅੰਬਾ' ਦੀ ਪੂਜਾ ਕਰਦੇ ਸਨ। ਯਾਜਵਲਕਯ ਨੇ ਆਪਣੀ ਪਤਨੀ ਨੂੰ ਯੋਗ ਸਿਖਿਆ ਦਿੱਤੀ। ਇੱਕ ਪੁਰਾਣ ਵਿੱਚ ਆਉਂਦਾ ਹੈ ਕਿ ਇੱਕ ਨਾਚੀ ਕੁੜੀ ਨੇ 'ਵਜ੍ਰਪਾਣੀ' ਨੂੰ ਦੇਖਿਆ ਅਤੇ ਸਮਾਧੀ ਵਿੱਚ ਚਲੇ ਗਈ। ਮਗਰੋਂ ਉਹ ਅਤੇ ਓਸਦੀਆਂ ਪੰਜ ਸੌ ਨੌਕਰਾਣੀਆਂ ਯੋਗਣਾ ਬਣੀਆਂ। ਬਹੁਤ ਖੋਜ ਕਰਨ ਵਾਲੀ ਹੈ ਅਜੇ। ਪਰ ਇਹਨਾਂ ਸਿੱਧਾਂ ਨਾਲ ਵਿਚਰਨਾ ਕਿਸੇ ਤਪ ਤੋਂ ਘੱਟ ਨਹੀਂ ਹੈ।

***********

ਤੁਮਹੇਂ ਭੂਲ ਜਾਨੇ ਕੀ ਕੋਸ਼ਿਸ਼ ਕਰੂੰਗਾ ਮੈਂ..

ਗਰ ਹੋ ਸਕੇ ਤੋ ਤੂ ਭੀ ਨਾ ਆਨਾ ਖਿਆਲ ਮੇਂ..!

ਹੈ ਤਾਂ ਪਰਦੇ ਵਾਲੀ ਗੱਲ ਈ ਪਰ ਤੁਹਾਨੂੰ ਦੱਸ ਹੀ ਦਿੰਦੇ ਹਾਂ। ਇਹ ਜੋ ਨਾਵਲ ਦੇ ਸ਼ੁਰੂ ਵਿੱਚ ਪਾਤਰ ਗੰਨੇ ਦਾ ਰਸ ਲੈਣ ਗਿਆ ਸੀ, ਉਹ ਸਾਡਾ ਲੇਖਕ ਈ ਸੀ। ਪਰ ਕਿਉਂਕਿ ਜ਼ਿੰਦਗੀ ਏਨੀ ਸਿੱਧਰੀ ਨਹੀਂ ਹੁੰਦੀ ਕਿ ਜੋ ਕੁੱਝ ਵਾਪਰਦਾ ਹੈ ਤੁਹਾਡੇ ਨਾਲ ਉਹ ਤੁਹਾਨੂੰ ਪਤਾ ਈ ਹੋਵੇ। ਬਹੁਤ ਕੁੱਝ ਉਹ ਵਾਪਰਦਾ ਹੈ ਜਿਹੜਾ ਵਾਪਰ ਤਾਂ ਰਿਹਾ ਹੁੰਦਾ ਹੈ, ਪਰ ਤੁਸੀਂ ਬੇਖਬਰ ਹੁੰਦੇ ਹੋ। ਇਹਦੇ ਨਾਲ ਜੋ ਬੇਖਬਰੀ ਵਾਲਾ ਵਾਪਰਨ ਵਾਲਾ ਹੈ, ਉਹ ਅਸੀਂ ਓਸ ਪਾਤਰ ਦੇ ਪੱਲੇ ਪਾ ਦਿੱਤਾ ਹੈ, ਤਾਂ ਕਿ ਇਹਦਾ ਭੁਲੇਖਾ ਬਣਿਆ ਰਹੇ। ਕਿਉਂਕਿ ਜ਼ਿੰਦਗੀ ਦੀ ਸੱਚਾਈ ਇਹੀ ਹੈ। ਫਿਰ ਜੇਕਰ ਅਸੀਂ ਐਸਦੇ ਨਾਮ ਉੱਤੇ ਈ ਉਹ ਸਾਰਾ ਬਿਰਤਾਂਤ ਪਾਵਾਂਗੇ, ਤਾਂ ਇਹਨੂੰ ਸਮਝਣਾ ਔਖਾ ਹੋਜੂ। ਹੁਣ ਇਹ ਦੇਖੋ ਕਿ ਜਿਹੜਾ ਹਵਨ ਹੋ ਰਿਹਾ ਹੈ ਇਹਦੇ ਘਰ ਉਹਦਾ ਕਾਰਣ ਕੁੱਝ ਹੋਰ ਹੈ। ਪਰ ਇਹਦੇ ਲਈ ਕੁੱਝ ਹੋਰ। ਇਹਦੀ ਬੀਵੀ ਨੇ ਝੂਠ ਬੋਲਿਆ ਹੈ। ਸੰਕਟ ਕੋਈ ਹੋਰ ਹੈ। ਸੰਕਟ ਜੋ ਇਹਦੇ ਕੋਲੋਂ ਓਹਲਾ ਰੱਖ ਕੇ ਕੰਮ ਕੀਤਾ ਗਿਆ ਸੀ, ਉਹਦੇ ਵਿੱਚੋਂ ਪੈਦਾ ਹੋਇਆ ਹੈ। ਹੁਣ ਇਹਨੂੰ ਨਹੀਂ ਖਬਰ ਕਿ ਇਹਦੀ ਬੀਵੀ ਦਾ ਪਾਲਣ-ਪੋਸ਼ਣ ਜੋ ਹੈ, ਉਹ ਏਨੀਆਂ ਥੁੜਾਂ ਵਿੱਚ, ਏਨੀਆਂ ਬੰਧਸ਼ਾਂ ਵਿੱਚ, ਏਨੀ ਸੰਕੀਰਣਤਾ ਵਿੱਚ ਹੋਇਆ ਹੈ ਕਿ ਉਹ ਸਾਰੀਆਂ ਕੁੰਠਾਵਾਂ ਉਹਦੇ ਵਿੱਚੋਂ ਬੋਲਦੀਆਂ ਨੇ। ਜਾਂ ਉਹ ਸਾਰੇ ਬਦਲੇ ਲੈ ਰਹੀ ਐ ਆਪਣੀ ਹੀ ਜ਼ਿੰਦਗੀ ਕੋਲੋਂ। ਉਹ ਇਹਨਾਂ ਸਾਰਿਆਂ ਨੂੰ ਕੁੱਝ ਨਹੀਂ ਕਹਿਣਾ ਚਾਹੁੰਦੀ, ਪਰ ਆਪਣੇ ਬਚਪਨ ਵਿੱਚ ਟੋਕ ਦਿੱਤੇ ਗਏ ਸਾਰੇ ਕਾਰਜ ਕਰਨਾ ਚਾਹੁੰਦੀ ਹੈ। ਕਰ ਰਹੀ ਹੈ। ਉਹਦੇ ਵਿੱਚੋਂ ਹੀ ਸੰਕਟ ਪੈਦਾ ਹੋ ਗਿਆ ਹੈ। ਸੰਕਟ ਵੀ ਬਹੁਤ ਗਹਿਰਾ ਹੈ ਤੇ ਅੱਜ ਦੇ ਸਮੇਂ ਨਾਲ ਜੁੜਿਆ ਹੋਣ ਕਰਕੇ ਉਹਦਾ ਹੱਲ ਸਿਰਫ ਡਿਪਰੈਸ਼ਨ ਵਿੱਚ ਚਲੇ ਜਾਣਾ ਹੀ ਹੈ। ਬੀਵੀ ਇਹਦੀ ਵੀ ਡਿਪਰੈਸ਼ਨ 'ਚ ਹੈ। ਉਹ ਦਿਨੋਂ ਦਿਨ ਮੋਟੀ ਹੋਈ ਜਾ ਰਹੀ ਹੈ। ਦੁੱਧ ਇਹਨਾਂ ਦੇ ਘਰ ਰੋਜ਼ ਉੱਬਲਕੇ ਬਾਹਰ ਡੁੱਲ÷ ਦਾ ਹੈ। ਇਹ ਅਪਸ਼ਗਨ ਹੈ, ਜੋ ਇਹਨਾਂ ਦੇ ਘਰ ਰੋਜ਼ ਹੁੰਦਾ ਹੈ। ਦਾਲ ਸਬਜ਼ੀ ਥੱਲੇ ਲੱਗ ਜਾਂਦੀ ਹੈ। ਉਹਦੇ ਤੋਂ ਉੱਠਿਆ ਨਹੀਂ ਜਾਂਦਾ ਸਵੇਰੇ। ਘਰ 'ਚ ਕੋਈ ਨਾ ਕੋਈ ਟੂਟੀ ਤਿੱਪ-ਤਿੱਪ ਕਰਦੀ ਹੀ ਰਹਿੰਦੀ ਹੈ, ਇਹ ਵੀ ਸਰਾਪ ਦੀ ਨਿਸ਼ਾਨੀ ਹੈ। ਜਦੋਂ ਇਹ ਪਿੰਡੋਂ ਐਸ ਘਰ ਵਿੱਚ ਆਏ ਈ ਸਨ, ਤਾਂ ਇਹਦੇ ਨਿੱਕੇ ਮੁੰਡੇ ਨੂੰ ਘਰ ਦੇ ਇੱਕ ਕਾਰਨਰ ਵਿੱਚ ਪਰਛਾਵਾਂ ਜਿਹਾ ਦਿਖਦਾ ਰਿਹਾ ਸੀ। ਕਈ ਦਿਨ ਦਿਖਦਾ ਰਿਹਾ। ਇਹ ਵੀ ਸਹਿਮ ਗਏ ਸਨ। ਬੱਚਾ ਨਿੱਕਾ ਸੀ, ਉਹਨੂੰ ਪਰਛਾਵੇਂ ਬਾਰੇ ਕੀ ਪਤਾ! ਇਹ ਆਪਣੇ ਪਿਤਾ ਦੇ ਗੁਰੂ ਕੋਲ ਬੱਚੇ ਨੂੰ ਲੈ ਕੇ ਗਏ। ਉਹਨਾਂ ਤਵੀਤ ਦਿੱਤਾ ਪਾਉਣ ਲਈ। ਫੇਰ ਕਿਤੇ ਜਾ ਕੇ ਉਹਨੂੰ ਪਰਛਾਵਾਂ ਦਿਸਣੋਂ ਹਟਿਆ।

ਫਿਰ ਇਹਨਾਂ ਦੀ ਜ਼ਿੰਦਗੀ ਰਵਾਂ-ਰਵੀਂ ਤੁਰ ਪਈ। ਨੌਕਰੀ ਵਧੀਆ ਮਿਲ ਗਈ। ਗੁਜ਼ਾਰਾ ਸੌਖਾ। ਬੱਚੇ ਪੜ੍ਹਨ ਲੱਗੇ। ਹੱਥ ਤੰਗ। ਫਿਰ ਕੁੱਝ ਦੋਸਤਾਂ ਦੀ ਮਦਦ। ਕੁੱਝ ਕੋਲੋਂ ਹੁਦਾਰ ਸੁਧਾਰ। ਫਿਰ ਬੀਵੀ ਇੱਕ ਪੀਸੀਓ 'ਤੇ ਜਾ ਲੱਗੀ। ਉੱਥੇ ਪਤਾ ਨਹੀਂ ਉਹਦੇ ਮਨ 'ਚਚ ਕੀ ਆਇਆ। ਉਹ ਪੀਸੀਓ ਚੱਲਦਾ ਈ ਮੁੰਡੇ ਕੁੜੀਆਂ ਦੇ ਸੁਨੇਹੇ ਦੇਣ ਲਈ ਸੀ। ਇੱਕ ਦਿਨ ਇਹਨੂੰ ਪਤਾ ਲੱਗ ਗਿਆ। ਬੀਵੀ ਦਾ ਉੱਥੇ ਜਾਣਾ ਬੰਦ। ਤਲਖੀ। ਫਿਰ ਉਹਨੇ ਹੋਰ ਕੰਮ ਫੜ ਲਿਆ। ਕੱਪੜੇ ਸਿਉਣ ਲੱਗੀ। ਘਰ 'ਚ ਇਹਨੇ ਫਿਰ ਸ਼ਾਂਤ ਚਿੱਤ ਰਹਿਣਾ। ਹੋਰ ਵੀ ਜੋ ਕੁੱਝ ਇਹਨਾਂ ਦੇ ਘਰ ਵਾਪਰਦਾ ਰਿਹਾ ਹੈ, ਪਿੱਛੇ ਐਸ ਨਾਵਲ ਵਿੱਚ ਜੋ ਵੀ ਤੁਸੀਂ ਪੜਿ÷ ਆ ਹੈ, ਕਿਸੇ ਵੀ ਪਾਤਰ ਦੇ ਰੂਪ ਵਿੱਚ, ਉਹ ਇਹਦੀ ਹੀ ਕਹਾਣੀ ਹੈ। ਅਸੀਂ ਸਮਾਜਿਕ ਤੇ ਆਤਮਿਕ ਸਾਰੇ ਰੂਪਾਂ ਨੂੰ ਮਿਕਸ ਕਰਕੇ ਇਹਦੀ ਕਹਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਰਹੇ ਹਾਂ। ਤੁਸੀਂ ਹੁਣ ਇਹ ਸਾਰੇ ਰੋਲ-ਘਚੋਲੇ ਨੂੰ ਸਾਫ ਕਰਕੇ ਇੱਕ ਵਾਰ ਫਿਰ ਐਸ ਨਾਵਲ ਬਾਰੇ ਸੋਚੋ। ਤੁਹਾਨੂੰ ਸਾਫ ਪਤਾ ਲੱਗ ਜਾਵੇਗਾ ਕਿ ਐਸ ਦੌਰ 'ਚ ਵਿਚਰ ਰਹੇ ਐਸ ਪਾਤਰ ਦੀ ਜ਼ਿੰਦਗੀ ਕੀ ਹੈ? ਇਹ ਸਾਰੇ ਪਾਤਰ ਜੋ ਐਸ ਨਾਵਲ ਵਿੱਚ ਪਰਵੇਸ਼ ਕੀਤੇ ਨੇ, ਐਸੇ ਦਾ ਹੀ ਪਰਤੌਅ ਨੇ। ਜਾਂ ਕਹੋ ਕਿ ਇਹ ਸਾਰੇ ਸਮਾਜ ਦਾ ਪਰਤੌਅ ਹੈ।

ਹੁਣ ਅਖੀਰ 'ਤੇ ਤੁਹਾਨੂੰ ਇੱਕ ਰਾਜ਼ ਖੋਲ੍ਹ ਹੀ ਦਿੰਦੇ ਹਾਂ, ਕਿਉਂਕਿ ਇਹਨੇ ਇਹ ਸਾਰਿਆਂ ਤੋਂ ਲੁਕਾ ਕੇ ਹੀ ਰੱਖਣਾ ਹੈ। ਉਹ ਸਾਰੇ ਜੋ ਹਵਨ ਯੱਗ ਹੁੰਦੇ ਰਹੇ ਨੇ ਇਹਦੇ ਘਰੇ, ਉਹ ਸਾਰੇ ਜੋ ਮੰਤਰ ਉਚਾਰ ਹੁੰਦੇ ਰਹੇ ਨੇ, ਧਾਗੇ, ਤਵੀਤ, ਭੰਗੜੇ, ਢੋਲ ਵੱਜਦੇ ਰਹੇ ਨੇ। ਉਹਨਾਂ ਸਾਰਿਆਂ ਦਾ ਕਾਰਣ ਜੋ ਸੀ, ਉਹ ਇਹ ਸੀ ਕਿ ਇਹਦੀ ਬੀਵੀ ਕੋਲੋਂ ਕਿਸੇ ਨੇ ਧੋਖੇ ਨਾਲ ਇਹਨਾਂ ਦਾ ਮਕਾਨ ਕਰਜ਼ੇ ਦੀ ਗਵਾਹੀ ਵਜੋਂ ਬੈਂਕ ਕੋਲ ਚਾੜ÷ ਦਿੱਤਾ ਸੀ। ਆਪ ਉਹ ਭੱਜ ਗਏ। ਬੀਵੀ ਐਸ ਸਾਰੇ ਨੂੰ ਲਕੋਂਦੀ ਰਹੀ। ਆਪ ਡਿਪਰੈਸ਼ਨ 'ਚ ਚਲੇ ਗਈ। ਬੱਚਿਆਂ ਦੀ ਸਾਰ ਨਹੀਂ। ਬੱਸ ਇਹ ਸਾਰਾ ਕੁੱਝ ਇਹਨੂੰ ਪਤਾ ਨਾ ਲੱਗੇ। ਅਖੀਰ ਅਦਾਲਤੀ ਨੋਟਿਸ ਇਹਦੇ ਹੱਥ ਲੱਗ ਗਿਆ। ਹੁਣ ਇਹਦੀ ਜੋ ਹਾਲਤ ਹੋ ਸਕਦੀ ਹੈ, ਤੁਸੀਂ ਸਾਰੇ ਸਮਾਜ ਵਿੱਚ ਅਜਿਹੇ ਵਿਅਕਤੀ ਨਾਲ ਹੋ-ਵਾਪਰ ਰਹੇ ਬਾਰੇ ਸੋਚਕੇ ਅੰਦਾਜ਼ਾ ਲਗਾ ਸਕਦੇ ਹੋ। ਹੁਣ ਹਾਲਾਤ ਇਹ ਨੇ ਕਿ ਅਦਾਲਤ ਵੱਲੋਂ ਕਿਸੇ ਵੀ ਦਿਨ ਇਹਨਾਂ ਦੇ ਘਰ ਦੀ ਨਿਲਾਮੀ ਹੋ ਸਕਦੀ ਹੈ। ਕੋਈ ਬਚਾਉਣ ਵਾਲਾ ਨਹੀਂ। ਅਜਿਹੇ ਸਮੇਂ ਬੰਦੇ ਦੀ ਮਾਨਸਿਕ ਹਾਲਤ ਜੋ ਹੁੰਦੀ ਹੈ, ਉਹਦਾ ਤੁਸੀਂ ਅੰਦਾਜ਼ਾ ਆਪੇ ਲਗਾ ਲਓ! ਅਸੀਂ ਨਾ ਦੱਸਣਾ ਚਾਹੁੰਦੇ ਹਾਂ ਤੇ ਨਾ ਹੀ ਦੱਸਣ ਦੇ ਸਮਰੱਥ ਹਾਂ।